Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Punjab Mail USA
Chief Editor: Gurjatinder Singh Randhawa

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 902, 16 to 22 Apr., 2026, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ 'ਚ 'ਬਰਥ ਟੂਰਿਜ਼ਮ' 'ਤੇ ਸਖ਼ਤੀ: ICE ਵੱਲੋਂ ਨਵੀਂ ਜਾਂਚ ਮੁਹਿੰਮ ਸ਼ੁਰੂ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਕਥਿਤ "ਬਰਥ ਟੂਰਿਜ਼ਮ" (ਬੱਚੇ ਨੂੰ ਅਮਰੀਕੀ ਨਾਗਰਿਕਤਾ ਦਿਵਾਉਣ ਦੇ ਮਕਸਦ ਨਾਲ ਅਮਰੀਕਾ ਆ ਕੇ ਜਨਮ ਦੇਣਾ) 'ਤੇ ਸਖ਼ਤੀ ਵਧਾਉਣ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਨੇ ਇੱਕ ਨਵੀਂ ਜਾਂਚ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਦਾ ਉਦੇਸ਼ ਉਨ੍ਹਾਂ ਨੈੱਟਵਰਕਾਂ ਦਾ ਪਤਾ ਲਗਾਉਣਾ ਹੈ, ਜੋ ਗਰਭਵਤੀ ਵਿਦੇਸ਼ੀ ਮਹਿਲਾਵਾਂ ਨੂੰ ਝੂਠੀ ਜਾਣਕਾਰੀ ਦੇ ਕੇ ਵੀਜ਼ਾ ਲੈਣ ਅਤੇ ਅਮਰੀਕਾ ਵਿਚ ਬੱਚੇ ਨੂੰ ਜਨਮ ਦੇਣ ਵਿਚ ਮਦਦ ਕਰਦੇ ਹਨ।

ਰਾਇਟਰਜ਼ ਵੱਲੋਂ ਵੇਖੇ ਗਏ 9 ਅਪ੍ਰੈਲ ਦੇ ਇੱਕ ਅੰਦਰੂਨੀ ਈਮੇਲ ਮੁਤਾਬਕ, ICE ਨੇ ਦੇਸ਼ ਭਰ ਦੇ ਆਪਣੇ




ਜਾਂਚ ਅਧਿਕਾਰੀਆਂ ਨੂੰ "ਬਰਥ ਟੂਰਿਜ਼ਮ ਇਨੀਸ਼ੀਏਟਿਵ" ਨਾਮ ਹੇਠ ਨਵਾਂ ਅਭਿਆਨ ਸ਼ੁਰੂ ਕਰਨ ਦੇ ਹੁਕਮ ਦਿੱਤੇ ਹਨ। ਇਸ ਮੁਹਿੰਮ ਦੀ ਅਗਵਾਈ ICE ਦੀ ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨਜ਼ (HSI) ਸ਼ਾਖਾ ਕਰੇਗੀ। ਇਸ ਪਹਿਲ ਦਾ ਮਕਸਦ ਉਨ੍ਹਾਂ ਸੰਗਠਿਤ ਨੈੱਟਵਰਕਾਂ ਨੂੰ ਬੇਨਕਾਬ ਕਰਨਾ ਹੈ, ਜੋ ਵਿਦੇਸ਼ੀ ਮਹਿਲਾਵਾਂ ਨੂੰ ਅਮਰੀਕਾ ਲਿਆ ਕੇ ਇੱਥੇ ਬੱਚੇ ਨੂੰ ਜਨਮ ਦਿਵਾਉਂਦੇ ਹਨ, ਤਾਂ ਜੋ ਉਨ੍ਹਾਂ ਦੇ ਬੱਚਿਆਂ ਨੂੰ ਅਮਰੀਕੀ ਨਾਗਰਿਕਤਾ ਮਿਲ ਸਕੇ।

ਵ੍ਹਾਈਟ ਹਾਊਸ ਦੀ ਬੁਲਾਰਣ ਐਨਾ ਕੈਲੀ ਨੇ ਕਿਹਾ ਕਿ ਬੇਰੋਕ-ਟੋਕ ਬਰਥ ਟੂਰਿਜ਼ਮ ਅਮਰੀਕੀ ਟੈਕਸਦਾਤਿਆਂ 'ਤੇ ਵੱਡਾ ਬੋਝ ਪਾਂਦਾ ਹੈ ਅਤੇ ਰਾਸ਼ਟਰੀ ਸੁਰੱਖਿਆ ਲਈ ਵੀ ਖ਼ਤਰਾ ਬਣ ਸਕਦਾ ਹੈ। ਉਨ੍ਹਾਂ ਕਿਹਾ ਕਿ ਦੁਨੀਆਂ ਦੇ ਜ਼ਿਆਦਾਤਰ ਦੇਸ਼ ਜਨਮ ਦੇ ਆਧਾਰ 'ਤੇ ਆਪਣੇ ਆਪ ਨਾਗਰਿਕਤਾ ਨਹੀਂ ਦਿੰਦੇ।

ਹਾਲਾਂਕਿ, ਅਮਰੀਕੀ ਡਿਪਾਰਟਮੈਂਟ ਆਫ ਹੋਮਲੈਂਡ ਸਿਕਿਊਰਿਟੀ (DHS) ਨੇ ਚੱਲ ਰਹੀਆਂ ਜਾਂਚਾਂ 'ਤੇ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ, ਪਰ ਇਹ ਮੰਨਿਆ ਹੈ ਕਿ ਕੁਝ ਨੈੱਟਵਰਕ ਇਸ ਤਰ੍ਹਾਂ ਦੀ ਯਾਤਰਾ ਨੂੰ ਸੁਗਮ ਬਣਾਉਂਦੇ ਹਨ। ■ **ਬਾਕੀ ਖਬਰ ਸਫਾ 15 'ਤੇ**

## ਅਮਰੀਕਾ ਵੀਜ਼ਾ ਬੁਲੇਟਿਨ ਮਈ 2026: ਪਰਿਵਾਰਕ ਵੀਜ਼ਿਆਂ 'ਚ ਹਿਲਜੁਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਦੇ ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਮਈ 2026 ਦਾ ਵੀਜ਼ਾ ਬੁਲੇਟਿਨ ਜਾਰੀ ਕੀਤਾ ਗਿਆ ਹੈ, ਜਿਸ ਵਿਚ ਪਰਿਵਾਰਕ ਵੀਜ਼ਾ ਕੈਟਾਗਰੀਆਂ ਵਿਚ ਕੁਝ ਹੱਦ ਤੱਕ ਅੱਗੇ ਵਾਧਾ ਦੇਖਣ ਨੂੰ ਮਿਲਿਆ ਹੈ। ਕਈ ਕੈਟਾਗਰੀਆਂ ਵਿਚ ਹੌਲੀ-ਹੌਲੀ ਤਰੱਕੀ ਹੋ ਰਹੀ ਹੈ, ਪਰ ਕੁਝ ਕੈਟਾਗਰੀਆਂ ਖਾਸ ਕਰਕੇ F-4 ਅਜੇ ਵੀ ਬਹੁਤ ਹੌਲੀ ਰਫਤਾਰ ਨਾਲ ਅੱਗੇ ਵੱਧ ਰਹੀਆਂ ਹਨ, ਜਿਸ ਨਾਲ ਅਰਜ਼ੀਕਾਰਾਂ ਵਿਚ ਨਿਰਾਸ਼ਾ ਵੀ ਵੇਖੀ ਜਾ ਰਹੀ ਹੈ।

ਫਾਈਨਲ ਐਕਸ਼ਨ ਡੇਟਸ ਮੁਤਾਬਕ F-1 ਕੈਟਾਗਰੀ, ਜੋ ਕਿ ਅਮਰੀਕੀ ਨਾਗਰਿਕਾਂ ਦੇ ਅਣਵਿਆਹੇ ਪੁੱਤਰ-ਧੀਆਂ ਲਈ ਹੈ, ਭਾਰਤ ਲਈ 1 ਸਤੰਬਰ 2017 ਤੱਕ ਪਹੁੰਚ ਗਈ ਹੈ। F-2A ਕੈਟਾਗਰੀ, ਜਿਸ ਵਿਚ ਗ੍ਰੀਨ ਕਾਰਡ ਹੋਲਡਰ ਦੇ ਜੀਵਨ ਸਾਥੀ ਅਤੇ 21 ਸਾਲ ਤੋਂ ਘੱਟ ਬੱਚੇ ਆਉਂਦੇ ਹਨ, ਉਹ 1

■ **F-4 ਕੈਟਾਗਰੀ ਅਜੇ ਵੀ ਸੁਸਤ - ਲੰਬੀ ਉਡੀਕ ਜਾਰੀ**




ਅਗਸਤ 2024 ਤੱਕ ਆ ਗਈ ਹੈ ਅਤੇ ਇਹ ਕੈਟਾਗਰੀ ਪਿਛਲੇ ਕੁਝ ਸਾਲਾਂ ਤੋਂ ਸਭ ਤੋਂ ਤੇਜ਼ ਗਤੀ ਨਾਲ ਅੱਗੇ ਵੱਧ ਰਹੀ ਹੈ। F-2B ਕੈਟਾਗਰੀ, ਜੋ ਕਿ 21 ਸਾਲ ਤੋਂ ਵੱਧ ਉਮਰ ਦੇ ਅਣਵਿਆਹੇ ਬੱਚਿਆਂ ਲਈ ਹੈ, ਉਹ 22 ਮਈ 2017 'ਤੇ ਚੱਲ ਰਹੀ ਹੈ।

ਇਸੇ ਤਰ੍ਹਾਂ F-3 ਕੈਟਾਗਰੀ, ਜਿਸ ਵਿਚ ਅਮਰੀਕੀ ਨਾਗਰਿਕਾਂ ਦੇ ਵਿਆਹੇ ਪੁੱਤਰ-ਧੀਆਂ ਆਉਂਦੇ ਹਨ, ਉਸ ਦੀ ਤਰੀਕ 15 ਫਰਵਰੀ 2012 ਤੱਕ ਪਹੁੰਚੀ ਹੋਈ ਹੈ। ਪਰ ਜਦੋਂ ਗੱਲ F-4 ਕੈਟਾਗਰੀ ਦੀ ਆਉਂਦੀ ਹੈ, ਜਿਸ ਵਿਚ ਅਮਰੀਕੀ ਨਾਗਰਿਕ ਆਪਣੇ ਭੈਣ-ਭਰਾਵਾਂ ਨੂੰ ਸਪਾਂਸਰ ਕਰਦੇ ਹਨ, ਤਾਂ ਇਸ ਵਿਚ ਹਾਲੇ ਵੀ 1 ਨਵੰਬਰ 2006 ਦੀ ਤਰੀਕ ਹੀ ਚੱਲ ਰਹੀ ਹੈ। ਇਹ ਦਰਸਾਉਂਦਾ ਹੈ ਕਿ ਇਸ ਕੈਟਾਗਰੀ ਵਿਚ ਲਗਭਗ 18-20 ਸਾਲ ਦੀ ਉਡੀਕ ਬਣੀ ਹੋਈ ਹੈ।


ਵੀਜ਼ਾ ਅਰਜ਼ੀਆਂ ਭਰਨ ਦੀਆਂ ਤਾਰੀਕਾਂ ਦੇ ਹਿਸਾਬ ਨਾਲ ਵੀ ਹਾਲਾਤ ਕੁਝ ਇਸੇ ਤਰ੍ਹਾਂ ਹਨ — F-1 (1 ਅਕਤੂਬਰ 2018), F-2A (Current), F-2B (1 ਜਨਵਰੀ 2018), F-3 (8 ਦਸੰਬਰ 2012) ਅਤੇ F-4 (15 ਦਸੰਬਰ 2006)। ਯੂ.ਐੱਸ.ਸੀ.ਆਈ.ਐੱਸ. ਵੱਲੋਂ ਮਈ ਮਹੀਨੇ ਲਈ ਐਡਜਸਮੈਂਟ ਆਫ ਸਟੇਟਸ ਕੇਸਾਂ ਵਿਚ Dates for Filing ਚਾਰਟ ਵਰਤਣ ਦੀ ਆਗਿਆ ਦਿੱਤੀ ਗਈ ਹੈ, ਜਿਸ ਨਾਲ ਕੁਝ ਅਰਜ਼ੀਕਾਰ ਆਪਣਾ ਅਗਲਾ ਕਦਮ ਲੈ ਸਕਦੇ ਹਨ।

## 2 ਅਮਰੀਕੀ ਕਾਂਗਰਸਮੈਨਾਂ ਵੱਲੋਂ ਅਹੁਦਿਆਂ ਤੋਂ ਅਸਤੀਫਾ ਦੇਣ ਦਾ ਐਲਾਨ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕੀ ਕਾਂਗਰਸ (ਪ੍ਰਤੀਨਿਧੀ ਸਭਾ) ਦੇ 2 ਮੈਂਬਰਾਂ ਨੇ ਜਿਨਸੀ ਸ਼ੋਸ਼ਣ ਦੇ ਗੰਭੀਰ ਦੋਸ਼ਾਂ ਅਤੇ ਸਦਨ ਵਿਚੋਂ ਕੱਢੇ ਜਾਣ ਦੇ ਖ਼ਦਸ਼ੇ ਦੇ ਚੱਲਦਿਆਂ ਆਪਣੇ ਅਹੁਦਿਆਂ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ ਹੈ। ਇਨ੍ਹਾਂ ਮੈਂਬਰਾਂ ਵਿਚ ਡੈਮੋਕ੍ਰੇਟਿਕ ਪਾਰਟੀ ਦੇ ਐਰਿਕ ਸਵੈਲਵੈਲ ਅਤੇ ਰਿਪਬਲਿਕਨ ਪਾਰਟੀ ਦੇ ਟੋਨੀ ਗੋਂਜ਼ਾਲੇਸ ਸ਼ਾਮਲ ਹਨ।

ਕੈਲੀਫੋਰਨੀਆ ਦੇ ਗਵਰਨਰ ਦੀ ਦੌੜ ਵਿਚ ਸ਼ਾਮਲ ਡੈਮੋਕ੍ਰੇਟ ਐਰਿਕ ਸਵੈਲਵੈਲ ਨੇ ਸੋਸ਼ਲ ਮੀਡੀਆ ਰਾਹੀਂ ਆਪਣੇ ਅਸਤੀਫੇ ਦੀ ਪੁਸ਼ਟੀ ਕੀਤੀ। ਸਵੈਲਵੈਲ ਨਿਊਯਾਰਕ ਸਿਟੀ ਵਿਚ ਇੱਕ ਅਪਰਾਧਿਕ ਜਾਂਚ ਦਾ ਸਾਹਮਣਾ ਕਰ ਰਹੇ ਹਨ, ਜਿੱਥੇ ਇੱਕ ਮਹਿਲਾ ਨੇ ਉਨ੍ਹਾਂ 'ਤੇ ਸ਼ਹਿਰ ਦੇ ਇੱਕ ਹੋਟਲ ਵਿਚ ਜਿਨਸੀ ਹਮਲਾ ਕਰਨ ਦਾ ਦੋਸ਼ ਲਾਇਆ ਹੈ। ਇਸ ਤੋਂ ਇਲਾਵਾ ਤਿੰਨ ਹੋਰ ਔਰਤਾਂ ਨੇ ਵੀ

■ **ਜਿਨਸੀ ਸ਼ੋਸ਼ਣ ਦੇ ਲੱਗੇ ਗੰਭੀਰ ਦੋਸ਼**



ਉਨ੍ਹਾਂ 'ਤੇ ਜਿਨਸੀ ਸ਼ੋਸ਼ਣ ਅਤੇ ਪਰੇਸ਼ਾਨ ਕਰਨ ਦੇ ਦੋਸ਼ ਲਾਏ ਹਨ। ਹਾਲਾਂਕਿ ਉਨ੍ਹਾਂ ਨੇ ਦੋਸ਼ਾਂ ਨੂੰ ਗਲਤ ਦੱਸਿਆ ਹੈ, ਪਰ ਨਾਲ ਹੀ 'ਫੈਸਲੇ ਲੈਣ ਵਿਚ ਹੋਈਆਂ ਗਲਤੀਆਂ' ਲਈ ਮੁਆਫੀ ਵੀ ਮੰਗੀ ਹੈ।

ਦੂਜੇ ਪਾਸੇ ਰਿਪਬਲਿਕਨ ਟੋਨੀ ਗੋਂਜ਼ਾਲੇਸ ਵੀ ਭਾਰੀ ਦਬਾਅ ਹੇਠ ਹਨ। ਸੂਤਰਾਂ ਅਨੁਸਾਰ ਉਨ੍ਹਾਂ ਦੀ ਇੱਕ ਸਟਾਫ ਮੈਂਬਰ, ਰੇਜੀਨਾ ਸੈਂਟੋਸ-ਅਵਿਲੇਸ ਨੇ ਪਿਛਲੇ ਸਾਲ ਖੁਦਕੁਸ਼ੀ ਕਰ ਲਈ ਸੀ। ਦੋਸ਼ ਹਨ ਕਿ ਗੋਂਜ਼ਾਲੇਸ ਨੇ ਉਸ ਨੂੰ ਸਬੰਧ ਬਣਾਉਣ ਲਈ ਮਜਬੂਰ ਕੀਤਾ ਸੀ। ਪਹਿਲਾਂ ਇਨਕਾਰ ਕਰਨ ਤੋਂ ਬਾਅਦ ਗੋਂਜ਼ਾਲੇਸ ਨੇ ਬਾਅਦ ਵਿਚ ਅਫੇਅਰ ਦੀ ਗੱਲ ਕਬੂਲ ਕਰ ਲਈ ਸੀ। ਇਸ ਤੋਂ ਇਲਾਵਾ ਇੱਕ ਹੋਰ ਸਟਾਫ ਮੈਂਬਰ ਨੇ ਵੀ ਉਨ੍ਹਾਂ 'ਤੇ ਨਗਨ ਤਸਵੀਰਾਂ ਅਤੇ ਜਿਨਸੀ ਸਬੰਧਾਂ ਦੀ ਮੰਗ ਕਰਨ ਦੇ ਦੋਸ਼ ਲਾਏ ਹਨ।

ਸਵੈਲਵੈਲ ਦੇ ਗਵਰਨਰ ਦੀ ਦੌੜ ਤੋਂ ਬਾਹਰ ਹੋਣ ਨਾਲ ਕੈਲੀਫੋਰਨੀਆ ਦੀਆਂ ਸਿਆਸੀ ਸਫਾਂ ਵਿਚ ਵੱਡੀ ਤਬਦੀਲੀ ਆਉਣ ਦੀ ਉਮੀਦ ਹੈ। ਸੂਤਰਾਂ ਮੁਤਾਬਕ, ਉਨ੍ਹਾਂ ਦੇ ਹਟਣ ਨਾਲ ਹੁਣ ਡੈਮੋਕ੍ਰੇਟਿਕ ਪਾਰਟੀ ਦੇ ਵੋਟਰ ਕਿਸੇ ਇੱਕ ਉਮੀਦਵਾਰ ਦੇ ਪੱਖ ਵਿਚ ਲਾਮਬੰਦ ਹੋ ਸਕਦੇ ਹਨ, ਜਿਸ ਨਾਲ ਨਵੰਬਰ ਦੀਆਂ ਚੋਣਾਂ ਵਿਚ ਪਾਰਟੀ ਦੀ ਸਥਿਤੀ ਮਜ਼ਬੂਤ ਹੋ ਸਕਦੀ ਹੈ। ਸਦਨ ਦੀ ਨੈਤਿਕਤਾ ਕਮੇਟੀ ਇਨ੍ਹਾਂ ਦੋਸ਼ਾਂ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

## ਅਮਰੀਕਾ ਦੀ ਹੁਣ ਵਿਦੇਸ਼ਾਂ ਤੋਂ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹਾਂ 'ਤੇ ਸਖਤੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਹਿਊਮਨ ਸਮੱਗਲਿੰਗ (ਗੈਰਕਾਨੂੰਨੀ ਤਰੀਕੇ ਨਾਲ ਲੋਕਾਂ ਨੂੰ ਦੇਸ਼ ਵਿਚ ਦਾਖਲ ਕਰਵਾਉਣਾ) ਦੇ ਖਿਲਾਫ ਸਰਕਾਰ ਵੱਲੋਂ ਲਗਾਤਾਰ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਤਾਜ਼ਾ ਖ਼ਬਰਾਂ ਮੁਤਾਬਕ, ਇੱਕ ਵੱਡੇ ਅੰਤਰਰਾਸ਼ਟਰੀ ਸਮੱਗਲਿੰਗ ਨੈੱਟਵਰਕ 'ਤੇ ਅਮਰੀਕੀ ਏਜੰਸੀਆਂ ਨੇ ਵੱਡੀ ਚੋਟ ਮਾਰੀ ਹੈ, ਪਰ ਇਸਦੇ ਨਾਲ ਹੀ ਇਹ ਵੀ ਸਪੱਸ਼ਟ ਹੋ ਰਿਹਾ ਹੈ ਕਿ ਇਹ ਸਮੱਸਿਆ ਅਜੇ ਵੀ ਪੂਰੀ ਤਰ੍ਹਾਂ ਖਤਮ ਨਹੀਂ ਹੋਈ।

ਤਾਜ਼ਾ ਮਾਮਲੇ ਵਿਚ ਇੱਕ ਬੰਗਲਾਦੇਸ਼ੀ ਨਾਗਰਿਕ ਨੂੰ ਬ੍ਰਾਜ਼ੀਲ ਤੋਂ ਅਮਰੀਕਾ ਹਵਾਲੇ ਕੀਤਾ ਗਿਆ ਹੈ। ਉਸ 'ਤੇ ਦੋਸ਼ ਹੈ ਕਿ ਉਹ ਕਈ ਸਾਲਾਂ ਤੋਂ ਇੱਕ ਵੱਡਾ ਹਿਊਮਨ ਸਮੱਗਲਿੰਗ ਰੈਕੇਟ ਚਲਾ ਰਿਹਾ ਸੀ। ਜਾਂਚ ਅਨੁਸਾਰ ਇਹ ਗਿਰੋਹ ਲੋਕਾਂ ਨੂੰ ਦੱਖਣੀ ਅਮਰੀਕਾ ਤੋਂ ਮੱਧ ਅਮਰੀਕਾ ਰਾਹੀਂ ਮੈਕਸੀਕੋ ਲੈ ਕੇ ਜਾਂਦਾ ਸੀ ਅਤੇ ਫਿਰ ਉਨ੍ਹਾਂ ਨੂੰ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਕਰਵਾਉਂਦਾ ਸੀ। ਇਸ

■ **ਹਿਊਮਨ ਸਮੱਗਲਿੰਗ ਰੈਕੇਟ ਚਲਾ ਰਿਹਾ ਵਿਅਕਤੀ ਬ੍ਰਾਜ਼ੀਲ ਤੋਂ ਅਮਰੀਕਾ ਹਵਾਲੇ**

ਗਿਰੋਹ ਵੱਲੋਂ ਲੋਕਾਂ ਨੂੰ ਖਤਰਨਾਕ ਰਸਤੇ ਦਿਖਾਏ ਜਾਂਦੇ ਸਨ, ਜਿਵੇਂ ਕਿ ਰਿਓ ਗ੍ਰਾਂਡੇ ਦਰਿਆ ਨੂੰ ਪਾਰ ਕਰਨਾ ਜਾਂ ਸਰਹੱਦਾਂ ਦੀਆਂ ਬਾੜਾਂ ਨੂੰ ਲੰਘਣਾ। ਕਈ ਵਾਰ ਇਹ ਯਾਤਰਾ ਜਾਨਲੇਵਾ ਸਾਬਤ ਹੁੰਦੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇ ਦੋਸ਼ ਸਾਬਤ ਹੋ ਜਾਂਦੇ ਹਨ, ਤਾਂ ਮੁਲਜ਼ਮ ਨੂੰ 15 ਸਾਲ ਤੱਕ ਦੀ ਕੈਦ ਹੋ ਸਕਦੀ ਹੈ। ਇਸ ਕਾਰਵਾਈ ਨਾਲ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਅਮਰੀਕਾ ਹੁਣ ਸਿਰਫ ਆਪਣੀ ਸਰਹੱਦਾਂ 'ਤੇ ਹੀ ਨਹੀਂ, ਸਗੋਂ ਵਿਦੇਸ਼ਾਂ ਵਿਚ ਬੈਠੇ ਸਮੱਗਲਿੰਗ ਗਿਰੋਹਾਂ ਨੂੰ ਵੀ ਨਿਸ਼ਾਨਾ ਬਣਾ ਰਿਹਾ ਹੈ। ਐਕਸਟ੍ਰਾਡੀਸ਼ਨ (ਹਵਾਲਗੀ) ਵਰਗੇ ਕਦਮ ਇਸ ਗੱਲ ਦਾ ਸੰਕੇਤ ਹਨ ਕਿ ਅਮਰੀਕੀ ਸਰਕਾਰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ।

## ਅਮਰੀਕਾ 'ਚ ਸਿੱਖਾਂ ਖਿਲਾਫ ਨਫਰਤੀ ਅਪਰਾਧਾਂ 'ਚ ਇੱਕ ਦਹਾਕੇ ਦੌਰਾਨ ਹੋਇਆ ਚਿੰਤਾਜਨਕ ਵਾਧਾ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਸਿੱਖ ਕੌਮ ਖ਼ਿਲਾਫ਼ ਨਫ਼ਰਤ ਨਾਲ ਜੁੜੇ ਅਪਰਾਧਾਂ (ਹੇਟ ਕ੍ਰਾਈਮ) ਵਿਚ ਪਿਛਲੇ ਇੱਕ ਦਹਾਕੇ ਦੌਰਾਨ ਚਿੰਤਾਜਨਕ ਵਾਧਾ ਦਰਜ ਕੀਤਾ ਗਿਆ ਹੈ। ਫੈਡਰਲ ਬਿਊਰੋ ਆਫ ਇਨਵੈਸਟਿਗੇਸ਼ਨ (ਐੱਫ.ਬੀ.ਆਈ.) ਦੇ ਪ੍ਰਾਰੰਭਿਕ ਅੰਕੜਿਆਂ ਮੁਤਾਬਕ 2015 ਵਿਚ ਅਜਿਹੇ ਸਿਰਫ਼ 6 ਮਾਮਲੇ ਸਾਹਮਣੇ ਆਏ ਸਨ, ਜੋ 2025 ਤੱਕ ਵੱਧ ਕੇ 228 ਹੋ ਗਏ। ਇਹ ਲਗਭਗ 3700 ਫੀਸਦੀ ਵਾਧੇ ਨੂੰ ਦਰਸਾਉਂਦਾ ਹੈ। ਰਿਪੋਰਟ ਅਨੁਸਾਰ 2025 ਵਿਚ ਕੁੱਲ ਹੇਟ ਕ੍ਰਾਈਮ ਮਾਮਲਿਆਂ ਵਿਚ ਪਿਛਲੇ ਸਾਲ ਦੇ




ਮੁਕਾਬਲੇ 11 ਫੀਸਦੀ ਦੀ ਕਮੀ ਆਈ ਹੈ, ਪਰ 2015 ਤੋਂ 2025 ਦਰਮਿਆਨ ਕੁੱਲ ਮਾਮਲਿਆਂ ਵਿਚ ਕਰੀਬ 88 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਇਸ ਨਾਲ ਸਪੱਸ਼ਟ ਹੁੰਦਾ ਹੈ ਕਿ ਲੰਬੇ ਸਮੇਂ ਵਿਚ ਇਹ ਸਮੱਸਿਆ ਲਗਾਤਾਰ ਵੱਧ ਰਹੀ ਹੈ। ਇਸ ਰਿਪੋਰਟ ਨੇ ਸਿੱਖ ਭਾਈਚਾਰੇ ਦੀ ਚਿੰਤਾ ਵਧਾ ਦਿੱਤੀ ਹੈ।

ਖੋਜਕਾਰ ਬ੍ਰਾਇਨ ਲੈਵਿਨ ਦੇ ਅਨੁਸਾਰ ਹੇਟ ਕ੍ਰਾਈਮ ਸਾਰੇ ਸਮੂਹਾਂ ਵਿਚ ਇਕਸਾਰ ਨਹੀਂ ਵੱਧਦੇ, ਸਗੋਂ ਕੁਝ ਖ਼ਾਸ ਸਮੂਹ ਅਚਾਨਕ ਵੱਧ ਨਿਸ਼ਾਨਾ ਬਣਦੇ ਹਨ। ਉਨ੍ਹਾਂ ਨੇ ਕਿਹਾ ਕਿ ਜਦੋਂ ਕਿਸੇ ਕੌਮ ਪ੍ਰਤੀ ਡਰ ਜਾਂ ਗਲਤ ਧਾਰਣਾਵਾਂ ਵਧਦੀਆਂ ਹਨ, ਤਾਂ ਉਨ੍ਹਾਂ ਦੇ ਖ਼ਿਲਾਫ਼ ਹਮਲੇ ਵੀ ਤੇਜ਼ ਹੋ ਜਾਂਦੇ ਹਨ। ਸਿੱਖ ਕੁਲੀਸ਼ਨ ਦੀ 2025 ਦੀ ਰਿਪੋਰਟ ਮੁਤਾਬਕ, 2024 ਵਿਚ ਸਿੱਖ ਕੌਮ ਅਮਰੀਕਾ ਵਿਚ ਤੀਜੀ ਸਭ ਤੋਂ ਵੱਧ ਨਿਸ਼ਾਨਾ ਬਣਨ ਵਾਲੀ ਧਾਰਮਿਕ ਕੌਮ ਵਜੋਂ ਸਾਹਮਣੇ ਆਈ।

■ **ਬਾਕੀ ਖਬਰ ਸਫਾ 15 'ਤੇ**

## ਅਮਰੀਕੀ ਨਾਗਰਿਕਤਾ ਹਾਸਲ ਕਰਨ ਦੇ ਇੱਛੁਕ ਲੋਕਾਂ ਲਈ ਬੇਹੱਦ ਅਸਥਿਰਤਾ ਵਾਲਾ ਰਿਹਾ ਸਾਲ 2025

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ 'ਚ ਨਾਗਰਿਕਤਾ ਹਾਸਲ ਕਰਨ ਦੇ ਇੱਛੁਕ ਲੋਕਾਂ ਲਈ ਬੀਤਿਆ ਸਾਲ 2025 ਬੇਹੱਦ ਅਸਥਿਰਤਾ ਅਤੇ ਉਤਰਾਅ-ਚੜ੍ਹਾਅ ਵਾਲਾ ਰਿਹਾ ਹੈ। ਤਾਜ਼ਾ ਰਿਪੋਰਟਾਂ ਮੁਤਾਬਕ, ਅਮਰੀਕੀ ਨਾਗਰਿਕਤਾ ਪ੍ਰਕਿਰਿਆ ਦੇ ਇਤਿਹਾਸ ਵਿਚ 2025 ਨੂੰ ਹੁਣ ਤੱਕ ਦੇ ਸਭ ਤੋਂ 'ਵੋਲਟਾਈਲ' ਯਾਨੀ ਅਸਥਿਰ ਸਾਲਾਂ ਵਿਚੋਂ ਇੱਕ ਮੰਨਿਆ ਜਾ ਰਿਹਾ ਹੈ।

ਮਾਹਰਾਂ ਅਨੁਸਾਰ, ਸਾਲ 2025 ਦੌਰਾਨ ਨਾਗਰਿਕਤਾ ਦੀਆਂ ਅਰਜ਼ੀਆਂ ਦੀ ਪ੍ਰਕਿਰਿਆ ਵਿਚ ਵੱਡੀਆਂ ਤਬਦੀਲੀਆਂ ਦੇਖਣ ਨੂੰ ਮਿਲੀਆਂ। ਜਿੱਥੇ ਇੱਕ ਪਾਸੇ ਅਰਜ਼ੀਆਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ, ਉੱਥੇ ਹੀ ਦੂਜੇ ਪਾਸੇ ਕਾਨੂੰਨੀ ਨਿਯਮਾਂ ਵਿਚ ਬਦਲਾਅ



ਅਤੇ ਪ੍ਰਸ਼ਾਸਨਿਕ ਦੇਰੀ ਨੇ ਬਿਨੈਕਾਰਾਂ ਦੀਆਂ ਮੁਸ਼ਕਲਾਂ ਵਧਾਈਆਂ। ਨੀਤੀਆਂ ਵਿਚ ਵਾਰ-ਵਾਰ ਹੋਏ ਫੇਰਬਦਲ ਕਾਰਨ ਨਾਗਰਿਕਤਾ ਮਿਲਣ ਦੀ ਦਰ ਵਿਚ ਕਾਫੀ ਉਤਰਾਅ-ਚੜ੍ਹਾਅ ਦਰਜ ਕੀਤਾ ਗਿਆ।

ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਬੈਕਲੌਗ ਨੂੰ ਖਤਮ ਕਰਨ ਲਈ ਸਰਕਾਰ ਵੱਲੋਂ ਕੀਤੇ ਗਏ ਯਤਨਾਂ ਦੇ ਬਾਵਜੂਦ, ਕਈ ਖੇਤਰਾਂ ਵਿਚ ਇੰਟਰਵਿਊ ਅਤੇ ਸਹੁੰ ਚੁੱਕ ਸਮਾਗਮਾਂ ਵਿਚ ਲੰਬਾ ਇੰਤਜ਼ਾਰ ਕਰਨਾ ਪਿਆ। ਇਸ ਤੋਂ ਇਲਾਵਾ, ਚੋਣਾਂ ਦੇ ਸਾਲ ਦੇ ਨੇੜੇ ਹੋਣ ਕਾਰਨ ਰਾਜਨੀਤਿਕ ਦਬਾਅ ਅਤੇ ਇਮੀਗ੍ਰੇਸ਼ਨ ਨੀਤੀਆਂ 'ਤੇ ਹੋਈ ਬਹਿਸ ਨੇ ਵੀ ਇਸ ਪ੍ਰਕਿਰਿਆ ਨੂੰ ਪ੍ਰਭਾਵਿਤ ਕੀਤਾ।

ਅਮਰੀਕਾ ਵਿਚ ਰਹਿ ਰਹੇ ਵੱਡੀ ਗਿਣਤੀ 'ਚ ਪੰਜਾਬੀ ਅਤੇ ਭਾਰਤੀ ਮੂਲ ਦੇ ਲੋਕ ਜੋ ਗ੍ਰੀਨ ਕਾਰਡ ਤੋਂ ਬਾਅਦ ਅਮਰੀਕੀ ਪਾਸਪੋਰਟ ਲੈਣ ਦੀ ਉਡੀਕ ਵਿਚ ਹਨ, ਉਨ੍ਹਾਂ ਲਈ ਇਹ ਸਾਲ ਮਾਨਸਿਕ ਤਣਾਅ ਵਾਲਾ ਰਿਹਾ। ਨਿਯਮਾਂ ਦੀ ਅਸਪੱਸ਼ਟਤਾ ਅਤੇ ਕੇਸਾਂ ਦੇ ਨਿਪਟਾਰੇ ਵਿਚ ਲੱਗ ਰਹੇ ਸਮੇਂ ਕਾਰਨ ਬਹੁਤ ਸਾਰੇ ਪਰਿਵਾਰਾਂ ਦੀਆਂ ਭਵਿੱਖ ਦੀਆਂ ਯੋਜਨਾਵਾਂ ਪ੍ਰਭਾਵਿਤ ਹੋਈਆਂ ਹਨ।

■ **ਬਾਕੀ ਖਬਰ ਸਫਾ 15 'ਤੇ**

# ਗੁਰਦੁਆਰਾ ਸਾਹਿਬ ਰੀਨੋ ਵਿਖੇ ਤੀਸਰਾ ਮਹਾਨ ਨਗਰ ਕੀਰਤਨ ਸ਼ਰਧਾ ਨਾਲ ਸਜਾਇਆ ਗਿਆ


















Copyright@Punjab Mail USA

**ਰੀਨੋ (ਨੇਵਾਡਾ), (ਪੰਜਾਬ ਮੇਲ)-** ਨੌਰਦਰਨ ਨੇਵਾਡਾ ਸਿੱਖ ਸੁਸਾਇਟੀ, ਰੀਨੋ, ਨੇਵਾਡਾ ਵੱਲੋਂ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੇ ਪਵਿੱਤਰ ਮੌਕੇ ਤੀਸਰਾ ਮਹਾਨ ਨਗਰ ਕੀਰਤਨ ਬਹੁਤ ਹੀ ਸ਼ਰਧਾ, ਉਤਸ਼ਾਹ ਅਤੇ ਧਾਰਮਿਕ ਰੂਹਾਨੀ ਮਾਹੌਲ ਵਿਚ ਆਯੋਜਿਤ ਕੀਤਾ ਗਿਆ।

ਤਿੰਨ ਦਿਨਾਂ ਤੱਕ ਚੱਲੇ ਇਨ੍ਹਾਂ ਸਮਾਗਮਾਂ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸ੍ਰੀ ਨਿਸ਼ਾਨ ਸਾਹਿਬ ਨੂੰ ਨਵੇਂ ਚੋਲੇ ਸਜਾਏ ਗਏ। ਸਮਾਗਮਾਂ ਵਿਚ ਪੰਥ ਦੇ ਪ੍ਰਸਿੱਧ ਕੀਰਤਨੀ ਜੱਥਿਆਂ ਅਤੇ ਕਥਾਵਾਚਕਾਂ ਨੇ ਹਾਜ਼ਰੀ ਭਰਦੇ ਹੋਏ ਗੁਰਬਾਣੀ ਕੀਰਤਨ ਅਤੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।


ਇਸ ਮੌਕੇ ਰੀਨੋ ਸ਼ਹਿਰ ਅਤੇ ਨੇੜਲੇ ਇਲਾਕਿਆਂ ਤੋਂ ਵੱਡੀ ਗਿਣਤੀ 'ਚ ਸੰਗਤਾਂ ਨੇ ਪਹੁੰਚ ਕੇ ਆਪਣੀ ਸ਼ਰਧਾ ਪ੍ਰਗਟਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਤੋਂ ਇਲਾਵਾ ਸਹਿਜ ਪਾਠ ਦੇ ਭੋਗ ਵੀ ਪਾਏ ਗਏ ਅਤੇ ਬਾਅਦ ਵਿਚ ਕਥਾ-ਕੀਰਤਨ ਦਰਬਾਰ ਵੀ ਸ਼ਾਨ ਨਾਲ ਸਜਾਇਆ ਗਿਆ।

ਖਾਲਸਾ ਸਾਜਨਾ ਦਿਵਸ ਦੇ ਪਵਿੱਤਰ ਮੌਕੇ 11 ਪ੍ਰਾਣੀਆਂ ਨੇ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣਨ ਦਾ ਸੌਭਾਗ ਪ੍ਰਾਪਤ ਕੀਤਾ। ਰੀਨੋ ਸ਼ਹਿਰ ਵਿਚ ਬਰਫਬਾਰੀ ਹੋਣ ਦੇ ਬਾਵਜੂਦ ਵੀ ਸੰਗਤਾਂ ਦੇ ਜੋਸ਼ ਅਤੇ ਸ਼ਰਧਾ ਵਿਚ ਕੋਈ ਕਮੀ ਨਹੀਂ ਆਈ ਅਤੇ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਨਗਰ ਕੀਰਤਨ ਬੜੀ ਸ਼ਰਧਾ ਨਾਲ ਸੰਪੰਨ ਹੋਇਆ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਅੰਗਰੇਜ ਸਿੰਘ ਵਿਰਕ, ਅਜਮੇਰ ਸਿੰਘ, ਜਸਪਾਲ ਸਿੰਘ, ਜਸਬੀਰ ਸਿੰਘ, ਜਸਵਿੰਦਰ ਸਿੰਘ, ਹਰਵਿੰਦਰ ਸਿੰਘ, ਲਵਪ੍ਰੀਤ ਸਿੰਘ, ਗੁਰਮੇਜ ਸਿੰਘ, ਹਰਪਾਲ ਸਿੰਘ, ਗੁਰਪ੍ਰੀਤ ਸਿੰਘ, ਵਿਸ਼ਵਾਸ ਸਿੰਘ, ਗੁਰਦੀਪ ਸਿੰਘ, ਨਵਜੋਤ ਸਿੰਘ, ਅੰਮ੍ਰਿਤ ਸਿੰਘ, ਅਰੁਣ ਕੁਮਾਰ ਅਤੇ ਅਰਸ਼ਦੀਪ ਸਿੰਘ ਸਮੇਤ ਹੋਰ ਅਨੇਕ ਸੇਵਾਦਾਰ ਅਤੇ ਸੰਗਤਾਂ ਵੀ ਮੌਜੂਦ ਸਨ।

ਅੰਗਰੇਜ ਸਿੰਘ ਵਿਰਕ ਨੇ ਸਮਾਗਮ ਵਿਚ ਪਹੁੰਚੀ ਸਮੂਹ ਸੰਗਤ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਦੇ ਸਹਿਯੋਗ ਅਤੇ ਪਿਆਰ ਨਾਲ ਹੀ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਸਫਲ ਹੋ ਸਕਦੇ ਹਨ।

# ਅਮਰੀਕਨ ਪੈਟਰੋਲੀਅਮ ਐਂਡ ਕਨਵੀਨੀਅੰਸ ਸਟੋਰ ਐਸੋਸੀਏਸ਼ਨ (APCA) ਵੱਲੋਂ ਵੈਕਾਵਿਲ ਵਿਖੇ ਕਰਵਾਇਆ ਗਿਆ ਟਰੇਡ ਸ਼ੋਅ 2026

1




























Copyright@Punjab Mail USA

Pictures By PunjabMailUSA

# ਅਮਰੀਕਨ ਪੈਟਰੋਲੀਅਮ ਐਂਡ ਕਨਵੀਨੀਅੰਸ ਸਟੋਰ ਐਸੋਸੀਏਸ਼ਨ (APCA) ਵੱਲੋਂ ਵੈਕਾਵਿਲ ਵਿਖੇ ਕਰਵਾਇਆ ਗਿਆ ਟਰੇਡ ਸ਼ੋਅ 2026

2
































Copyright@Punjab Mail USA

Pictures By PunjabMailUSA

# ਸ਼੍ਰੋਮਣੀ ਅਕਾਲੀ ਦਲ ਲਈ 2027 ਵਿਧਾਨ ਸਭਾ ਚੋਣਾਂ ਲਈ ਟਿਕਟਾਂ ਦੀ ਵੰਡ ਬਣੀ ਵੱਕਾਰ ਦਾ ਸਵਾਲ

**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਦੀ ਸਿਆਸਤ 'ਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਰਗਰਮੀਆਂ ਹੁਣ ਤੋਂ ਹੀ ਤੇਜ਼ ਹੋ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਲਈ ਇਹ ਚੋਣਾਂ ਜਿੱਥੇ ਪਾਰਟੀ ਦੀ ਹੋਂਦ ਨੂੰ ਮੁੜ ਸਥਾਪਤ ਕਰਨ ਦਾ ਸਵਾਲ ਹਨ, ਉੱਥੇ ਹੀ ਉਨ੍ਹਾਂ ਦੇ ਮੁੱਖ ਮੰਤਰੀ ਬਣਨ ਦੇ ਸੁਪਨੇ ਨੂੰ ਹਕੀਕਤ ਵਿਚ ਬਦਲਣ ਦਾ ਇਕ ਸੁਨਹਿਰੀ ਮੌਕਾ ਵੀ ਹਨ। ਪਰ ਸਿਆਸੀ ਮਾਹਿਰਾਂ ਅਤੇ ਪਾਰਟੀ ਦੇ ਵਫ਼ਾਦਾਰ ਹਲਕਿਆਂ ਵਿਚ ਇਹ ਚਰਚਾ ਜ਼ੋਰਾਂ 'ਤੇ ਹੈ ਕਿ ਜੇਕਰ ਟਿਕਟਾਂ ਦੀ ਵੰਡ ਵੇਲੇ ਸੋਚ-ਸਮਝ ਕੇ ਫੈਸਲਾ ਨਾ ਲਿਆ ਗਿਆ, ਤਾਂ ਪਾਰਟੀ ਨੂੰ ਵੱਡਾ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।

ਪੰਜਾਬ ਦੇ ਮੌਜੂਦਾ ਹਾਲਾਤ ਨੂੰ ਦੇਖਦਿਆਂ ਪਾਰਟੀ ਵਰਕਰਾਂ ਅਤੇ ਆਮ ਜਨਤਾ ਵਲੋਂ ਇਹ ਮੰਗ ਉੱਠ ਰਹੀ ਹੈ ਕਿ ਸੁਖਬੀਰ ਬਾਦਲ ਇਸ ਵਾਰ ਕਿਸੇ ਵੀ ਚਰਿੱਤਰਹੀਣ ਅਤੇ ਭ੍ਰਿਸ਼ਟ ਬਿਰਤੀ ਦੇ ਵਿਅਕਤੀ ਨੂੰ ਟਿਕਟ ਨਾ ਦੇਣ। ਪਿਛਲੇ ਕੁਝ ਸਮੇਂ ਵਿਚ ਪਾਰਟੀ ਨੂੰ ਅਜਿਹੇ ਦਾਗ਼ੀ ਚਿਹਰਿਆਂ ਕਾਰਨ ਕਾਫ਼ੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਜੇਕਰ ਇਕ ਵੀ ਗਲਤ ਵਿਅਕਤੀ ਨੂੰ ਟਿਕਟ ਦਿੱਤੀ ਜਾਂਦੀ ਹੈ, ਤਾਂ ਉਸ ਦਾ ਅਸਰ ਸਿਰਫ਼ ਉਸ ਹਲਕੇ ਤੱਕ ਸੀਮਤ ਨਹੀਂ ਰਹਿੰਦਾ, ਸਗੋਂ ਪੂਰੇ ਪੰਜਾਬ ਵਿਚ ਪਾਰਟੀ ਦਾ ਅਕਸ ਖ਼ਰਾਬ ਹੁੰਦਾ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸਰਕਾਰ ਦਾ ਸੁਪਨਾ ਤਾਂ ਹੀ ਪੂਰਾ ਹੋ ਸਕਦਾ ਹੈ, ਜੇਕਰ ਪਾਰਟੀ ਦੇ ਉਮੀਦਵਾਰ ਮਜ਼ਬੂਤ ਅਤੇ ਸਾਫ਼-ਸੁਥਰੇ ਹੋਣ। ਪੰਜਾਬ ਦਾ ਵੋਟਰ ਹੁਣ ਬਹੁਤ ਜਾਗਰੂਕ ਹੋ ਚੁੱਕਾ ਹੈ। ਜੇਕਰ ਕਿਸੇ ਚਰਿੱਤਰਹੀਣ ਜਾਂ ਕਿਸੇ ਦਾਗੀ ਉਮੀਦਵਾਰ ਨੂੰ ਮੈਦਾਨ ਵਿਚ ਉਤਾਰਿਆ ਜਾਂਦਾ ਹੈ, ਤਾਂ ਵਿਰੋਧੀ ਧਿਰਾਂ ਨੂੰ ਉਸ ਨੂੰ ਘੇਰਨ ਦਾ ਮੌਕਾ ਮਿਲ ਜਾਂਦਾ ਹੈ। ਕਿਸੇ ਗਲਤ ਚੋਣ ਕਾਰਨ ਕਿਤੇ ਸੁਖਬੀਰ ਬਾਦਲ ਦਾ ਮੁੱਖ ਮੰਤਰੀ ਬਣਨ ਦਾ ਸੁਪਨਾ ਅਧੂਰਾ ਹੀ ਨਾ ਰਹਿ ਜਾਵੇ, ਇਸ ਲਈ ਉਮੀਦਵਾਰਾਂ ਦੀ ਪਛਾਣ ਕਰਨਾ ਸਭ ਤੋਂ ਵੱਡੀ ਚੁਣੌਤੀ ਹੈ।

ਪਾਰਟੀ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਟਕਸਾਲੀ ਆਗੂਆਂ ਅਤੇ ਸਾਫ ਚਿਹਰਿਆਂ ਨੂੰ ਸਨਮਾਨਿਤ ਕਰਦਿਆਂ ਅੱਗੇ ਲਿਆਵੇ, ਜੋ ਪਾਰਟੀ ਦੇ ਅਸਲੀ ਵਾਰਿਸ ਹਨ ਅਤੇ ਜਿਨ੍ਹਾਂ ਦਾ ਪਿਛੋਕੜ ਬੇਦਾਗ਼ ਅਤੇ ਪੱਕਾ ਅਕਾਲੀ ਹੈ।

2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਸ਼੍ਰੋਮਣੀ ਅਕਾਲੀ ਦਲ ਲਈ ਇੱਕ ਵੱਡਾ ਸਬਕ ਸਾਬਤ ਹੋਈਆਂ। ਪਾਰਟੀ ਦੀ ਹਾਰ ਦੇ ਕਈ ਕਾਰਨਾਂ ਵਿਚੋਂ ਸਭ ਤੋਂ ਪ੍ਰਮੁੱਖ ਕਾਰਨ ਗਲਤ ਟਿਕਟਾਂ ਦੀ ਵੰਡ ਨੂੰ ਮੰਨਿਆ ਗਿਆ। ਕਈ ਹਲਕਿਆਂ ਵਿਚ ਟਕਸਾਲੀ ਆਗੂਆਂ ਨੂੰ ਨਜ਼ਰਅੰਦਾਜ਼ ਕਰਕੇ ਅਜਿਹੇ ਚਿਹਰਿਆਂ 'ਤੇ ਦਾਅ ਲਗਾਇਆ ਗਿਆ, ਜੋ ਜ਼ਮੀਨੀ ਪੱਧਰ 'ਤੇ ਵਰਕਰਾਂ ਨਾਲ ਜੁੜੇ ਨਹੀਂ ਸਨ। ਇਸ ਕਾਰਨ ਪਾਰਟੀ ਦੇ ਪੱਕੇ ਵੋਟ ਬੈਂਕ ਵਿਚ ਵੱਡੀ ਸੰਨ੍ਹ ਲੱਗੀ।

ਹੁਣ ਜਦੋਂ ਅਗਲੀਆਂ ਚੋਣਾਂ ਦੀ ਤਿਆਰੀ ਦੀ ਗੱਲ ਚੱਲ ਰਹੀ ਹੈ, ਤਾਂ ਪਾਰਟੀ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ 2022 ਵਾਲੀ ਗਲਤੀ ਨਾ ਦੁਹਰਾਈ ਜਾਵੇ। ਪਾਰਟੀ ਨੂੰ ਆਪਣੇ ਟਕਸਾਲੀ ਅਤੇ ਪੁਰਾਣੇ ਆਗੂਆਂ 'ਤੇ ਭਰੋਸਾ ਜਤਾਉਣਾ ਚਾਹੀਦਾ ਹੈ, ਜਿਨ੍ਹਾਂ ਨੇ ਮੁਸ਼ਕਲ ਸਮੇਂ ਵਿਚ ਪਾਰਟੀ ਦਾ ਸਾਥ ਦਿੱਤਾ ਅਤੇ ਉਨਾਂ ਦਾ ਆਪਣੇ ਹਲਕੇ ਵਿਚ ਵੀ ਪੱਕਾ ਵੋਟ ਬੈਂਕ ਹੋਵੇ, ਜਿਸ ਦੇ ਆਧਾਰ 'ਤੇ ਜਿੱਤ ਪ੍ਰਾਪਤ ਕੀਤੀ ਜਾ ਸਕੇ। ਟਿਕਟ ਦੇਣ ਤੋਂ ਪਹਿਲਾਂ ਹਲਕੇ ਦੇ ਲੋਕਾਂ ਦੀ ਰਾਏ ਅਤੇ ਉਮੀਦਵਾਰ ਦੀ ਲੋਕਪ੍ਰਿਯਤਾ ਦਾ ਡੂੰਘਾ ਸਰਵੇਖਣ ਕਰਨਾ ਲਾਜ਼ਮੀ ਹੈ। ਤਜ਼ਰਬੇ ਦੇ ਨਾਲ-ਨਾਲ ਸਾਫ਼-ਸੁਥਰੇ ਅਕਸ ਵਾਲੇ ਨੌਜਵਾਨਾਂ ਨੂੰ ਮੌਕਾ ਦੇਣਾ ਚਾਹੀਦਾ ਹੈ, ਤਾਂ ਜੋ ਬਦਲਾਅ ਦੀ ਉਮੀਦ ਰੱਖਣ ਵਾਲੇ ਵੋਟਰਾਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ।

# ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ 'ਚ ਬੇਅਦਬੀ ਵਿਰੁੱਧ ਸੋਧ ਬਿੱਲ ਸਰਬਸੰਮਤੀ ਨਾਲ ਪਾਸ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਧਾਨ ਸਭਾ ਨੇ ਵਿਸ਼ੇਸ਼ ਸੈਸ਼ਨ 'ਚ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਜੈਕਾਰਿਆਂ ਦੀ ਗੂੰਜ 'ਚ 'ਜਾਗਤ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਸਤਿਕਾਰ (ਸੋਧ) ਬਿੱਲ-2026' ਪਾਸ ਕਰ ਦਿੱਤਾ। ਸੋਧ ਬਿੱਲ 'ਚ ਪਵਿੱਤਰ ਗਰੰਥ ਦੀ ਬੇਅਦਬੀ ਕਰਨ 'ਤੇ 7 ਤੋਂ 20 ਸਾਲ ਦੀ ਕੈਦ ਅਤੇ ਦੋ ਤੋਂ ਦਸ ਲੱਖ ਤੱਕ ਦੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ। ਸਮਾਜਿਕ/ਧਾਰਮਿਕ ਸਦਭਾਵਨਾ ਭੰਗ ਕਰਨ ਦੇ ਇਰਾਦੇ ਨਾਲ ਬੇਅਦਬੀ ਕਰਨ 'ਤੇ 10 ਸਾਲ ਤੋਂ ਲੈ ਕੇ ਉਮਰ ਕੈਦ ਦੀ ਸਜ਼ਾ ਅਤੇ ਪੰਜ ਤੋਂ 25 ਲੱਖ ਰੁਪਏ ਦਾ ਜੁਰਮਾਨਾ ਲੱਗੇਗਾ। ਅਜਿਹੀ ਕੋਸ਼ਿਸ਼ ਕਰਨ 'ਤੇ ਤਿੰਨ ਤੋਂ ਪੰਜ ਸਾਲ ਦੀ ਕੈਦ ਅਤੇ ਇੱਕ ਲੱਖ ਤੋਂ ਤਿੰਨ ਲੱਖ ਤੱਕ ਦਾ ਜੁਰਮਾਨਾ ਲੱਗੇਗਾ। ਬੇਅਦਬੀ 'ਚ ਮਦਦ ਕਰਨ ਵਾਲਿਆਂ ਨੂੰ ਵੀ ਸਜ਼ਾ 'ਚ ਬਰਾਬਰ ਦਾ ਭਾਗੀਦਾਰ ਮੰਨਿਆ ਜਾਵੇਗਾ। ਸੋਧ ਬਿੱਲ ਅਨੁਸਾਰ ਡੀ.ਐੱਸ.ਪੀ. ਜਾਂ ਏ.ਸੀ.ਪੀ. ਅਜਿਹੇ ਮਾਮਲਿਆਂ ਦੀ ਜਾਂਚ ਕਰੇਗਾ ਅਤੇ ਇਹ ਅਪਰਾਧ ਗੈਰ-ਜ਼ਮਾਨਤਯੋਗ ਹੋਵੇਗਾ।



ਪੰਜਾਬ ਵਿਧਾਨ ਸਭਾ 'ਚ ਚੌਥਾ ਮੌਕਾ ਸੀ ਕਿ ਜਦੋਂ ਬੇਅਦਬੀ ਖ਼ਿਲਾਫ਼ ਬਿੱਲ ਪੇਸ਼ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਸਾਲ 2016 'ਚ ਅਤੇ ਕਾਂਗਰਸ ਸਰਕਾਰ ਸਾਲ 2018 'ਚ ਬਿੱਲ ਪਾਸ ਕਰ ਚੁੱਕੀ ਹੈ, ਜਦੋਂਕਿ 'ਆਪ' ਸਰਕਾਰ ਵੀ ਪਿਛਲੇ ਸਾਲ ਬਿੱਲ ਪੇਸ਼ ਕਰ ਚੁੱਕੀ ਹੈ।

ਵਿਸ਼ੇਸ਼ ਸੈਸ਼ਨ ਸ਼ਰਧਾਮਈ ਮਾਹੌਲ 'ਚ ਸ਼ੁਰੂ ਹੋਇਆ, ਜਿਸ ਨੇ ਜਲਦੀ ਸਿਆਸੀ ਰੰਗ ਫੜ ਲਿਆ। ਸ਼੍ਰੋਮਣੀ ਅਕਾਲੀ ਦਲ ਦੀ ਵਿਧਾਇਕ ਗੁਨੀਵ ਕੌਰ ਸਦਨ 'ਚੋਂ ਗ਼ੈਰਹਾਜ਼ਰ ਰਹੀ, ਜਦੋਂ ਕਿ ਦੋਵੇਂ ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਅਤੇ ਜੰਗੀ ਲਾਲ ਮਹਾਜਨ ਪੂਰਾ ਸਮਾਂ ਸਦਨ 'ਚ ਮੌਜੂਦ ਸਨ। ਸੱਤਾਧਾਰੀ ਧਿਰ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ 1986 ਦੇ ਨਕੋਦਰ ਕਾਂਡ ਅਤੇ ਸਾਲ 2015 'ਚ ਵਾਪਰੇ ਬਰਗਾੜੀ, ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਹਵਾਲੇ ਦੇ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਘੇਰਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਸਦਨ 'ਚ ਬਿੱਲ ਪੇਸ਼ ਕੀਤਾ ਅਤੇ ਲੰਮੀ ਬਹਿਸ ਮਗਰੋਂ ਜੈਕਾਰਿਆਂ ਦੀ ਗੂੰਜ 'ਚ ਬਿੱਲ ਸਰਬਸੰਮਤੀ ਨਾਲ ਪਾਸ ਹੋ ਗਿਆ।

ਸੱਤਾਧਾਰੀ ਧਿਰ ਨੇ 'ਚਾਚਾ ਭਤੀਜਾਵਾਦ' ਦੇ ਹਵਾਲੇ ਨਾਲ ਕਿਹਾ ਕਿ ਬੇਅਦਬੀ ਮਾਮਲਿਆਂ 'ਚ ਸ਼ਾਮਲ ਇੱਕ ਪਾਰਟੀ ਜ਼ਿੰਮੇਵਾਰ ਅਫ਼ਸਰਾਂ ਨੂੰ ਅਹਿਮ ਪੋਸਟਾਂ 'ਤੇ ਤਾਇਨਾਤ ਕਰਦੀ ਅਤੇ ਚੋਣਾਂ ਮੌਕੇ ਉਤਾਰਦੀ ਸੀ। ਦੂਜੀ ਪਾਰਟੀ (ਕਾਂਗਰਸ) ਹਕੂਮਤ 'ਚ ਆਉਣ 'ਤੇ ਸਭ ਕੁਝ ਨਜ਼ਰਅੰਦਾਜ਼ ਕਰ ਦਿੰਦੀ ਸੀ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਪਰਗਟ ਸਿੰਘ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਕਾਂਗਰਸ ਸਰਕਾਰ ਦੌਰਾਨ ਹੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਬਾਦਲਾਂ ਅਤੇ ਡੇਰਾ ਸਿਰਸਾ ਮੁਖੀ ਨੂੰ ਬੇਅਦਬੀ ਅਤੇ ਗੋਲੀ ਕਾਂਡ ਮਾਮਲਿਆਂ 'ਚ ਦੋਸ਼ੀ ਠਹਿਰਾਇਆ ਸੀ।




# ਫਲੋਰੀਡਾ ਫੈਡਰਲ ਕੋਰਟ ਵੱਲੋਂ ਟਰੰਪ ਨੂੰ ਵੱਡਾ ਕਾਨੂੰਨੀ ਝਟਕਾ

■ 10 ਬਿਲੀਅਨ ਡਾਲਰ ਦਾ ਮਾਣਹਾਨੀ ਕੇਸ ਕੀਤਾ ਖਾਰਜ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਫਲੋਰੀਡਾ ਦੀ ਇੱਕ ਸੰਘੀ ਅਦਾਲਤ ਤੋਂ ਉਸ ਸਮੇਂ ਵੱਡਾ ਕਾਨੂੰਨੀ ਝਟਕਾ ਲੱਗਾ, ਜਦੋਂ ਜੱਜ ਨੇ ਦੁਨੀਆਂ ਦੇ ਨਾਮਵਰ ਅਖ਼ਬਾਰ ‘ਵਾਲ ਸਟਰੀਟ ਜਰਨਲ’ (ਡਬਲਯੂ.ਐੱਸ.ਜੇ.) ਅਤੇ ਮੀਡੀਆ ਟਾਈਕੂਨ ਰੂਪਰਟ ਮਰਡੋਕ ਵਿਰੁੱਧ ਉਨ੍ਹਾਂ ਦੇ 10 ਬਿਲੀਅਨ ਡਾਲਰ ਦੇ ਮਾਣਹਾਨੀ ਦੇ ਕੇਸ ਨੂੰ ਖਾਰਜ ਕਰ ਦਿੱਤਾ। ਟਰੰਪ ਨੇ ਇਲਜ਼ਾਮ ਲਾਇਆ ਸੀ ਕਿ ਅਖ਼ਬਾਰ ਨੇ ਉਨ੍ਹਾਂ ਦੇ ਅਤੇ ਕੁਖਿਆਤ ਅਪਰਾਧੀ ਜੈਫਰੀ ਐਪਸਟੀਨ ਦੇ ਸਬੰਧਾਂ ਬਾਰੇ ਗਲਤ ਖਬਰਾਂ ਪ੍ਰਕਾਸ਼ਿਤ ਕੀਤੀਆਂ ਹਨ।

ਇਹ ਕਾਨੂੰਨੀ ਲੜਾਈ ਪਿਛਲੇ ਸਾਲ ਜੁਲਾਈ ਵਿਚ ਸ਼ੁਰੂ ਹੋਈ ਸੀ, ਜਦੋਂ ‘ਵਾਲ ਸਟਰੀਟ ਜਰਨਲ’ ਨੇ ਟਰੰਪ ਅਤੇ ਜੈਫਰੀ ਐਪਸਟੀਨ ਦੇ ਪੁਰਾਣੇ ਰਿਸ਼ਤਿਆਂ ’ਤੇ ਇੱਕ ਖੋਜੀ ਰਿਪੋਰਟ ਛਾਪੀ ਸੀ। ਇਸ ਰਿਪੋਰਟ ਵਿਚ 2003 ਦੇ ਇੱਕ ਫੋਟੋ ਐਲਬਮ ਦਾ ਜ਼ਿਕਰ ਸੀ, ਜੋ ਐਪਸਟੀਨ ਦੇ 50ਵੇਂ ਜਨਮਦਿਨ ਲਈ ਤਿਆਰ ਕੀਤਾ ਗਿਆ ਸੀ। ਇਸ ਐਲਬਮ ਵਿਚ ਟਰੰਪ ਦੇ ਹਸਤਾਖਰ ਵਾਲਾ ਇੱਕ ਪੱਤਰ ਸ਼ਾਮਲ ਸੀ, ਜਿਸ ਦੀ ਭਾਸ਼ਾ ਨੂੰ ਅਖ਼ਬਾਰ ਨੇ ਜਿਨਸੀ ਤੌਰ ’ਤੇ ਸੰਕੇਤਕ ਦੱਸਿਆ ਸੀ। ਟਰੰਪ ਨੇ ਇਸ ਨੂੰ ਆਪਣੀ ਅਕਸ ਖਰਾਬ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ ਅਤੇ ਮੀਡੀਆ ਅਦਾਰੇ ਵਿਰੁੱਧ ਭਾਰੀ ਜੁਰਮਾਨੇ ਦਾ ਦਾਅਵਾ ਠੋਕ ਦਿੱਤਾ।

ਫਲੋਰੀਡਾ ਦੇ ਡਿਸਟ੍ਰਿਕਟ ਜੱਜ ਡੈਰਿਨ ਪੀ. ਗੇਲਸ ਨੇ ਆਪਣੇ ਹੁਕਮਾਂ ਵਿਚ ਟਰੰਪ ਦੀਆਂ ਦਲੀਲਾਂ ਨੂੰ ਬੇਹੱਦ ਕਮਜ਼ੋਰ ਪਾਇਆ। ਜੱਜ ਨੇ ਸਪੱਸ਼ਟ ਕੀਤਾ ਕਿ ਟਰੰਪ ਇਹ ਸਾਬਤ ਕਰਨ ਵਿਚ ਅਸਫਲ ਰਹੇ ਕਿ ਅਖ਼ਬਾਰ ਨੇ ਇਹ ਲੇਖ ਕਿਸੇ ਬਦਨੀਤੀ ਨਾਲ ਛਾਪਿਆ ਸੀ। ਅਦਾਲਤ ਨੇ ਕਿਹਾ ਕਿ ਅਮਰੀਕੀ ਕਾਨੂੰਨ ਅਨੁਸਾਰ ਪ੍ਰੈੱਸ ਦੀ ਆਜ਼ਾਦੀ ਸਰਵਉੱਚ ਹੈ ਅਤੇ ਕਿਸੇ ਜਨਤਕ ਹਸਤੀ ਵਿਰੁੱਧ ਖਬਰ ਉਦੋਂ ਤੱਕ ਮਾਣਹਾਨੀ ਨਹੀਂ ਮੰਨੀ ਜਾਂਦੀ, ਜਦੋਂ ਤੱਕ ਇਹ ਸਾਬਤ ਨਾ ਹੋ ਜਾਵੇ ਕਿ ਪੱਤਰਕਾਰ ਨੇ ਜਾਣਬੁੱਝ ਕੇ ਝੂਠ ਫੈਲਾਇਆ ਹੈ।

ਜੱਜ ਨੇ ਹਾਲਾਂਕਿ ਟਰੰਪ ਨੂੰ ਆਪਣੀ ਸ਼ਿਕਾਇਤ ਵਿਚ ਸੁਧਾਰ ਕਰਨ ਦਾ ਇੱਕ ਮੌਕਾ ਦਿੱਤਾ ਹੈ, ਪਰ ਮੌਜੂਦਾ ਸਥਿਤੀ ਵਿਚ ਕੇਸ ਦਾ ਖਾਰਜ ਹੋਣਾ ਟਰੰਪ ਅਤੇ ਉਨ੍ਹਾਂ ਦੇ ਕਾਨੂੰਨੀ ਸਲਾਹਕਾਰਾਂ ਲਈ ਇੱਕ ਵੱਡੀ ਫਜ਼ੀਹਤ ਮੰਨਿਆ ਜਾ ਰਿਹਾ ਹੈ।

# ਕਿਉਂ ਭਾਰਤ 25 ਲੱਖ ਲੋਕਾਂ ਸਿਰ ਮੰਡਰਾ ਰਿਹਾ ਹੈ ਗਰੀਬੀ ਦਾ ਖਤਰਾ?

ਸੰਯੁਕਤ ਰਾਸ਼ਟਰ, (ਪੰਜਾਬ ਮੇਲ)- ਪੱਛਮੀ ਏਸ਼ੀਆ ਵਿਚ ਚੱਲ ਰਹੇ ਸੰਘਰਸ਼ ਅਤੇ ਫੌਜੀ ਤਣਾਅ ਕਾਰਨ ਭਾਰਤ ਵਿਚ 25 ਲੱਖ ਲੋਕਾਂ ਦੇ ਗਰੀਬੀ ਦੀ ਲਪੇਟ ਵਿਚ ਆਉਣ ਦਾ ਖਤਰਾ ਪੈਦਾ ਹੋ ਗਿਆ ਹੈ। ਸੰਯੁਕਤ ਰਾਸ਼ਟਰ ਦੇ ਅਨੁਮਾਨਾਂ ਅਨੁਸਾਰ ਦੇਸ਼ ਦੇ ਮਨੁੱਖੀ ਵਿਕਾਸ ਦੀ ਪ੍ਰਗਤੀ ਵਿਚ ਵੀ ਕੁਝ ਨੁਕਸਾਨ ਹੋਣ ਦੀ ਸੰਭਾਵਨਾ ਹੈ।

ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ.ਐੱਨ.ਡੀ.ਪੀ.) ਨੇ ‘ਮਿਲਟਰੀ ਐਸਕੇਲੇਸ਼ਨ ਇਨ ਦ ਮਿਡਲ ਈਸਟ: ਹਿਊਮਨ ਡਿਵੈਲਪਮੈਂਟ ਇਮਪੈਕਟਸ ਐਕਰੋਸ ਏਸ਼ੀਆ ਐਂਡ ਦ ਪੈਸੀਫਿਕ’ ਸਿਰਲੇਖ ਵਾਲੀ ਰਿਪੋਰਟ ਵਿਚ ਨੋਟ ਕੀਤਾ ਹੈ ਕਿ ਇਹ ਸੰਘਰਸ਼ “ਏਸ਼ੀਆ ਅਤੇ ਪ੍ਰਸ਼ਾਂਤ ਖੇਤਰ ਵਿਚ ਮਨੁੱਖੀ ਵਿਕਾਸ ਦੇ ਦਬਾਅ ਨੂੰ ਵਧਾ ਰਿਹਾ ਹੈ। ਤੇਲ, ਭਾੜੇ ਅਤੇ ਲਾਗਤਾਂ ਵਿਚ ਵਾਧੇ ਰਾਹੀਂ, ਇਹ ਝਟਕਾ ਘਰੇਲੂ ਖਰੀਦ ਸ਼ਕਤੀ ਨੂੰ ਘਟਾ ਰਿਹਾ ਹੈ, ਭੋਜਨ ਦੀ ਅਸੁਰੱਖਿਆ ਵਧਾ ਰਿਹਾ ਹੈ, ਸਰਕਾਰੀ ਬਜਟਾਂ ’ਤੇ ਬੋਝ ਪਾ ਰਿਹਾ ਹੈ ਅਤੇ ਰੋਜ਼ੀ-ਰੋਟੀ ਨੂੰ ਕਮਜ਼ੋਰ ਕਰ ਰਿਹਾ ਹੈ।”

ਜਾਰੀ ਕੀਤੇ ਗਏ ਮੁੱਢਲੇ ਮੁਲਾਂਕਣ ਅਨੁਸਾਰ ਵਿਸ਼ਵ ਪੱਧਰ ’ਤੇ 88 ਲੱਖ ਲੋਕਾਂ ਦੇ ਗਰੀਬੀ ਵਿਚ ਡਿੱਗਣ ਦਾ ਖਤਰਾ ਹੈ ਅਤੇ ਪੱਛਮੀ ਏਸ਼ੀਆ ਦੇ ਫੌਜੀ ਤਣਾਅ ਕਾਰਨ ਏਸ਼ੀਆ-ਪ੍ਰਸ਼ਾਂਤ ਖੇਤਰ ਨੂੰ 299 ਅਰਬ ਡਾਲਰ ਤੱਕ ਦਾ ਨੁਕਸਾਨ ਹੋ ਸਕਦਾ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਗਰੀਬੀ ਲਗਪਗ 4 ਲੱਖ ਤੋਂ ਵਧ ਕੇ 25 ਲੱਖ ਤੱਕ ਪਹੁੰਚਣ ਦੀ ਉਮੀਦ ਹੈ। ਇਸ ਵਿਚ ਅੱਗੇ ਕਿਹਾ ਗਿਆ ਹੈ ਕਿ ਸੰਘਰਸ਼ ਦੇ ਨਤੀਜੇ ਵਜੋਂ ਦੁਨੀਆਂ ਵਿਚ ਗਰੀਬੀ ਵਿਚ ਧੱਕੇ ਜਾਣ ਵਾਲੇ ਲੋਕਾਂ ਦੀ ਸੰਖਿਆ ਵੱਖ-ਵੱਖ ਸਥਿਤੀਆਂ ਅਨੁਸਾਰ ਲਗਭਗ 19 ਲੱਖ ਤੋਂ ਵੱਧ ਕੇ ਲਗਭਗ 88 ਲੱਖ ਹੋ ਜਾਂਦੀ ਹੈ। ਦੱਖਣੀ ਏਸ਼ੀਆ ਦਾ ਇਸ ਵਿਚ ਸਭ ਤੋਂ ਵੱਡਾ ਹਿੱਸਾ ਹੈ, ਜੋ ਕਿ ਲਗਪਗ 17 ਲੱਖ ਤੋਂ ਲੈ ਕੇ 80 ਲੱਖ ਤੋਂ ਵੱਧ ਤੱਕ ਹੈ, ਜੋ ਕਿ ਇਸ ਉਪ-ਖੇਤਰ ਦੀ ਆਬਾਦੀ ਦੇ ਆਕਾਰ ਅਤੇ ਆਮਦਨ ਤੇ ਕੀਮਤਾਂ ਦੇ ਝਟਕਿਆਂ ਪ੍ਰਤੀ ਇਸਦੀ ਵਧੇਰੇ ਸੰਵੇਦਨਸ਼ੀਲਤਾ ਨੂੰ ਦਰਸਾਉਂਦਾ ਹੈ। ਚੀਨ ਵਿਚ ਗਰੀਬੀ ਦੇ ਖਤਰੇ ਵਾਲੇ ਲੋਕਾਂ ਦੀ ਗਿਣਤੀ ਵਿਚ ਲਗਪਗ 1,15,000 ਤੋਂ 6,20,000 ਤੱਕ ਦਾ ਮਾਮੂਲੀ ਵਾਧਾ ਹੋਣ ਦਾ ਅਨੁਮਾਨ ਹੈ। ਫੌਜੀ ਤਣਾਅ ਦੇ ਅਨੁਮਾਨਿਤ ਗਰੀਬੀ ਪ੍ਰਭਾਵਾਂ ਨੂੰ ਉਜਾਗਰ ਕਰਦੇ ਹੋਏ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਦੀ ਗਰੀਬੀ ਦਰ ਸੰਕਟ ਤੋਂ ਬਾਅਦ 23.9 ਫੀਸਦੀ ਤੋਂ ਵਧ ਕੇ 24.2 ਫੀਸਦੀ ਹੋਣ ਦਾ ਅਨੁਮਾਨ ਹੈ, ਜਿਸ ਨਾਲ 2,464,698 ਲੋਕ ਗਰੀਬੀ ਵਿਚ ਚਲੇ ਜਾਣਗੇ। ਯੂ.ਐੱਨ.ਡੀ.ਪੀ. ਦਾ ਸਿਮੂਲੇਸ਼ਨ ਖੇਤਰ ਦੇ ਦੇਸ਼ਾਂ ਲਈ ਮਨੁੱਖੀ ਵਿਕਾਸ ਸੂਚਕਾਂਕ (ਐੱਚ.ਡੀ.ਆਈ.) ’ਤੇ ਸੰਘਰਸ਼ ਦੇ ਪ੍ਰਭਾਵ ਦਾ ਅੰਦਾਜ਼ਾ ਲਗਾਉਂਦਾ ਹੈ। ਇਹ ਦਰਸਾਉਂਦਾ ਹੈ ਕਿ ਇਰਾਨ ਦਾ ਐੱਚ.ਡੀ.ਆਈ. ਲਗਪਗ ਇੱਕ ਤੋਂ ਡੇਢ ਸਾਲ ਦੀ ਮਨੁੱਖੀ ਵਿਕਾਸ ਪ੍ਰਗਤੀ ਦੇ ਬਰਾਬਰ ਡਿੱਗ ਸਕਦਾ ਹੈ।

## ਸ਼ੋਕ ਸਮਾਚਾਰ

### ਮਾਤਾ ਪ੍ਰੇਮ ਕੌਰ ਢੇਸੀ ਫਰਿਜ਼ਨੋ ਦੇ ਅਕਾਲ ਚਲਾਣੇ ’ਤੇ ਸਮੂਹ ਢੇਸੀ ਪਰਿਵਾਰ ਨੂੰ ਸਦਮਾ

■ “ਅੰਤਿਮ ਸੰਸਕਾਰ ਅਤੇ ਸ਼ਰਧਾਂਜਲੀਆਂ 16 ਅਪ੍ਰੈਲ ਨੂੰ”

ਫਰਿਜ਼ਨੋ, (ਧਾਲੀਆਂ/ਮਾਛੀਕੇ/ ਪੰਜਾਬ ਮੇਲ)- ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਦੇ ਸਰਗਰਮ ਮੋਢੀ ਮੈਂਬਰ ਸ. ਹਰਜਿੰਦਰ ਸਿੰਘ ਢੇਸੀ ਦੇ ਮਾਤਾ ਜੀ ਬੀਬੀ ਪ੍ਰੇਮ ਕੌਰ ਢੇਸੀ (ਪਤਨੀ ਸਵ. ਗੁਰਦੀਪ ਸਿੰਘ ਅਣਖੀ - ਫਾਊਂਡਰ ਮੈਂਬਰ ਇੰਡੋ-ਹੈਰੀਟੇਜ ਫੋਰਮ ਫਰਿਜ਼ਨੋ, ਕੈਲੀਫੋਰਨੀਆ) 10 ਅਪ੍ਰੈਲ 2026, ਦਿਨ ਸ਼ੁੱਕਰਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਉਮਰ 88 ਸਾਲ ਦੇ ਲਗਭਗ ਸੀ। ਉਹ ਬਹੁਤ ਮਿਲਾਪੜੇ ਅਤੇ ਸੇਵਾ ਭਾਵਨਾ ਵਾਲੇ ਸਨ, ਜਿਨ੍ਹਾਂ ਨੇ ਹਮੇਸ਼ਾ ਆਪਣੇ ਪਰਿਵਾਰ ਅਤੇ ਹੋਰ ਭਾਈਚਾਰੇ ਨੂੰ ਯੋਗ ਅਗਵਾਈ ਦਿੱਤੀ। ਉਨ੍ਹਾਂ ਦਾ ਅੰਤਿਮ ਸਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ “ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ” 4800 E Clayton Ave, Fowler, CA 93625 ਵਿਖੇ 16 ਅਪ੍ਰੈਲ 2026, ਦਿਨ ਵੀਰਵਾਰ ਨੂੰ ਬਾਅਦ ਦੁਪਹਿਰ 2 ਤੋਂ 4 ਵਜੇ ਤੱਕ ਹੋਵੇਗੀ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ 4827 N Parkway Dr, Fresno, CA 93722 ਵਿਖੇ ਹੋਵੇਗੀ। ਅਸੀਂ ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ਮਾਤਾ ਜੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਜਾਂ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪੁੱਤਰ ਹਰਜਿੰਦਰ ਸਿੰਘ ਢੇਸੀ ਨਾਲ ਫੋਨ ਨੰਬਰ (559) 618-0156 ’ਤੇ ਸੰਪਰਕ ਕੀਤਾ ਜਾ ਸਕਦਾ ਹੈ।



ਬੀਬੀ ਪ੍ਰੇਮ ਕੌਰ ਢੇਸੀ

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com



# ਟਰੰਪ ਵੱਲੋਂ ਈਰਾਨ ਵਿਰੁੱਧ ਸਮੁੰਦਰੀ ਘੇਰਾਬੰਦੀ

**■ ਕਿਹਾ: ਜੇ ਘੇਰਾਬੰਦੀ ਨੇੜੇ ਕੋਈ ਜਹਾਜ਼ ਆਇਆ, ਤਾਂ ਤੁਰੰਤ ਖਤਮ ਕੀਤਾ**





**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਵਿਰੁੱਧ ਜਾਰੀ ਸਮੁੰਦਰੀ ਘੇਰਾਬੰਦੀ ਦੇ ਸਬੰਧ 'ਚ ਇੱਕ ਬਹੁਤ ਹੀ ਸਖ਼ਤ ਬਿਆਨ ਜਾਰੀ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਰਾਸ਼ਟਰਪਤੀ ਨੇ ਦਾਅਵਾ ਕੀਤਾ ਹੈ ਕਿ ਈਰਾਨ ਦੀ ਜਲ ਸੈਨਾ ਦੇ 15 ਜਹਾਜ਼ ਪੂਰੀ ਤਰ੍ਹਾਂ ਤਬਾਹ ਹੋ ਕੇ ਸਮੁੰਦਰ ਦੇ ਤਲ ਵਿਚ ਡੁੱਬ ਚੁੱਕੇ ਹਨ। ਦੱਸ ਦਈਏ ਕਿ ਟਰੰਪ ਦੇ ਐਲਾਨ ਮੁਤਾਬਕ ਹੋਰਮੁਜ਼ ਵਿਚ ਅਮਰੀਕਾ ਵੱਲੋਂ ਨਾਕਾਬੰਦੀ ਸ਼ੁਰੂ ਹੋ ਗਈ ਹੈ।

ਉਨ੍ਹਾਂ ਨੇ ਦੱਸਿਆ ਕਿ ਅਮਰੀਕੀ ਫੌਜ ਨੇ ਹੁਣ ਤੱਕ ਈਰਾਨ ਦੇ ਉਨ੍ਹਾਂ ਛੋਟੇ 'ਫਾਸਟ ਅਟੈਕ ਜਹਾਜ਼ਾਂ' ਨੂੰ ਨਿਸ਼ਾਨਾ ਨਹੀਂ ਬਣਾਇਆ ਸੀ, ਜਿਨ੍ਹਾਂ ਨੂੰ ਪਹਿਲਾਂ ਕੋਈ ਵੱਡਾ ਖ਼ਤਰਾ ਨਹੀਂ ਮੰਨਿਆ ਜਾ ਰਿਹਾ ਸੀ। ਪਰ ਹੁਣ ਰਾਸ਼ਟਰਪਤੀ ਨੇ ਸਪੱਸ਼ਟ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਨ੍ਹਾਂ ਵਿਚੋਂ ਕੋਈ ਵੀ ਜਹਾਜ਼ ਅਮਰੀਕੀ ਘੇਰਾਬੰਦੀ ਦੇ ਨੇੜੇ ਆਉਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸਨੂੰ ਤੁਰੰਤ ਖ਼ਤਮ ਕਰ ਦਿੱਤਾ ਜਾਵੇਗਾ।

ਰਾਸ਼ਟਰਪਤੀ ਨੇ ਕਿਹਾ ਕਿ ਇਹ ਕਾਰਵਾਈ ਓਨੀ ਹੀ ਤੇਜ਼ ਅਤੇ ਬੇਰਹਿਮ ਹੋਵੇਗੀ, ਜਿਵੇਂ ਸਮੁੰਦਰ ਵਿਚ ਨਸ਼ਾ ਤਸਕਰਾਂ ਵਿਰੁੱਧ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇੱਕ ਵੱਡੀ ਸਫਲਤਾ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸਮੁੰਦਰੀ ਰਸਤੇ ਰਾਹੀਂ ਅਮਰੀਕਾ ਵਿਚ ਆਉਣ ਵਾਲੇ 98.2% ਨਸ਼ੇ ਦੀ ਸਪਲਾਈ ਨੂੰ ਰੋਕ ਦਿੱਤਾ ਗਿਆ ਹੈ। ਇਹ ਬਿਆਨ ਈਰਾਨ ਅਤੇ ਅਮਰੀਕਾ ਵਿਚਾਲੇ ਵਧਦੇ ਤਣਾਅ ਨੂੰ ਹੋਰ ਤੇਜ਼ ਕਰ ਸਕਦਾ ਹੈ।

# ਮਿਡਲ ਈਸਟ ਜੰਗ: ਹੁਣ ਪੁਤਿਨ ਵੱਲੋਂ ਅਮਰੀਕਾ ਤੇ ਈਰਾਨ ਵਿਚਾਲੇ ਵਿਚੋਲਗੀ ਦੀ ਪੇਸ਼ਕਸ਼

**ਮਾਸਕੋ/ਤੇਹਰਾਨ, (ਪੰਜਾਬ ਮੇਲ)-** ਮਿਡਲ ਈਸਟ 'ਚ ਜਾਰੀ ਜੰਗ ਦਰਮਿਆਨ ਇੱਕ ਵੱਡਾ ਘਟਨਾਕ੍ਰਮ ਸਾਹਮਣੇ ਆਇਆ ਹੈ। ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ 'ਚ ਅਮਰੀਕਾ ਤੇ ਈਰਾਨ ਵਿਚਾਲੇ ਹੋਈ ਗੱਲਬਾਤ ਦੇ ਅਸਫਲ ਰਹਿਣ ਤੋਂ ਬਾਅਦ ਹੁਣ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਇਸ ਜੰਗ ਨੂੰ ਰੋਕਣ ਲਈ ਸਰਗਰਮੀ ਦਿਖਾਈ ਹੈ। ਪੁਤਿਨ ਨੇ ਅਮਰੀਕਾ ਅਤੇ ਈਰਾਨ ਵਿਚਾਲੇ ਵਿਚੋਲਗੀ ਕਰਨ ਦੀ ਪੇਸ਼ਕਸ਼ ਕੀਤੀ ਹੈ ਤਾਂ ਜੋ ਖੇਤਰ 'ਚ ਵਧ ਰਹੇ ਤਣਾਅ ਨੂੰ ਘੱਟ ਕੀਤਾ ਜਾ ਸਕੇ।




ਰੂਸੀ ਰਾਸ਼ਟਰਪਤੀ ਪੁਤਿਨ ਨੇ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨਾਲ ਫੋਨ 'ਤੇ ਗੱਲਬਾਤ ਕੀਤੀ। ਇਸ ਦੌਰਾਨ ਪੁਤਿਨ ਨੇ ਸਪੱਸ਼ਟ ਕੀਤਾ ਕਿ ਰੂਸ ਇਸ ਪੂਰੇ ਇਲਾਕੇ ਵਿਚ ਸ਼ਾਂਤੀ ਸਥਾਪਿਤ ਕਰਨ ਦੇ ਯਤਨਾਂ 'ਚ ਹਰ ਸੰਭਵ ਮਦਦ ਕਰਨ ਲਈ ਤਿਆਰ ਹੈ। ਕ੍ਰੇਮਲਿਨ ਅਨੁਸਾਰ, ਰੂਸ ਚਾਹੁੰਦਾ ਹੈ ਕਿ ਗੱਲਬਾਤ ਰਾਹੀਂ ਇਸ ਸੰਕਟ ਦਾ ਹੱਲ ਕੱਢਿਆ ਜਾਵੇ ਅਤੇ ਪੂਰੇ ਖੇਤਰ ਵਿਚ ਸਥਿਰਤਾ ਆਵੇ। ਜ਼ਿਕਰਯੋਗ ਹੈ ਕਿ 28 ਫਰਵਰੀ ਨੂੰ ਅਮਰੀਕਾ-ਇਜ਼ਰਾਈਲ ਅਤੇ ਈਰਾਨ ਵਿਚਾਲੇ ਸ਼ੁਰੂ ਹੋਈ ਜੰਗ ਹੁਣ ਨਾਜ਼ੁਕ ਮੋੜ 'ਤੇ ਹੈ। ਹਾਲਾਂਕਿ ਦੋ ਹਫ਼ਤਿਆਂ ਲਈ ਸੀਜ਼ਫਾਇਰ (ਜੰਗਬੰਦੀ) ਹੋਈ ਹੈ, ਪਰ ਇਸ ਨੂੰ ਟਿਕਾਊ ਬਣਾਉਣ ਲਈ ਇਸਲਾਮਾਬਾਦ ਵਿਚ ਹੋਈ ਬੈਠਕ ਬੇਸਿੱਟਾ ਰਹੀ। ਸਾਲ 1979 ਤੋਂ ਬਾਅਦ ਇਹ ਪਹਿਲੀ ਵਾਰ ਸੀ, ਜਦੋਂ ਅਮਰੀਕਾ ਅਤੇ ਈਰਾਨ ਦੇ ਪ੍ਰਤੀਨਿਧੀ ਇੱਕ ਮੇਜ਼ 'ਤੇ ਬੈਠੇ ਸਨ, ਪਰ ਅਵਿਸ਼ਵਾਸ ਕਾਰਨ ਕੋਈ ਸਿੱਟਾ ਨਹੀਂ ਨਿਕਲ ਸਕਿਆ।

## ਸ਼ੋਕ ਸਮਾਚਾਰ

### ਕਲੋਵਿਸ ਨਿਵਾਸੀ ਸ. ਗੁਰਦੇਵ ਸਿੰਘ ਸੁੰਨੜ ਦੇ ਅਕਾਲ ਚਲਾਣੇ 'ਤੇ ਸਮੂਹ ਸੁੰਨੜ ਪਰਿਵਾਰ ਨੂੰ ਸਦਮਾ

**ਫਰਿਜ਼ਨੋ, (ਧਾਲੀਆਂ/ਮਾਛੀਕੇ/ ਪੰਜਾਬ ਮੇਲ)-** ਬੀਤੇ ਦਿਨੀਂ ਕਲੋਵਿਸ, ਕੈਲੀਫੋਰਨੀਆ ਨਿਵਾਸੀ ਸ. ਗੁਰਦੇਵ ਸਿੰਘ ਸੁੰਨੜ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 5 ਅਪ੍ਰੈਲ, 2026 ਨੂੰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦਾ ਪੰਜਾਬ ਤੋਂ ਪਿਛੋਕੜ ਨੂਰਮਹਿਲ ਸੀ। ਉਹ ਆਪਣੇ ਪਿੱਛੇ ਹਰੀ-ਭਰੀ ਖੁਸ਼ਹਾਲ ਪਰਿਵਾਰਕ ਫੁੱਲਬਾੜੀ ਛੱਡ ਗਏ ਹਨ। ਉਨ੍ਹਾਂ ਦਾ ਅੰਤਿਮ ਸਸਕਾਰ ਅਤੇ ਸ਼ਰਧਾਂਲੀਆਂ ਦੀ ਰਸਮ "ਸਾਂਤ ਭਵਨ ਪੰਜਾਬੀ ਫਿਊਨਰਲ ਹੋਮ" **4800 E. Clayton Avenue, Fowler CA 93625** ਵਿਖੇ 15 ਅਪ੍ਰੈਲ 2026, ਦਿਨ ਬੁੱਧਵਾਰ ਨੂੰ ਸਵੇਰੇ 11 ਵਜੇ ਤੋਂ 1 ਵਜੇ ਤੱਕ ਹੋਵੇਗੀ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ "ਗੁਰਦੁਆਰਾ ਨਾਨਕਸਰ ਚੈਰੀ ਐਵਨਿਊ ਫਰਿਜ਼ਨੋ, **3060 S. Cherry Ave, Fresno, CA 93706** ਵਿਖੇ ਹੋਵੇਗੀ। ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਜਸਵੀਰ ਸਿੰਘ ਸੁੰਨੜ ਨਾਲ ਫੋਨ ਨੰਬਰ: (559) 908-6264 ਜਾਂ ਰੋਜ਼ਰ ਸਿੰਘ ਸੁੰਨੜ ਨਾਲ ਫੋਨ ਨੰਬਰ: (559) 681-7340 'ਤੇ ਸੰਪਰਕ ਕੀਤਾ ਜਾ ਸਕਦਾ ਹੈ।



*ਗੁਰਦੇਵ ਸਿੰਘ ਸੁੰਨੜ।*

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com



# ਡਾ. ਐੱਸ.ਪੀ. ਸਿੰਘ ਓਬਰਾਏ ਦੇ ਜਨਮਦਿਨ 'ਤੇ ਲੋੜਵੰਦ ਨੂੰ ਬਣਾ ਕੇ ਦਿੱਤਾ ਮਕਾਨ, ਲੋੜਵੰਦ ਮਰੀਜ਼ਾਂ ਨੂੰ ਵਿੱਤੀ ਸਹਾਇਤਾ

## 16 ਅਪ੍ਰੈਲ ਨੂੰ ਮਲੋਟ ਵਿਖੇ ਲੱਗੇਗਾ ਅੱਖਾਂ ਦਾ ਮੁਫ਼ਤ ਕੈਂਪ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਦੁਨੀਆਂ ਭਰ ਵਿਚ ਪ੍ਰਸਿੱਧ ਸਮਾਜਸੇਵੀ, ਬਿਨਾਂ ਕਿਸੇ ਤੋਂ ਪੈਸੇ ਲਿਆਂ, ਆਪਣੀ ਕੁੱਲ ਕਮਾਈ ਦਾ 98% ਹਿੱਸਾ ਦੀਨ ਦੁਖੀਆਂ 'ਤੇ ਲਗਾਉਣ ਵਾਲੇ, ਸਮੁੱਚੀ ਲੋਕਾਈ ਦੀ ਪੀੜਾਂ ਨੂੰ ਮਹਿਸੂਸ ਕਰਨ ਅਤੇ ਉਨ੍ਹਾਂ ਦੀ ਪੀੜਾਂ ਨੂੰ ਘਟਾਉਣ ਲਈ ਕੁੱਝ ਕਰ ਗੁਜ਼ਰਨ ਲਈ ਹਮੇਸ਼ਾ ਤੱਤਪਰ ਰਹਿਣ ਵਾਲੇ, ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ 13 ਅਪ੍ਰੈਲ ਨੂੰ 70ਵਾਂ ਜਨਮਦਿਨ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਸੇਵਾ ਦੇ ਕਾਰਜਾਂ ਨੂੰ ਕਰਕੇ ਮਨਾਇਆ ਗਿਆ।



ਡਾ. ਐੱਸ.ਪੀ. ਸਿੰਘ ਓਬਰਾਏ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਪਿਛਲੇ ਸਮੇਂ ਬਾਰਸ਼ ਨਾਲ਼ ਪਿੰਡ ਵੰਗਲ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਬਹੁਤ ਹੀ ਗਰੀਬ ਪਰਿਵਾਰ ਦਾ ਮਕਾਨ ਡਿੱਗ ਪਿਆ ਸੀ ਪਰ ਪ੍ਰਮਾਤਮਾ ਦੀ ਕਿਰਪਾ ਨਾਲ ਵਿਚ ਸੁੱਤੇ ਪਏ ਬੱਚੇ ਅਤੇ ਪਰਿਵਾਰਕ ਮੈਂਬਰ ਬੱਚ ਗਏ ਸਨ। ਪਰਿਵਾਰ ਵੱਲੋਂ ਟਰੱਸਟ ਦੇ ਰਾਹੀਂ ਡਾਕਟਰ ਓਬਰਾਏ ਨੂੰ ਮਦਦ ਦੀ ਅਪੀਲ ਕੀਤੀ ਗਈ ਸੀ। ਡਾ. ਓਬਰਾਏ ਦਾ ਜਨਮ ਦਿਨ ਮਨਾਉਂਦੇ ਹੋਏ ਪਰਿਵਾਰ ਨੂੰ ਰਹਿਣ ਲਈ ਮਕਾਨ ਸੌਂਪ ਦਿੱਤਾ ਗਿਆ ਹੈ। ਪਰਿਵਾਰ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਡਾ. ਓਬਰਾਏ ਦੇ ਜਨਮਦਿਨ 'ਤੇ 20 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ ਲੋੜੀਂਦੀ ਸਹਾਇਤਾ ਰਾਸ਼ੀ ਦਿੱਤੀ ਗਈ।

ਇਸ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਅਤੇ ਮਲੋਟ ਇਕਾਈ ਦੇ ਪ੍ਰਧਾਨ ਸ੍ਰੀ ਅਨਿਲ ਜੁਨੇਜਾ ਨੇ ਦੱਸਿਆ ਕਿ 16 ਅਪ੍ਰੈਲ ਨੂੰ ਡਾ. ਓਬਰਾਏ ਦੇ ਜਨਮਦਿਨ ਨੂੰ ਸਮਰਪਿਤ ਐਡਵਰਡਗੰਜ ਹਸਪਤਾਲ ਮਲੋਟ ਵਿਖੇ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਜਾਵੇਗਾ, ਜਿਸ ਦਾ ਉਦਘਾਟਨ ਡਾਕਟਰ ਬਲਜੀਤ ਕੌਰ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ ਅਤੇ ਡਾਕਟਰ ਬਲਜੀਤ ਕੌਰ ਦੂਸਰੇ ਡਾਕਟਰਾਂ ਦੇ ਨਾਲ ਅੱਖਾਂ ਦਾ ਚੈੱਕਅੱਪ ਵੀ ਆਪ ਕਰਨਗੇ। ਦਵਾਈਆਂ ਅਤੇ ਨੇੜੇ ਦੀ ਨਿਗਾਹ ਦੀਆਂ ਐਨਕਾਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਡਾ. ਓਬਰਾਏ ਦੇ 70ਵੇਂ ਜਨਮਦਿਨ ਨੂੰ ਸਮਰਪਿਤ ਮੁਫ਼ਤ ਦਿੱਤੀਆਂ ਜਾਣਗੀਆਂ।

ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ. ਲੈਕਚਰਾਰ, ਚਰਨਜੀਤ ਸਿੰਘ ਮੈਂਬਰ ਬਲਾਕ ਸੰਮਤੀ, ਸੁਖਬੀਰ ਸਿੰਘ ਜੈਲਦਾਰ, ਸੋਮ ਨਾਥ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ. ਆਦਿ ਹਾਜ਼ਰ ਸਨ।

# ਸੀ.ਬੀ.ਆਈ. ਅਦਾਲਤ ਵੱਲੋਂ ਮੁਅੱਤਲ ਡੀ.ਆਈ.ਜੀ. ਭੁੱਲਰ ਨੂੰ ਰਾਹਤ

## ਅਰਜ਼ੀ 'ਤੇ ਜਵਾਬ ਲਈ ਮੰਗਿਆ ਹੋਰ ਸਮਾਂ



**ਚੰਡੀਗੜ੍ਹ, (ਪੰਜਾਬ ਮੇਲ)-** ਚੰਡੀਗੜ੍ਹ ਦੀ ਸੀ.ਬੀ.ਆਈ. ਅਦਾਲਤ ਨੇ ਪੰਜਾਬ ਪੁਲਿਸ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦੀ ਉਸ ਬੇਨਤੀ ਨੂੰ ਪ੍ਰਵਾਨ ਕਰ ਲਿਆ ਹੈ, ਜਿਸ ਵਿਚ ਉਸ ਨੇ ਰਿਸ਼ਵਤਖੋਰੀ ਦੇ ਮਾਮਲੇ ਦੌਰਾਨ ਜ਼ਬਤ ਕੀਤੇ ਗਏ ਮੋਬਾਈਲ ਫੋਨ, ਅਸਲ ਦਸਤਾਵੇਜ਼ ਅਤੇ ਨਕਦੀ ਨੂੰ ਆਪਣੇ ਕਬਜ਼ੇ ਵਿਚ ਲੈਣ ਦੀ ਸੀ.ਬੀ.ਆਈ. ਦੀ ਅਰਜ਼ੀ 'ਤੇ ਜਵਾਬ ਦਾਖ਼ਲ ਕਰਨ ਲਈ ਸਮਾਂ ਮੰਗਿਆ ਸੀ।

ਸੀ.ਬੀ.ਆਈ. ਨੇ ਅਦਾਲਤ ਵਿਚ ਦਾਅਵਾ ਕੀਤਾ ਹੈ ਕਿ ਮੁਅੱਤਲ ਡੀ.ਆਈ.ਜੀ. ਭੁੱਲਰ ਅਤੇ ਉਸ ਦੇ ਸਾਥੀ ਕ੍ਰਿਸ਼ਾਨੂ ਸ਼ਾਰਦਾ ਵਿਰੁੱਧ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਦੀ ਜਾਂਚ ਦੌਰਾਨ ਪੰਜਾਬ ਪੁਲਿਸ ਦੇ ਕਈ ਹੋਰ ਅਧਿਕਾਰੀਆਂ ਅਤੇ ਨਿੱਜੀ ਵਿਅਕਤੀਆਂ ਦੀ ਸ਼ਮੂਲੀਅਤ ਪਾਈ ਗਈ ਹੈ।

ਇਹ ਮਾਮਲਾ ਅਕਤੂਬਰ 2025 ਵਿਚ ਆਕਾਸ਼ ਬੱਟਾ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ, ਜਿਸ ਵਿਚ ਕ੍ਰਿਸ਼ਾਨੂ ਨੂੰ ਡੀ.ਆਈ.ਜੀ. ਭੁੱਲਰ ਦੇ ਨਾਂ 'ਤੇ ਪੰਜ ਲੱਖ ਰੁਪਏ ਦੀ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ ਕੀਤਾ ਗਿਆ ਸੀ। ਸੀ.ਬੀ.ਆਈ. ਨੇ ਜਾਂਚ ਲਈ ਡੀ.ਆਈ.ਜੀ. ਭੁੱਲਰ ਦਾ ਮੋਬਾਈਲ ਫੋਨ, ਐਪਲ ਆਈਪੈਡ, ਮੈਕਬੁੱਕ ਪ੍ਰੋ ਅਤੇ ਲੈਪਟਾਪ ਦੀ ਮੰਗ ਕੀਤੀ ਹੈ। ਅਦਾਲਤ ਨੇ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 22 ਅਪ੍ਰੈਲ, 2026 ਤੱਕ ਮੁਲਤਵੀ ਕਰ ਦਿੱਤੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਨਵਜੋਤ ਸਿੰਘ ਸਿੱਧੂ ਦੀ ਵਾਇਰਲ ਰੀਲ ਨੇ ਸਿਆਸੀ ਹਲਕਿਆਂ 'ਚ ਨਵੀਂ ਚਰਚਾ



**ਅੰਮ੍ਰਿਤਸਰ, (ਪੰਜਾਬ ਮੇਲ)-** ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਨੇ ਸੋਸ਼ਲ ਮੀਡੀਆ 'ਤੇ ਇੱਕ ਰਹੱਸਮਈ ਰੀਲ ਸਾਂਝੀ ਕਰਕੇ ਨਵੀਆਂ ਸਿਆਸੀ ਚਰਚਾਵਾਂ ਛੇੜ ਦਿੱਤੀਆਂ ਹਨ। ਇਹ ਰੀਲ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਇਸ ਵੀਡੀਓ ਕਲਿੱਪ ਵਿਚ ਨਵਜੋਤ ਸਿੱਧੂ ਆਤਮ-ਵਿਸ਼ਵਾਸ ਨਾਲ ਆਪਣੀ ਕਾਰ ਵੱਲ ਵਧਦੇ ਦਿਖਾਈ ਦੇ ਰਹੇ ਹਨ ਪਰ ਜਿਸ ਚੀਜ਼ ਨੇ ਸਭ ਤੋਂ ਵੱਧ ਲੋਕਾਂ ਦਾ ਧਿਆਨ ਖਿੱਚਿਆ ਹੈ, ਉਹ ਹੈ ਇਸ ਦੇ ਪਿੱਛੇ ਚੱਲ ਰਿਹਾ ਗੀਤ—ਕਰਨ ਔਜਲਾ ਦਾ ਲੈਟ ਐਮ ਪਲੇਅ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਰੀਲ ਵਿਚ ਵਰਤੇ ਗਏ ਗੀਤ ਦੇ ਖ਼ਾਸ ਬੋਲਾਂ ਨੇ ਇਸ ਨੂੰ ਇੱਕ ਡੂੰਘਾ ਸਿਆਸੀ ਰੰਗ ਦੇ ਦਿੱਤਾ ਹੈ।

ਇਨ੍ਹਾਂ ਸਤਰਾਂ ਦਾ ਮਤਲਬ ਹੈ: "ਮੈਂ ਮੈਦਾਨ ਵਿਚ ਉਤਰਾਂਗਾ—ਪਹਿਲਾਂ ਖੇਡ ਸ਼ੁਰੂ ਹੋਣ ਦਿਓ; ਫਿਲਹਾਲ ਜਿਹੜੇ ਖੇਡ ਰਹੇ ਹਨ, ਉਨ੍ਹਾਂ ਨੂੰ ਖੇਡਣ ਦਿਓ।"

ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਇਸ ਸੰਦੇਸ਼ ਨੂੰ ਨਜ਼ਰਅੰਦਾਜ਼ ਕਰਨਾ ਮੁਸ਼ਕਲ ਹੈ। ਹਾਲਾਂਕਿ ਸਿੱਧੂ ਨੇ ਪਿਛਲੇ ਕੁਝ ਹਫ਼ਤਿਆਂ ਵਿਚ ਕੋਈ ਸਿੱਧਾ ਜਨਤਕ ਬਿਆਨ ਨਹੀਂ ਦਿੱਤਾ ਹੈ ਪਰ ਇਸ ਰੀਲ ਨੂੰ ਉਨ੍ਹਾਂ ਦੀ ਪਤਨੀ ਨਵਜੋਤ ਕੌਰ ਸਿੱਧੂ ਦੀਆਂ ਵਧਦੀਆਂ ਸਿਆਸੀ ਗਤੀਵਿਧੀਆਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ, ਜਿਨ੍ਹਾਂ ਨੇ ਕਥਿਤ ਤੌਰ 'ਤੇ ਇੱਕ ਨਵੀਂ ਸਿਆਸੀ ਜਥੇਬੰਦੀ ਬਣਾਈ ਹੈ।

ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਇਹ ਰੀਲ ਕੋਈ ਆਮ ਪੋਸਟ ਨਹੀਂ, ਸਗੋਂ ਇੱਕ ਸੋਚੀ-ਸਮਝੀ ਚਾਲ ਹੈ। ਇੱਕ ਸਿਆਸੀ ਵਿਸ਼ਲੇਸ਼ਕ ਨੇ ਕਿਹਾ, "ਸਿੱਧੂ ਨੇ ਹਮੇਸ਼ਾ ਆਪਣੀ ਗੱਲ ਕਹਿਣ ਲਈ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਇਹ ਇੱਕ ਸੂਖਮ ਇਸ਼ਾਰਾ ਜਾਪਦਾ ਹੈ ਕਿ ਉਹ ਘਟਨਾਵਾਂ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ ਅਤੇ ਇੱਕ ਰਣਨੀਤਕ ਤੌਰ 'ਤੇ ਚੁਣੇ ਹੋਏ ਸਮੇਂ 'ਤੇ ਸਿਆਸੀ ਮੈਦਾਨ ਵਿਚ ਦਾਖਲ ਹੋ ਸਕਦੇ ਹਨ।"

ਗੀਤ ਦੇ ਬੋਲਾਂ ਵਿਚ ਵਰਤਿਆ ਗਿਆ ਸਬਰ ਅਤੇ ਸਹੀ ਸਮੇਂ ਦੀ ਚੋਣ ਵੱਲ ਇਸ਼ਾਰਾ ਕਰਦਾ ਹੈ। ਇਹ ਦੱਸਦਾ ਹੈ ਕਿ ਕੋਈ ਵੱਡਾ ਕਦਮ ਚੁੱਕਣ ਤੋਂ ਪਹਿਲਾਂ ਵਿਰੋਧੀਆਂ ਨੂੰ ਉਲਝਣ ਦਿੱਤਾ ਜਾਵੇ।

## ਨਵਜੋਤ ਸਿੰਘ ਸਿੱਧੂ ਕਿਸੇ ਪਾਰਟੀ ਦਾ ਹਿੱਸਾ ਨਹੀਂ: ਨਵਜੋਤ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੇ ਭਾਰਤੀ ਰਾਸ਼ਟਰਵਾਦੀ ਪਾਰਟੀ 'ਚ ਸ਼ਾਮਲ ਹੋਣ ਮਗਰੋਂ ਐਲਾਨ ਕੀਤਾ ਕਿ ਨਵਜੋਤ ਸਿੰਘ ਸਿੱਧੂ ਦਾ ਇਸ ਪਾਰਟੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਚੰਡੀਗੜ੍ਹ ਪ੍ਰੈੱਸ ਕਲੱਬ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਭਾਰਤੀ ਰਾਸ਼ਟਰਵਾਦੀ ਪਾਰਟੀ ਸਾਲ 2015 'ਚ ਰਜਿਸਟਰ ਹੋਈ ਸੀ, ਜਿਸ ਵੱਲੋਂ ਉਨ੍ਹਾਂ ਨੂੰ ਪੰਜਾਬ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ।

# ਅਮਰੀਕਾ 'ਚ ਇੱਕ ਦਹਾਕੇ ਦੌਰਾਨ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ 'ਚ 3700 ਫੀਸਦੀ ਵਾਧਾ

**ਚੰਡੀਗੜ੍ਹ, (ਪੰਜਾਬ ਮੇਲ)-** ਅਮਰੀਕਾ ਵਿਚ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਵਿਚ ਲੰਬੇ ਸਮੇਂ ਤੋਂ ਭਾਰੀ ਵਾਧਾ ਦੇਖਿਆ ਗਿਆ ਹੈ। ਐਕਸੀਓਸ ਦੁਆਰਾ ਹਵਾਲਾ ਦਿੱਤੇ ਗਏ ਸੰਘੀ ਜਾਂਚ ਬਿਊਰੋ (ਐੱਫ.ਬੀ.ਆਈ.) ਦੇ ਮੁੱਢਲੇ ਅੰਕੜਿਆਂ ਅਨੁਸਾਰ, ਪਿਛਲੇ ਦਹਾਕੇ ਵਿਚ ਇਨ੍ਹਾਂ ਮਾਮਲਿਆਂ ਵਿਚ ਲਗਭਗ 3,700 ਫੀਸਦੀ ਵਾਧਾ ਹੋਇਆ ਹੈ।

ਅੰਕੜੇ ਦਰਸਾਉਂਦੇ ਹਨ ਕਿ ਰਿਪੋਰਟ ਕੀਤੇ ਗਏ ਸਿੱਖ-ਵਿਰੋਧੀ ਨਫ਼ਰਤੀ ਅਪਰਾਧਾਂ ਦੀਆਂ ਘਟਨਾਵਾਂ 2015 ਵਿਚ ਸਿਰਫ਼ 6 ਕੇਸਾਂ ਤੋਂ ਵਧ ਕੇ 2025 ਵਿਚ 228 ਕੇਸ ਹੋ ਗਈਆਂ ਹਨ, ਜੋ ਕਿ ਨਿਸ਼ਾਨਾ ਬਣਾ ਕੇ ਕੀਤੀ ਗਈ ਪੱਖਪਾਤੀ ਹਿੰਸਾ ਵਿਚ ਤੇਜ਼ੀ ਨਾਲ ਹੋਏ ਵਾਧੇ ਨੂੰ ਦਰਸਾਉਂਦਾ ਹੈ।

ਹਾਲਾਂਕਿ 2024 ਦੇ ਮੁਕਾਬਲੇ 2025 ਵਿਚ ਅਮਰੀਕਾ ਵਿਚ ਕੁੱਲ ਨਫ਼ਰਤੀ ਅਪਰਾਧਾਂ ਦੀਆਂ ਘਟਨਾਵਾਂ ਵਿਚ 11 ਫੀਸਦੀ ਦੀ ਗਿਰਾਵਟ ਆਈ ਹੈ, ਪਰ ਇੱਕ ਦਹਾਕੇ ਦਾ ਵਿਆਪਕ ਰੁਝਾਨ ਉੱਪਰ ਵੱਲ ਹੀ ਰਿਹਾ ਹੈ। 2015 ਅਤੇ 2025 ਦੇ ਵਿਚਕਾਰ ਕੁੱਲ ਘਟਨਾਵਾਂ ਵਿਚ ਲਗਪਗ 88 ਫੀਸਦੀ ਦਾ ਵਾਧਾ ਹੋਇਆ ਹੈ। ਇਹ ਦਰਸਾਉਂਦਾ ਹੈ ਕਿ ਭਾਵੇਂ ਸਾਲ-ਦਰ-ਸਾਲ ਦੇ ਅੰਕੜਿਆਂ ਵਿਚ ਉਤਾਰ-ਚੜ੍ਹਾਅ ਆ ਸਕਦੇ ਹਨ, ਪਰ ਕਈ ਸ਼੍ਰੇਣੀਆਂ ਵਿਚ ਨਫ਼ਰਤ-ਅਧਾਰਤ ਹਿੰਸਾ ਦੇ ਲੰਬੇ ਸਮੇਂ ਦੇ ਪੈਟਰਨ ਵਧਦੇ ਜਾ ਰਹੇ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਨਫ਼ਰਤੀ ਅਪਰਾਧ ਅਕਸਰ ਸਾਰੇ ਭਾਈਚਾਰਿਆਂ ਵਿਚ ਇੱਕ ਸਮਾਨ ਨਹੀਂ ਵਧਦੇ; ਇਸ ਦੀ ਬਜਾਏ, ਸਮਾਜਿਕ ਬਿਰਤਾਂਤਾਂ, ਸਿਆਸੀ ਘਟਨਾਵਾਂ ਜਾਂ ਗਲਤ ਜਾਣਕਾਰੀ ਦੇ ਆਧਾਰ 'ਤੇ ਖਾਸ ਸਮੂਹਾਂ ਨੂੰ ਜ਼ਿਆਦਾ ਨਿਸ਼ਾਨਾ ਬਣਾਇਆ ਜਾ ਸਕਦਾ ਹੈ।

ਨਫ਼ਰਤੀ ਅਪਰਾਧ ਖੋਜਕਰਤਾ ਬ੍ਰਾਇਨ ਲੇਵਿਨ ਨੇ ਨੋਟ ਕੀਤਾ ਕਿ ਜਦੋਂ ਕਿਸੇ ਵਿਸ਼ੇਸ਼ ਭਾਈਚਾਰੇ ਬਾਰੇ ਡਰ-ਆਧਾਰਿਤ ਰੂੜ੍ਹੀਵਾਦੀ ਵਿਚਾਰ ਤੇਜ਼ ਹੁੰਦੇ ਹਨ, ਤਾਂ ਉਸ ਸਮੂਹ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਘਟਨਾਵਾਂ ਅਕਸਰ ਤੇਜ਼ੀ ਨਾਲ ਵਧਦੀਆਂ ਹਨ।

ਸਿੱਖਾਂ ਨੂੰ ਅਮਰੀਕਾ ਵਿਚ ਸਭ ਤੋਂ ਵੱਧ ਨਿਸ਼ਾਨਾ ਬਣਾਏ ਜਾਣ ਵਾਲੇ ਧਾਰਮਿਕ ਘੱਟ ਗਿਣਤੀਆਂ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ। ਸਿੱਖ ਕੋਲੀਸ਼ਨ ਦੀ 2025 ਦੀ ਰਿਪੋਰਟ ਨੇ ਸਿੱਖਾਂ ਨੂੰ 2024 ਵਿਚ ਯਹੂਦੀ ਅਤੇ ਮੁਸਲਿਮ ਭਾਈਚਾਰਿਆਂ ਤੋਂ ਬਾਅਦ ਤੀਜੇ ਸਭ ਤੋਂ ਵੱਧ ਨਿਸ਼ਾਨਾ ਬਣਾਏ ਗਏ ਧਾਰਮਿਕ ਸਮੂਹ ਵਜੋਂ ਦਰਜਾ ਦਿੱਤਾ ਹੈ।

ਪਿਛਲੇ ਦਹਾਕੇ ਦੌਰਾਨ ਹੋਰਨਾਂ ਸਮੂਹਾਂ ਵਿਰੁੱਧ ਵੀ ਅਪਰਾਧਾਂ ਵਿਚ ਵਾਧਾ ਹੋਇਆ ਹੈ:

- **ਟਰਾਂਸਜੈਂਡਰ ਵਿਰੋਧੀ:** 395 ਫੀਸਦੀ (ਸਭ ਤੋਂ ਵੱਡਾ ਵਾਧਾ)
- **ਲੈਟਿਨੋ ਵਿਰੋਧੀ:** 239 ਫੀਸਦੀ (2025 ਵਿਚ ਰਿਕਾਰਡ 1,014 ਕੇਸ)
- **ਏਸ਼ੀਆਈ ਵਿਰੋਧੀ:** 195 ਫੀਸਦੀ
- **ਯਹੂਦੀ ਵਿਰੋਧੀ:** 123 ਫੀਸਦੀ
- **ਕਾਲੇ ਲੋਕਾਂ ਵਿਰੋਧੀ:** 66 ਫੀਸਦੀ
- **ਗੋਰੇ ਲੋਕਾਂ ਵਿਰੋਧੀ:** 51 ਫੀਸਦੀ
- **ਸਮਲਿੰਗੀ ਪੁਰਸ਼ ਵਿਰੋਧੀ:** 27 ਫੀਸਦੀ (ਸਭ ਤੋਂ ਘੱਟ ਵਾਧਾ)

ਕੁੱਲ ਮਿਲਾ ਕੇ, ਇਹ ਖੁਲਾਸਾ ਹੁੰਦਾ ਹੈ ਕਿ ਅਮਰੀਕਾ ਵਿਚ ਨਫ਼ਰਤੀ ਅਪਰਾਧਾਂ ਦੇ ਰੁਝਾਨ ਅਸਮਾਨ ਹਨ। ਵਿਸ਼ਲੇਸ਼ਕਾਂ ਨੇ ਚਿਤਾਵਨੀ ਦਿੱਤੀ ਹੈ ਕਿ ਪਛਾਣ-ਆਧਾਰਿਤ ਹਿੰਸਾ ਦਾ ਲਗਾਤਾਰ ਜਾਰੀ ਰਹਿਣਾ ਸੁਰੱਖਿਆ, ਰਿਪੋਰਟਿੰਗ ਅਤੇ ਭਾਈਚਾਰਕ ਸੁਰੱਖਿਆ ਵਿਚ ਮੌਜੂਦ ਕਮੀਆਂ ਨੂੰ ਉਜਾਗਰ ਕਰਦਾ ਹੈ। ਇਹ ਅੰਕੜੇ ਨਫ਼ਰਤੀ ਅਪਰਾਧਾਂ ਦੀ ਨਿਗਰਾਨੀ ਪ੍ਰਣਾਲੀ ਨੂੰ ਸੁਧਾਰਨ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਦੀ ਪ੍ਰਤੀਕਿਰਿਆ ਨੂੰ ਮਜ਼ਬੂਤ ਕਰਨ ਦੀ ਚਰਚਾ ਨੂੰ ਮੁੜ ਸੁਰਜੀਤ ਕਰਨਗੇ।

# ਹਿਰਾਸਤੀ ਮੌਤ ਮਾਮਲਾ: 2 ਸਾਬਕਾ ਪੁਲਿਸ ਅਧਿਕਾਰੀਆਂ ਖਿਲਾਫ਼ ਮੁਕੱਦਮਾ ਚਲਾਉਣ ਦੇ ਹੁਕਮ

**ਲੁਧਿਆਣਾ, (ਪੰਜਾਬ ਮੇਲ)-** ਮੋਹਾਲੀ ਸਥਿਤ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਲੰਬੇ ਸਮੇਂ ਤੋਂ ਪੈਂਡਿੰਗ ਹਿਰਾਸਤੀ ਮੌਤ ਦੇ ਇੱਕ ਗੰਭੀਰ ਮਾਮਲੇ 'ਚ ਦੋ ਸਾਬਕਾ ਪੰਜਾਬ ਪੁਲਿਸ ਅਧਿਕਾਰੀਆਂ ਖ਼ਿਲਾਫ਼ ਗੰਭੀਰ ਅਪਰਾਧਿਕ ਦੋਸ਼ਾਂ ਦਾ ਨੋਟਿਸ ਲੈਂਦੇ ਹੋਏ ਉਨ੍ਹਾਂ ਖ਼ਿਲਾਫ਼ ਟ੍ਰਾਇਲ ਚਲਾਉਣ ਦੇ ਹੁਕਮ ਦਿੱਤੇ ਹਨ। ਅਦਾਲਤ ਨੇ ਸੇਵਾਮੁਕਤ ਇੰਸਪੈਕਟਰ ਤੇ ਥਾਣਾ ਦੁਗਰੀ ਦੇ ਸਾਬਕਾ ਐੱਸ.ਐੱਚ.ਓ. ਦਲਵੀਰ ਸਿੰਘ ਤੇ ਰਿਟਾਇਰਡ ਏ.ਐੱਸ.ਆਈ. ਮਨਜੀਤ ਸਿੰਘ ਨੂੰ 1 ਮਈ 2026 ਨੂੰ ਅਦਾਲਤ 'ਚ ਪੇਸ਼ ਹੋਣ ਲਈ ਸਮਨ ਜਾਰੀ ਕੀਤੇ ਹਨ। ਦੋਵਾਂ 'ਤੇ ਅਪਰਾਧਿਕ ਸਾਜ਼ਿਸ਼ ਰਚਣ, ਸਬੂਤਾਂ ਨਾਲ ਛੇੜਛਾੜ ਕਰਨ, ਗ਼ਲਤ ਤਰੀਕੇ ਨਾਲ ਹਿਰਾਸਤ 'ਚ ਰੱਖਣ ਤੇ ਹੋਰ ਗੰਭੀਰ ਧਾਰਾਵਾਂ ਅਧੀਨ ਦੋਸ਼ ਲਗਾਏ ਗਏ ਹਨ।

## ਸੀ.ਬੀ.ਆਈ. ਨੂੰ ਸੌਂਪਿਆ ਗਿਆ ਸੀ ਮਾਮਲਾ

ਇਹ ਮਾਮਲਾ ਅਗਸਤ 2017 'ਚ ਰਮਨਦੀਪ ਕੌਰ ਨਾਮਕ ਮਹਿਲਾ ਦੀ ਹਿਰਾਸਤੀ ਮੌਤ ਨਾਲ ਸੰਬੰਧਤ ਹੈ। ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਜਾਂਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਸੌਂਪੀ ਸੀ। ਸੀ.ਬੀ.ਆਈ. ਵੱਲੋਂ ਅਦਾਲਤ 'ਚ ਪੇਸ਼ ਕੀਤੀ ਗਈ ਜਾਂਚ ਰਿਪੋਰਟ ਮੁਤਾਬਕ ਦੋਸ਼ੀ ਅਧਿਕਾਰੀਆਂ ਨੇ ਮਹਿਲਾ ਤੇ ਉਸ ਦੇ ਸਾਥੀ ਨੂੰ ਗ਼ੈਰ ਕਾਨੂੰਨੀ ਤੌਰ 'ਤੇ ਹਿਰਾਸਤ 'ਚ ਰੱਖਿਆ ਤੇ ਬਾਅਦ 'ਚ ਆਪਣੇ ਕੰਮ ਨੂੰ ਠੀਕ ਦਰਸਾਉਣ ਲਈ ਜਾਅਲਸਾਜ਼ੀ ਨਾਲ ਦਸਤਾਵੇਜ਼ ਤਿਆਰ ਕੀਤੇ। ਜਾਂਚ 'ਚ ਇਹ ਵੀ ਸਾਹਮਣੇ ਆਇਆ ਕਿ ਗ੍ਰਿਫ਼ਤਾਰੀ ਤੇ ਤਲਾਸ਼ੀ ਸਬੰਧੀ ਕਾਗਜ਼ਾਂ 'ਤੇ ਜਾਲੀ ਦਸਤਖ਼ਤ ਕੀਤੇ ਗਏ ਤੇ ਇਹ ਦਸਤਾਵੇਜ਼ ਮਹਿਲਾ ਦੀ ਮੌਤ ਤੋਂ ਬਾਅਦ ਤਿਆਰ ਕੀਤੇ ਗਏ ਸਨ। ਇਸ ਤੋਂ ਇਲਾਵਾ ਪੁਲਿਸ ਰਿਕਾਰਡ 'ਚ ਵੀ ਕਈ ਗੰਭੀਰ ਗੜਬੜਾਂ ਪਾਈਆਂ ਗਈਆਂ। ਮਾਲਖਾਨਾ ਰਜਿਸਟਰ 'ਚ ਇੰਦਰਾਜਾਂ ਦੀ ਕਮੀ ਤੇ ਹੋਰ ਦਸਤਾਵੇਜ਼ਾਂ 'ਚ ਖਾਮੀਆਂ ਨੇ ਇਹ ਸੰਕੇਤ ਦਿੱਤਾ ਕਿ ਸਬੂਤ ਨਸ਼ਟ ਕਰਨ ਜਾਂ ਉਨ੍ਹਾਂ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਕੀਤੀ ਗਈ। ਹਾਲਾਂਕਿ ਜਾਂਚ ਦੌਰਾਨ ਕੁਝ ਹੋਰ ਸੀਨੀਅਰ ਅਧਿਕਾਰੀਆਂ ਦੇ ਨਾਮ ਵੀ ਸਾਹਮਣੇ ਆਏ ਸਨ, ਪਰ ਉਨ੍ਹਾਂ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਸੰਬੰਧਿਤ ਅਧਿਕਾਰੀਆਂ ਵੱਲੋਂ ਨਾ ਮਿਲਣ ਕਾਰਨ ਉਨ੍ਹਾਂ ਨੂੰ ਚਾਰਜਸ਼ੀਟ 'ਚ ਸ਼ਾਮਲ ਨਹੀਂ ਕੀਤਾ ਗਿਆ।

# ਫੈਡਰਲ ਕੋਰਟ ਵੱਲੋਂ ਟਰੰਪ ਪ੍ਰਸ਼ਾਸਨ ਦੀ ਡਿਟੈਨਸ਼ਨ ਪਾਲਿਸੀ ਗੈਰ-ਕਾਨੂੰਨੀ ਕਰਾਰ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ 'ਚ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਇਸ ਸਮੇਂ ਇੱਕ ਅਹਿਮ ਟਕਰਾਅ ਦੇ ਹਾਲਾਤ ਬਣੇ ਹੋਏ ਹਨ, ਜਿੱਥੇ ਇੱਕ ਪਾਸੇ ਸਰਕਾਰ ਸਖ਼ਤ ਕਦਮ ਚੁੱਕ ਰਹੀ ਹੈ, ਤੇ ਦੂਜੇ ਪਾਸੇ ਫੈਡਰਲ ਕੋਰਟਾਂ ਉਨ੍ਹਾਂ ਨੀਤੀਆਂ ਦੀ ਕਾਨੂੰਨੀ ਜਾਂਚ ਕਰ ਰਹੀਆਂ ਹਨ। ਹਾਲ ਹੀ ਵਿਚ ਇੱਕ ਫੈਡਰਲ ਕੋਰਟ ਵੱਲੋਂ ਟਰੰਪ ਪ੍ਰਸ਼ਾਸਨ ਦੀ ਉਸ ਡਿਟੈਨਸ਼ਨ ਪਾਲਿਸੀ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਗਿਆ ਹੈ, ਜਿਸ ਦੇ ਤਹਿਤ ਬਹੁਤ ਸਾਰੇ ਇਮੀਗ੍ਰੈਂਟਸ—ਖ਼ਾਸ ਕਰਕੇ ਉਹ ਜੋ ਲੰਮੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਸਨ ਜਾਂ ਜਿਨ੍ਹਾਂ ਦਾ ਕੋਈ ਕ੍ਰਿਮੀਨਲ ਰਿਕਾਰਡ ਨਹੀਂ ਸੀ, ਉਨ੍ਹਾਂ ਨੂੰ ਵੀ ਬਿਨਾਂ ਜ਼ਮਾਨਤ ਦੇ ਹਿਰਾਸਤ ਵਿਚ ਰੱਖਿਆ ਜਾ ਰਿਹਾ ਸੀ। ਕੋਰਟ ਨੇ ਆਪਣੇ ਫੈਸਲੇ ਵਿਚ ਇਹ ਵੀ ਕਿਹਾ ਕਿ ਇਹ ਨੀਤੀ ਲੋਕਾਂ ਦੇ ਬੁਨਿਆਦੀ ਹੱਕਾਂ ਦੇ ਖ਼ਿਲਾਫ਼ ਹੈ ਅਤੇ ਇਸ ਨਾਲ ਬੇਵਜ੍ਹਾ ਨੁਕਸਾਨ ਹੋ ਰਿਹਾ ਹੈ।



ਇਸ ਫੈਸਲੇ ਨਾਲ ਹੁਣ ਕਈ ਇਮੀਗ੍ਰੈਂਟਸ ਲਈ ਨਵੀਂ ਉਮੀਦ ਜਗੀ ਹੈ। ਕਾਨੂੰਨੀ ਮਾਹਿਰਾਂ ਅਨੁਸਾਰ, ਜਿਨ੍ਹਾਂ ਲੋਕਾਂ ਨੂੰ ਪਹਿਲਾਂ ਬਿਨਾਂ ਬੇਲ ਦੇ ਰੱਖਿਆ ਗਿਆ ਸੀ, ਉਹ ਹੁਣ ਕੋਰਟ ਵਿਚ ਜਾ ਕੇ ਆਪਣੀ ਰਿਹਾਈ ਲਈ ਅਰਜ਼ੀ ਦੇ ਸਕਦੇ ਹਨ। ਇਸ ਨਾਲ ਖ਼ਾਸ ਕਰਕੇ ਉਨ੍ਹਾਂ ਪਰਿਵਾਰਾਂ ਨੂੰ ਰਾਹਤ ਮਿਲ ਸਕਦੀ ਹੈ, ਜਿਨ੍ਹਾਂ ਦੇ ਮੈਂਬਰ ਕਾਫੀ ਸਮੇਂ ਤੋਂ ਡਿਟੈਨਸ਼ਨ ਸੈਂਟਰਾਂ ਵਿਚ ਬੰਦ ਸਨ। ਕਈ ਹਿਊਮਨ ਰਾਈਟਸ ਸੰਸਥਾਵਾਂ ਨੇ ਵੀ ਇਸ ਫੈਸਲੇ ਦਾ ਸਵਾਗਤ ਕੀਤਾ ਹੈ ਅਤੇ ਇਸਨੂੰ ਇਨਸਾਫ਼ ਵੱਲ ਇੱਕ ਵੱਡਾ ਕਦਮ ਕਰਾਰ ਦਿੱਤਾ ਹੈ।

ਪਰ ਦੂਜੇ ਪਾਸੇ, ਟਰੰਪ ਪ੍ਰਸ਼ਾਸਨ ਆਪਣੀ ਇਮੀਗ੍ਰੇਸ਼ਨ ਨੀਤੀ 'ਤੇ ਕਾਇਮ ਦਿਖਾਈ ਦੇ ਰਿਹਾ ਹੈ। ਸਰਕਾਰ ਦਾ ਕਹਿਣਾ ਹੈ ਕਿ ਦੇਸ਼ ਦੀ ਸੁਰੱਖਿਆ ਲਈ ਸਖ਼ਤ ਕਦਮ ਲੈਣਾ ਜ਼ਰੂਰੀ ਹੈ ਅਤੇ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਖ਼ਿਲਾਫ਼ ਕਾਰਵਾਈ ਜਾਰੀ ਰਹੇਗੀ। ICE ਵੱਲੋਂ ਗ੍ਰਿਫਤਾਰੀਆਂ ਅਤੇ ਡਿਟੈਨਸ਼ਨ ਵਿਚ ਵਾਧਾ ਵੀ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਸਰਕਾਰ ਆਪਣੀ ਪਾਲਿਸੀ ਵਿਚ ਕੋਈ ਢਿੱਲ ਨਹੀਂ ਦੇਣਾ ਚਾਹੁੰਦੀ। ਸਰਹੱਦਾਂ 'ਤੇ ਵੀ ਨਿਗਰਾਨੀ ਵਧਾਈ ਗਈ ਹੈ ਅਤੇ ਅਸਾਇਲਮ ਲੈਣ ਵਾਲਿਆਂ ਲਈ ਨਿਯਮ ਹੋਰ ਕੜੇ ਕੀਤੇ ਗਏ ਹਨ। ਇਸ ਸਾਰੀ ਸਥਿਤੀ ਨੇ ਇੱਕ ਤਰ੍ਹਾਂ ਦਾ ਕਨਫਿਊਜ਼ਨ ਪੈਦਾ ਕਰ ਦਿੱਤਾ ਹੈ। ਇੱਕ ਪਾਸੇ ਕੋਰਟਾਂ ਕੁਝ ਨੀਤੀਆਂ ਨੂੰ ਰੋਕ ਰਹੀਆਂ ਹਨ ਜਾਂ ਬਦਲ ਰਹੀਆਂ ਹਨ, ਜਿਸ ਨਾਲ ਇਮੀਗ੍ਰੈਂਟਸ ਨੂੰ ਕੁਝ ਰਾਹਤ ਮਿਲਦੀ ਹੈ, ਪਰ ਦੂਜੇ ਪਾਸੇ ਸਰਕਾਰ ਵੱਲੋਂ ਨਵੇਂ ਤਰੀਕੇ ਨਾਲ ਉਹੀ ਸਖ਼ਤੀ ਜਾਰੀ ਰੱਖੀ ਜਾ ਰਹੀ ਹੈ। ਇਸ ਕਾਰਨ ਕਈ ਲੋਕ ਇਹ ਨਹੀਂ ਸਮਝ ਪਾ ਰਹੇ ਕਿ ਉਨ੍ਹਾਂ ਦਾ ਭਵਿੱਖ ਕੀ ਹੋਵੇਗਾ—ਕੀ ਉਨ੍ਹਾਂ ਨੂੰ ਰਹਿਣ ਦੀ ਇਜਾਜ਼ਤ ਮਿਲੇਗੀ ਜਾਂ ਉਨ੍ਹਾਂ ਨੂੰ ਡਿਪੋਰਟ ਕਰ ਦਿੱਤਾ ਜਾਵੇਗਾ।

ਇਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਇਸ ਵੇਲੇ ਹਰ ਕੇਸ ਨੂੰ ਬੜੀ ਸੰਭਾਲ ਨਾਲ ਦੇਖਣ ਦੀ ਲੋੜ ਹੈ, ਕਿਉਂਕਿ ਨੀਤੀਆਂ ਤੇਜ਼ੀ ਨਾਲ ਬਦਲ ਰਹੀਆਂ ਹਨ। ਉਹ ਲੋਕ ਜਿਨ੍ਹਾਂ ਦੇ ਕੇਸ ਕੋਰਟ ਵਿਚ ਚੱਲ ਰਹੇ ਹਨ ਜਾਂ ਜਿਨ੍ਹਾਂ ਨੂੰ ਡਿਟੇਨ ਕੀਤਾ ਗਿਆ ਹੈ, ਉਨ੍ਹਾਂ ਲਈ ਇਹ ਸਮਾਂ ਕਾਫੀ ਸੰਵੇਦਨਸ਼ੀਲ ਹੈ। ਇੱਕ ਛੋਟੀ ਕਾਨੂੰਨੀ ਗਲਤੀ ਵੀ ਵੱਡਾ ਨੁਕਸਾਨ ਕਰ ਸਕਦੀ ਹੈ।

ਕੁੱਲ ਮਿਲਾ ਕੇ, ਅਮਰੀਕਾ ਵਿਚ ਇਮੀਗ੍ਰੇਸ਼ਨ ਮਾਮਲੇ ਹੁਣ ਸਿਰਫ਼ ਕਾਨੂੰਨੀ ਨਹੀਂ ਰਹੇ, ਸਗੋਂ ਇੱਕ ਵੱਡਾ ਰਾਜਨੀਤਿਕ ਅਤੇ ਸਮਾਜਿਕ ਮੁੱਦਾ ਬਣ ਚੁੱਕੇ ਹਨ। ਕੋਰਟਾਂ ਅਤੇ ਸਰਕਾਰ ਦੇ ਵਿਚਕਾਰ ਚੱਲ ਰਹੀ ਇਹ ਖਿੱਚਤਾਣ ਆਉਣ ਵਾਲੇ ਸਮੇਂ ਵਿਚ ਹੋਰ ਵੱਡੇ ਫੈਸਲੇ ਲਿਆ ਸਕਦੀ ਹੈ, ਜਿਸਦਾ ਸਿੱਧਾ ਅਸਰ ਲੱਖਾਂ ਇਮੀਗ੍ਰੈਂਟਸ ਦੀ ਜ਼ਿੰਦਗੀ 'ਤੇ ਪਵੇਗਾ।

# ਕੈਨੇਡਾ ਵੱਲੋਂ ਪੀ.ਆਰ. ਸੰਬੰਧੀ ਨਵੀਂ ਨੀਤੀ ਪੇਸ਼ ਕਰਨ ਦੀ ਤਿਆਰੀ

**ਟੋਰਾਂਟੋ, (ਪੰਜਾਬ ਮੇਲ)-** ਸਥਾਈ ਨਿਵਾਸ (ਪੀ.ਆਰ.) ਦੇ ਸੁਪਨੇ ਨਾਲ ਕੈਨੇਡਾ ਆਏ ਹਜ਼ਾਰਾਂ ਪੰਜਾਬੀਆਂ ਨੂੰ ਵੱਡਾ ਝਟਕਾ ਲੱਗਾ ਹੈ। ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਵਿਭਾਗ ਇੱਕ ਨਵੀਂ ਨੀਤੀ ਪੇਸ਼ ਕਰਨ ਦੀ ਤਿਆਰੀ ਕਰ ਰਿਹਾ ਹੈ, ਜਿਸ ਵਿਚ ਪੀ.ਆਰ ਦਿੰਦੇ ਸਮੇਂ ਤਨਖਾਹ ਨੂੰ ਸਭ ਤੋਂ ਮਹੱਤਵਪੂਰਨ ਮਾਪਦੰਡ ਬਣਾਇਆ ਜਾਵੇਗਾ। ਇਸਦਾ ਮਤਲਬ ਹੈ ਕਿ ਵੱਧ ਕਮਾਈ ਵਾਲੇ ਲੋਕਾਂ ਨੂੰ ਵਧੇਰੇ ਅੰਕ ਮਿਲਣਗੇ, ਜਦੋਂ ਕਿ ਘੱਟ ਆਮਦਨ ਵਾਲੇ ਲੋਕਾਂ ਲਈ ਮੁਸ਼ਕਲ ਖੜ੍ਹੀ ਹੋ ਜਾਵੇਗੀ। ਇਸ ਵੇਲੇ ਪੰਜ ਲੱਖ ਤੋਂ ਵੱਧ ਲੋਕ ਪੀ.ਆਰ. ਦੀ ਉਡੀਕ ਕਰ ਰਹੇ ਹਨ, ਜਿਨ੍ਹਾਂ ਵਿਚੋਂ ਇੱਕ ਲੱਖ ਤੋਂ ਵੱਧ ਪੰਜਾਬੀ ਮੂਲ ਦੇ ਦੱਸੇ ਜਾਂਦੇ ਹਨ। ਐਕਸਪ੍ਰੈੱਸ ਐਂਟਰੀ ਸਿਸਟਮ ਵਿਚ ਵੱਡੀ ਗਿਣਤੀ ਵਿਚ ਸਰਗਰਮ ਪ੍ਰੋਫਾਈਲ ਵਿਚ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਹੈ, ਜੋ ਰੈਸਟੋਰੈਂਟ, ਟਰੱਕਿੰਗ, ਟੈਕਸੀ ਅਤੇ ਉਸਾਰੀ ਖੇਤਰਾਂ ਵਿਚ ਕੰਮ ਕਰ ਰਹੇ ਹਨ, ਪਰ ਨਵੀਂ ਨੀਤੀ ਉਨ੍ਹਾਂ ਲਈ ਮੁਸ਼ਕਲ ਖੜ੍ਹੀ ਕਰ ਸਕਦੀ ਹੈ। ਪ੍ਰਸਤਾਵਿਤ ਢਾਂਚੇ ਦੇ ਤਹਿਤ, ਉਮੀਦਵਾਰਾਂ ਨੂੰ ਤਨਖਾਹ ਦੇ ਆਧਾਰ 'ਤੇ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾਵੇਗਾ। ਪ੍ਰਤੀ ਘੰਟਾ 57 ਡਾਲਰ ਤੋਂ ਵੱਧ ਕਮਾਉਣ ਵਾਲੇ ਸਿਖਰ 'ਤੇ ਹੋਣਗੇ, ਜਦੋਂਕਿ ਪ੍ਰਤੀ ਘੰਟਾ 35 ਡਾਲਰ ਤੱਕ ਕਮਾਉਣ ਵਾਲੇ ਸਭ ਤੋਂ ਹੇਠਾਂ ਹੋਣਗੇ। 28.5 ਡਾਲਰ ਦੀ ਔਸਤ ਤਨਖਾਹ ਤੋਂ ਘੱਟ ਕਮਾਉਣ ਵਾਲਿਆਂ ਲਈ ਪੀ.ਆਰ. ਪ੍ਰਾਪਤ ਕਰਨਾ ਹੋਰ ਵੀ ਮੁਸ਼ਕਲ ਹੋ ਜਾਵੇਗਾ।

# ਕੈਨੇਡਾ 'ਚ ਕਾਰਨੀ ਸਰਕਾਰ ਨੇ ਬਹੁਮਤ ਕੀਤਾ ਹਾਸਲ; 3 ਉਪ-ਚੋਣਾਂ ਜਿੱਤੀਆਂ




**ਟੋਰਾਂਟੋ, (ਪੰਜਾਬ ਮੇਲ) -** ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸੋਮਵਾਰ ਰਾਤ ਨੂੰ ਇੱਕ ਵਿਸ਼ੇਸ਼ ਚੋਣ ਜਿੱਤ ਕੇ ਆਪਣੀ ਸਰਕਾਰ ਲਈ ਬਹੁਮਤ ਪ੍ਰਾਪਤ ਕੀਤਾ। ਇਸ ਨਾਲ ਉਨ੍ਹਾਂ ਦੀ ਲਿਬਰਲ ਪਾਰਟੀ ਵਿਰੋਧੀ ਪਾਰਟੀਆਂ ਦੇ ਸਮਰਥਨ ਤੋਂ ਬਿਨਾਂ ਕਾਨੂੰਨ ਪਾਸ ਕਰ ਸਕਦੀ ਹੈ। ਹੁਣ ਸਰਕਾਰ ਵਲੋਂ ਰਹਿੰਦਾ ਕਾਰਜਕਾਲ (ਤਿੰਨ ਸਾਲ) ਆਸਾਨੀ ਨਾਲ ਪੂਰਾ ਕਰ ਲਿਆ ਜਾਏਗਾ ਅਤੇ ਕਿਸੇ ਵੀ ਸਮੇਂ ਮੱਧਕਾਲੀ ਚੋਣਾਂ ਦੀ ਸੰਭਾਵਨਾ ਖ਼ਤਮ ਹੋ ਗਈ ਹੈ।

ਵੋਟਰਾਂ ਨੇ 343 ਹਲਕਿਆਂ ਵਿਚੋਂ ਤਿੰਨ ਖਾਲੀ ਸੀਟਾਂ ਲਈ ਵੋਟ ਪਾਈ। ਨਤੀਜਿਆਂ 'ਚੋਂ ਪਹਿਲਾ ਨਤੀਜਾ ਯੂਨੀਵਰਸਿਟੀ ਰੋਜ਼ਡੇਲ (ਓਨਟਾਰੀਓ) ਦਾ ਆਇਆ, ਜਿਸ ਵਿਚ ਲਿਬਰਲ ਪਾਰਟੀ ਦੀ ਉਮੀਦਵਾਰ ਡੈਨੀਅਲ ਮਾਰਟਿਨ ਨੇ ਜਿੱਤ ਹਾਸਲ ਕਰਕੇ ਪਾਰਟੀ ਨੂੰ 172 ਦੇ ਬਹੁਮੱਤ ਵਾਲੇ ਅੰਕੜੇ 'ਤੇ ਜਾ ਖੜ੍ਹਾਇਆ। ਉਸ ਤੋਂ ਬਾਦ ਲਿਬਰਲ ਪਾਰਟੀ ਦੀ ਉਮੀਦਵਾਰ ਡੌਲੀ ਬੇਗਮ ਨੇ ਸਕਾਰਬੋਰੋ ਦੱਖਣ-ਪੱਛਮੀ ਜ਼ਿਲ੍ਹੇ ਵਿਚ ਜਿੱਤ ਪ੍ਰਾਪਤ ਕੀਤੀ। ਡੌਲੀ ਨੇ ਫਰਵਰੀ 'ਚ ਓਨਟਾਰੀਓ ਐੱਨ.ਡੀ.ਪੀ. ਦੀ ਉਪ ਪ੍ਰਧਾਨਗੀ ਛੱਡ ਕੇ ਲਿਬਰਲ ਪਾਰਟੀ ਦਾ ਪੱਲਾ ਫੜਿਆ ਸੀ ਤੇ ਪਹਿਲੀ ਸੰਸਦੀ ਚੋਣ ਵਿਚ ਜਿੱਤ ਹਾਸਲ ਕਰ ਲਈ ਹੈ। ਉਪ ਚੋਣ ਵਾਲੀ ਤੀਜੀ ਸੀਟ ਕਿਊਬੈਕ ਦੇ ਹਲਕਾ ਟੈਰੀਬੌਨ ਸੀ, ਜਿੱਥੇ ਪਿਛਲੀ ਚੋਣ ਵਿਚ ਇੱਕ ਵੋਟ ਦੀ ਹਾਰ ਜਿੱਤ ਨੂੰ ਅਦਾਲਤ ਨੇ ਰੱਦ ਕਰਕੇ ਦੁਬਾਰਾ ਚੋਣ ਦਾ ਹੁਕਮ ਸੁਣਾਇਆ ਸੀ। ਲਿਬਰਲ ਪਾਰਟੀ ਦੇ ਉਮੀਦਵਾਰ ਟੈਟਿਆਨਾ ਅਗਸਤੀ ਨੇ ਇਹ ਸੀਟ ਬਲਾਕ ਪਾਰਟੀ ਤੋਂ ਖੋਹ ਕੇ 338 ਮੈਂਬਰੀ ਕੈਨੇਡਿਆਈ ਪਾਰਲੀਮੈਂਟ ਵਿਚ ਲਿਬਰਲ ਪਾਰਟੀ ਦਾ ਅੰਕੜਾ 174 'ਤੇ ਪਹੁੰਚਾ ਦਿੱਤਾ ਹੈ।

ਸੋਮਵਾਰ ਦੇ ਨਤੀਜੇ ਲਿਬਰਲ ਪਾਰਟੀ ਨੂੰ 2029 ਤੱਕ ਸੱਤਾ ਵਿਚ ਬਣਾਈ ਰੱਖ ਸਕਦੇ ਹਨ, ਜਿਸ ਨਾਲ ਸਰਕਾਰ ਨੂੰ ਸਥਿਰਤਾ ਅਤੇ ਆਪਣੀ ਨੀਤੀਆਂ ਲਾਗੂ ਕਰਨ ਲਈ ਮਜ਼ਬੂਤ ਆਧਾਰ ਮਿਲੇਗਾ। ਪਿਛਲੇ ਸਾਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਬਜ਼ੇ ਦੀਆਂ ਧਮਕੀਆਂ 'ਤੇ ਜਨਤਕ ਗੁੱਸੇ ਦੇ ਵਿਚਕਾਰ ਕਾਰਨੀ ਨੇ ਕੈਨੇਡਾ ਵਿਚ ਜਿੱਤ ਪ੍ਰਾਪਤ ਕੀਤੀ ਸੀ।



# ਵੀਜ਼ਾ ਧੋਖਾਧੜੀ ਸਕੀਮ ’ਚ 10 ਭਾਰਤੀ ਨਾਗਰਿਕਾਂ ਖਿਲਾਫ਼ ਸੰਘੀ ਦੋਸ਼

**ਮੈਸੇਚਿਉਸੇਟਸ (ਅਮਰੀਕਾ), (ਪੰਜਾਬ ਮੇਲ)**- ਅਮਰੀਕਾ ਦੇ ਮੈਸੇਚਿਉਸੇਟਸ ਰਾਜ ਵਿਚ ਇੱਕ ਕਥਿਤ ਵੀਜ਼ਾ ਧੋਖਾਧੜੀ ਸਕੀਮ ਦੇ ਮਾਮਲੇ ਵਿਚ 10 ਭਾਰਤੀ ਨਾਗਰਿਕਾਂ ਖ਼ਿਲਾਫ਼ ਸੰਘੀ ਪੱਧਰ ’ਤੇ ਦੋਸ਼ ਲਗਾਏ ਗਏ ਹਨ। ਸੰਘੀ ਅਧਿਕਾਰੀਆਂ ਮੁਤਾਬਕ, ਇਨ੍ਹਾਂ ਵਿਅਕਤੀਆਂ ਨੇ ਐਸੀ ਝੂਠੀ ਹਥਿਆਰਬੰਦ ਡਕੈਤੀਆਂ ਦੀ ਸਾਜ਼ਿਸ਼ ਰਚੀ, ਜਿਨ੍ਹਾਂ ਰਾਹੀਂ ਸਟੋਰ ਕਲਰਕਾਂ ਅਤੇ ਮਾਲਕਾਂ ਨੂੰ ਅਪਰਾਧ ਦੇ ਪੀੜਤ ਵਜੋਂ ਦਰਸਾ ਕੇ ਇਮੀਗ੍ਰੇਸ਼ਨ ਲਾਭ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਗਈ।

ਸੰਘੀ ਵਕੀਲਾਂ ਨੇ 9 ਅਪ੍ਰੈਲ ਨੂੰ ਦੱਸਿਆ ਕਿ ਬੋਸਟਨ ਦੀ ਇੱਕ ਸੰਘੀ ਗ੍ਰੈਂਡ ਜਿਊਰੀ ਨੇ ਦਸ ਭਾਰਤੀ ਨਾਗਰਿਕਾਂ ਨੂੰ ਇਸ ਯੋਜਨਾ ਵਿਚ ਸ਼ਾਮਲ ਹੋਣ ਦੇ ਦੋਸ਼ਾਂ ਹੇਠ ਇੰਡਾਇਟ ਕੀਤਾ ਹੈ। ਦੋਸ਼ੀਆਂ ਵਿਚ ਜਤਿੰਦਰਕੁਮਾਰ ਪਟੇਲ, ਮਹੇਸ਼ਕੁਮਾਰ ਪਟੇਲ, ਸੰਜੇਕੁਮਾਰ ਪਟੇਲ, ਦੀਪਿਕਾਬੇਨ ਪਟੇਲ, ਰਮੇਸ਼ਭਾਈ ਪਟੇਲ, ਅਮਿਤਾਬੇਨ ਪਟੇਲ, ਰੌਨਕਕੁਮਾਰ ਪਟੇਲ, ਸੰਗੀਤਾਬੇਨ ਪਟੇਲ, ਮਿੰਕੇਸ਼ ਪਟੇਲ ਅਤੇ ਸੋਨਲ ਪਟੇਲ ਸ਼ਾਮਲ ਹਨ। ਇਹ ਸਾਰੇ ਪਹਿਲਾਂ ਮਾਰਚ 2026 ਵਿਚ ਅਪਰਾਧਿਕ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫ਼ਤਾਰ ਕੀਤੇ ਗਏ ਸਨ ਅਤੇ ਬਾਅਦ ਵਿਚ ਸ਼ਰਤਾਂ ’ਤੇ ਰਿਹਾਅ ਕਰ ਦਿੱਤੇ ਗਏ। ਅਧਿਕਾਰੀਆਂ ਅਨੁਸਾਰ ਰਮੇਸ਼ਭਾਈ ਪਟੇਲ ਅਤੇ ਰੌਨਕਕੁਮਾਰ ਪਟੇਲ ਇਸ ਵੇਲੇ



ਇਮੀਗ੍ਰੇਸ਼ਨ ਹਿਰਾਸਤ ਵਿਚ ਹਨ। ਜੇ ਦੋਸ਼ ਸਾਬਤ ਹੋ ਜਾਂਦੇ ਹਨ ਤਾਂ ਸਜ਼ਾ ਭੁਗਤਣ ਤੋਂ ਬਾਅਦ ਉਨ੍ਹਾਂ ਨੂੰ ਦੇਸ਼ ਨਿਕਾਲਾ ਵੀ ਦਿੱਤਾ ਜਾ ਸਕਦਾ ਹੈ।

ਸਰਕਾਰੀ ਪੱਖ ਦਾ ਦੋਸ਼ ਹੈ ਕਿ ਇਹ ਕਥਿਤ ਸਕੀਮ ਮਾਰਚ 2023 ਵਿਚ ਸ਼ੁਰੂ ਹੋਈ ਸੀ। ਇਸ ਦੇ ਤਹਿਤ ਮੈਸੇਚਿਉਸੇਟਸ ਅਤੇ ਹੋਰ ਥਾਵਾਂ ’ਤੇ ਘੱਟੋ-ਘੱਟ ਛੇ ਕਨਵੀਨੀਅੰਸ ਸਟੋਰਾਂ, ਸ਼ਰਾਬ ਦੀਆਂ ਦੁਕਾਨਾਂ ਅਤੇ ਫਾਸਟ ਫੂਡ ਰੈਸਟੋਰੈਂਟਾਂ ਵਿਚ ਨਾਟਕੀ ਢੰਗ ਨਾਲ ਡਕੈਤੀਆਂ ਕਰਵਾਈਆਂ ਗਈਆਂ। ਦੋਸ਼ ਪੱਤਰ ਵਿਚ ਕਿਹਾ ਗਿਆ ਹੈ ਕਿ ਇਸ ਯੋਜਨਾ ਦਾ ਮਕਸਦ ਹਿੱਸੇਦਾਰਾਂ ਨੂੰ ਇਹ ਦਿਖਾਉਣ ਦਾ ਮੌਕਾ ਦੇਣਾ ਸੀ ਕਿ ਉਹ ਹਿੰਸਕ ਅਪਰਾਧਾਂ ਦੇ ਪੀੜਤ ਹਨ, ਤਾਂ ਜੋ ਉਹ ਯੂ ਗੈਰ-ਪ੍ਰਵਾਸੀ ਦਰਜੇ, ਜਿਸ ਨੂੰ ਆਮ ਤੌਰ ’ਤੇ ਯੂ ਵੀਜ਼ਾ ਕਿਹਾ ਜਾਂਦਾ ਹੈ, ਲਈ ਅਰਜ਼ੀ ਦੇ ਸਕਣ।

ਯੂ ਵੀਜ਼ਾ ਉਨ੍ਹਾਂ ਲੋਕਾਂ ਲਈ ਹੁੰਦਾ ਹੈ, ਜੋ ਕੁਝ ਗੰਭੀਰ ਅਪਰਾਧਾਂ ਦੇ ਪੀੜਤ ਬਣੇ ਹੋਣ, ਮਾਨਸਿਕ ਜਾਂ ਸਰੀਰਕ ਤੌਰ ’ਤੇ ਪੀੜਾ ਝਲੀ ਹੋਵੇ ਅਤੇ ਜਾਂਚ ਜਾਂ ਮੁਕੱਦਮੇ ਵਿਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਸਹਾਇਤਾ ਕਰਨ। ਜਾਂਚਕਰਤਾਵਾਂ ਅਨੁਸਾਰ, ਇਸ ਸਕੀਮ ਵਿਚ ਇੱਕ ਵਿਅਕਤੀ “ਡਾਕੂ” ਦੀ ਭੂਮਿਕਾ ਨਿਭਾਉਂਦਾ ਸੀ, ਜੋ ਸਟੋਰ ਕਲਰਕਾਂ ਜਾਂ ਮਾਲਕਾਂ ਨੂੰ ਹਥਿਆਰਾਂ ਨਾਲ ਡਰਾ ਕੇ ਕੈਸ਼ ਰਜਿਸਟਰ ਤੋਂ ਪੈਸੇ ਲੈਂਦਾ ਅਤੇ ਮੌਕੇ ਤੋਂ ਫਰਾਰ ਹੋ ਜਾਂਦਾ ਸੀ। ਇਹ ਸਾਰੀਆਂ ਘਟਨਾਵਾਂ ਸਟੋਰਾਂ ਦੇ ਨਿਗਰਾਨੀ ਕੈਮਰਿਆਂ ਵਿਚ ਕੈਦ ਹੋਈਆਂ। ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਕਥਿਤ ਪੀੜਤਾਂ ਵੱਲੋਂ ਅਪਰਾਧ ਦੀ ਰਿਪੋਰਟ ਤੁਰੰਤ ਕਰਨ ਦੀ ਬਜਾਏ ਕਈ ਮਿੰਟ ਦੀ ਦੇਰੀ ਕੀਤੀ ਗਈ, ਜਿਸ ਨਾਲ ਸ਼ੱਕ ਹੋਰ ਗਹਿਰਾ ਹੋਇਆ।

ਜਾਂਚ ਮੁਤਾਬਕ, ਜਿਹੜੇ ਲੋਕ ਆਪਣੇ ਆਪ ਨੂੰ ਪੀੜਤ ਵਜੋਂ ਪੇਸ਼ ਕਰਦੇ ਸਨ, ਉਹ ਇਸ ਯੋਜਨਾ ਵਿਚ ਹਿੱਸਾ ਲੈਣ ਲਈ ਪ੍ਰਬੰਧਕ ਰਾਮਭਾਈ ਪਟੇਲ ਨੂੰ ਪੈਸੇ ਦਿੰਦੇ ਸਨ। ਇਸ ਤੋਂ ਇਲਾਵਾ ਕੁਝ ਸਟੋਰ ਮਾਲਕਾਂ ਨੂੰ ਵੀ ਆਪਣੇ ਸਥਾਨ ਇਸ ਕੰਮ ਲਈ ਵਰਤਣ ਦੀ ਇਜਾਜ਼ਤ ਦੇਣ ਵਾਸਤੇ ਭੁਗਤਾਨ ਕੀਤਾ ਗਿਆ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਇਸ ਮਾਮਲੇ ਦੇ ਕਥਿਤ ਆਰਗੇਨਾਈਜ਼ਰ ਰਾਮਭਾਈ ਪਟੇਲ, ਕਥਿਤ “ਲੁਟੇਰੇ” ਅਤੇ ਭੱਜਣ ਵਾਲੇ ਡਰਾਈਵਰ ਬਲਵਿੰਦਰ ਸਿੰਘ ਉੱਤੇ ਪਹਿਲਾਂ ਹੀ ਦਸੰਬਰ 2023 ਵਿਚ ਦੋਸ਼ ਲਗਾਏ ਗਏ ਸਨ ਅਤੇ ਮਈ 2025 ਵਿਚ ਉਹ ਦੋਸ਼ੀ ਕਰਾਰ ਦਿੱਤੇ ਗਏ ਸਨ। ਹੁਣ ਨਵੇਂ ਦੋਸ਼ੀਆਂ ’ਤੇ ਇਹ ਇਲਜ਼ਾਮ ਹੈ ਕਿ ਉਨ੍ਹਾਂ ਨੇ ਜਾਂ ਤਾਂ ਇਨ੍ਹਾਂ ਜਾਲਸਾਜ਼ ਡਕੈਤੀਆਂ ਦਾ ਪ੍ਰਬੰਧ ਕੀਤਾ ਜਾਂ ਆਪਣੇ ਲਈ ਜਾਂ ਆਪਣੇ ਪਰਿਵਾਰਕ ਮੈਂਬਰਾਂ ਲਈ ਝੂਠੇ ਪੀੜਤ ਵਜੋਂ ਹਿੱਸਾ ਲੈਣ ਲਈ ਰਕਮ ਅਦਾ ਕੀਤੀ। ਸਾਰੇ ਦੋਸ਼ੀਆਂ ਉੱਤੇ ਵੀਜ਼ਾ ਧੋਖਾਧੜੀ ਕਰਨ ਦੀ ਸਾਜ਼ਿਸ਼ ਦਾ ਦੋਸ਼ ਹੈ। ਇਸ ਅਪਰਾਧ ਲਈ ਵੱਧ ਤੋਂ ਵੱਧ ਪੰਜ ਸਾਲ ਦੀ ਕੈਦ, ਤਿੰਨ ਸਾਲ ਤੱਕ ਨਿਗਰਾਨੀ ਹੇਠ ਰਿਹਾਈ ਅਤੇ 2 ਲੱਖ 50 ਹਜ਼ਾਰ ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ।


**MATRIMONIAL**

Jatt Sikh, Chatha, Age 33yrs, height 6’-1”, American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.
for more information Contact at : 818-645-9810
895


# ਯੂ.ਕੇ. ਵੱਲੋਂ ਵੀਜ਼ਾ ਫੀਸਾਂ ’ਚ ਵਾਧਾ; ਭਾਰਤੀ ਬਿਨੈਕਾਰਾਂ ’ਤੇ ਅਸਰ ਪੈਣ ਦੀ ਉਮੀਦ

**ਨਵੀਂ ਦਿੱਲੀ, (ਪੰਜਾਬ ਮੇਲ)**- ਯੂਨਾਈਟਿਡ ਕਿੰਗਡਮ (ਯੂ.ਕੇ.) ਨੇ ਵਿਜ਼ਿਟ, ਪੜ੍ਹਾਈ ਅਤੇ ਵਰਕ ਵੀਜ਼ਾ ਸਮੇਤ ਕਈ ਸ਼੍ਰੇਣੀਆਂ ਵਿਚ ਵੀਜ਼ਾ ਫੀਸਾਂ ਵਧਾ ਦਿੱਤੀਆਂ ਹਨ। ਸੋਧੀਆਂ ਹੋਈਆਂ ਦਰਾਂ 8 ਅਪ੍ਰੈਲ, 2026 ਤੋਂ ਲਾਗੂ ਹੋ ਗਈਆਂ ਹਨ, ਜਿਸ ਦਾ ਸਿੱਧਾ ਅਸਰ ਹਜ਼ਾਰਾਂ ਭਾਰਤੀ ਬਿਨੈਕਾਰਾਂ ’ਤੇ ਪੈਣ ਦੀ ਉਮੀਦ ਹੈ।

ਨਵੇਂ ਢਾਂਚੇ ਦੇ ਤਹਿਤ ਥੋੜ੍ਹੇ ਸਮੇਂ ਦੇ ਵਿਜ਼ਿਟ ਵੀਜ਼ਾ (6 ਮਹੀਨਿਆਂ ਤੱਕ) ਦੀ ਕੀਮਤ 127 ਪੌਂਡ ਤੋਂ ਵਧਾ ਕੇ 135 ਪੌਂਡ ਕਰ ਦਿੱਤੀ ਗਈ ਹੈ, ਜਦੋਂ ਕਿ ਲੰਬੀ ਮਿਆਦ ਦੇ ਵਿਜ਼ਿਟ ਵੀਜ਼ਿਆਂ ਵਿਚ ਵੀ ਮਹੱਤਵਪੂਰਨ ਵਾਧਾ ਦੇਖਿਆ ਗਿਆ ਹੈ। ਦੋ ਸਾਲਾਂ ਦੇ ਵੀਜ਼ੇ ਦੀ ਫੀਸ 475 ਪੌਂਡ ਤੋਂ ਵਧ ਕੇ 506 ਪੌਂਡ, ਪੰਜ ਸਾਲਾਂ ਦੇ ਵੀਜ਼ੇ ਦੀ 848 ਪੌਂਡ ਤੋਂ 903 ਪੌਂਡ ਅਤੇ 10 ਸਾਲਾਂ ਦੇ ਵੀਜ਼ੇ ਦੀ ਫੀਸ 1,059 ਪੌਂਡ ਤੋਂ ਵਧ ਕੇ 1,128 ਪੌਂਡ ਹੋ ਗਈ ਹੈ।

ਇਹ ਵਾਧਾ ਭਾਰਤੀਆਂ ਵੱਲੋਂ ਵੱਧ ਵੀਜ਼ਾ ਅਪਲਾਈ ਕੀਤੇ ਜਾਣ ਵਾਲੇ ਪ੍ਰਮੁੱਖ ਹਿੱਸਿਆਂ ਤੱਕ ਵੀ ਫੈਲਿਆ ਹੋਇਆ ਹੈ, ਜਿਸ ਵਿਚ ਸਟੱਡੀ (ਪੜ੍ਹਾਈ) ਵੀਜ਼ਾ ਫੀਸ 524 ਪੌਂਡ ਤੋਂ ਵਧ ਕੇ 558 ਪੌਂਡ ਅਤੇ ਸਕਿਲਡ ਵਰਕਰ ਵੀਜ਼ਾ (ਤਿੰਨ ਸਾਲਾਂ ਤੱਕ) ਦੀ ਫੀਸ 769 ਪੌਂਡ ਤੋਂ ਵਧ ਕੇ 819 ਪੌਂਡ ਹੋ ਗਈ ਹੈ।

ਬਰਤਾਨੀਆ ਜਾਣ ਵਾਲੇ ਵਿਦਿਆਰਥੀਆਂ ਅਤੇ ਹੁਨਰਮੰਦ ਪੇਸ਼ੇਵਰਾਂ ਲਈ ਭਾਰਤ ਸਭ ਤੋਂ ਵੱਡੇ ਸਰੋਤਾਂ ਵਿਚੋਂ ਇੱਕ ਬਣਿਆ ਹੋਇਆ ਹੈ। ਇਹ ਵਾਧਾ ਉਨ੍ਹਾਂ ਬਿਨੈਕਾਰਾਂ ’ਤੇ ਵਿੱਤੀ ਬੋਝ ਪਾ ਸਕਦਾ ਹੈ, ਜੋ ਪਹਿਲਾਂ ਹੀ ਮੁਦਰਾ ਦੇ ਉਤਾਰ-ਚੜ੍ਹਾਅ ਅਤੇ ਵਿਦੇਸ਼ਾਂ ਵਿਚ ਰਹਿਣ ਦੇ ਉੱਚ ਖਰਚਿਆਂ ਨਾਲ ਜੂਝ ਰਹੇ ਹਨ। ਇਸ ਸੋਧ ਬਾਰੇ ਸਪੱਸ਼ਟੀਕਰਨ ਦਿੰਦੇ ਹੋਏ ਭਾਰਤ ਵਿਚ ਬ੍ਰਿਟਿਸ਼ ਹਾਈ ਕਮਿਸ਼ਨ ਨੇ ਕਿਹਾ ਕਿ ਇਹ ਬਦਲਾਅ ਇੱਕ ਵਧੇਰੇ “ਸੁਚਾਰੂ, ਡਿਜੀਟਲ ਇਮੀਗ੍ਰੇਸ਼ਨ ਪ੍ਰਣਾਲੀ” ਬਣਾਉਣ ਦੇ ਯਤਨਾਂ ਦਾ ਹਿੱਸਾ ਹਨ। ਉਨ੍ਹਾਂ ਅੱਗੇ ਕਿਹਾ ਕਿ ਵੀਜ਼ਾ ਫੀਸਾਂ ਵਿਚ ਵਿਸ਼ਵਵਿਆਪੀ ਵਾਧਾ ਇੱਕ ਮਜ਼ਬੂਤ, ਸੁਰੱਖਿਅਤ ਅਤੇ ਕੁਸ਼ਲ ਸੇਵਾ ਨੂੰ ਬਣਾਈ ਰੱਖਣ ਵਿਚ ਮਦਦ ਕਰੇਗਾ। ਵਾਧੇ ਦੇ ਬਾਵਜੂਦ ਮਿਸ਼ਨ ਨੇ ਬਿਨੈਕਾਰਾਂ ਨੂੰ ਭਰੋਸਾ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਵੀਜ਼ਾ ਅਰਜ਼ੀਆਂ ’ਤੇ ਕੋਈ ਸੀਮਾ (ਕੈਪ) ਨਹੀਂ ਹੈ ਅਤੇ ਜ਼ਿਆਦਾਤਰ ਅਰਜ਼ੀਆਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਨਿਪਟਾਇਆ ਜਾਂਦਾ ਹੈ। ਉਨ੍ਹਾਂ ਕਿਹਾ, “ਅਸੀਂ ਆਪਣੇ ਤਿੰਨ ਹਫ਼ਤਿਆਂ ਦੇ ਸਰਵਿਸ ਸਟੈਂਡਰਡ ਦੇ ਅੰਦਰ ਜ਼ਿਆਦਾਤਰ ਵੀਜ਼ੇ ਜਾਰੀ ਕਰਨਾ ਨਿਰੰਤਰ ਰੱਖਾਂਗੇ।”




# ਵਿਦੇਸ਼ ਯਾਤਰਾ ਦੀ ਯੋਜਨਾ ਬਣਾ ਰਹੇ ਲੋਕਾਂ ਲਈ ਮਹੱਤਵਪੂਰਨ ਚੇਤਾਵਨੀ ਜਾਰੀ !

**ਵਾਸ਼ਿੰਗਟਨ, (ਪੰਜਾਬ ਮੇਲ)-** ਗਰਮੀਆਂ ਦੀਆਂ ਛੁੱਟੀਆਂ ਵਿਚ ਵਿਦੇਸ਼ ਯਾਤਰਾ ਦੀ ਯੋਜਨਾ ਬਣਾ ਰਹੇ ਲੋਕਾਂ ਲਈ ਇੱਕ ਮਹੱਤਵਪੂਰਨ ਚੇਤਾਵਨੀ ਸਾਹਮਣੇ ਆਈ ਹੈ। ਅਮਰੀਕੀ ਅਧਿਕਾਰੀਆਂ ਅਤੇ ਵੱਡੀਆਂ ਏਅਰਲਾਈਨ ਕੰਪਨੀਆਂ ਜਿਵੇਂ ਡੈਲਟਾ ਏਅਰਲਾਈਨਜ਼, ਯੂਨਾਈਟਿਡ ਏਅਰਲਾਈਨਜ਼ ਅਤੇ ਅਮਰੀਕਨ ਏਅਰਲਾਈਨਜ਼ ਨੇ ਯਾਤਰੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਆਪਣਾ ਪਾਸਪੋਰਟ ਤੁਰੰਤ ਚੈੱਕ ਕਰਨ, ਕਿਉਂਕਿ "6 ਮਹੀਨੇ ਦਾ ਨਿਯਮ" (Six=Month Rules) ਤੁਹਾਡੀ ਯਾਤਰਾ ਨੂੰ ਖ਼ਰਾਬ ਕਰ ਸਕਦਾ ਹੈ।



ਇਸ ਨਿਯਮ ਦੇ ਤਹਿਤ ਦੁਨੀਆਂ ਦੇ ਕਈ ਦੇਸ਼ਾਂ ਵਿਚ ਦਾਖ਼ਲ ਹੋਣ ਲਈ ਇਹ ਲਾਜ਼ਮੀ ਹੁੰਦਾ ਹੈ ਕਿ ਤੁਹਾਡਾ ਪਾਸਪੋਰਟ ਤੁਹਾਡੀ ਯਾਤਰਾ ਦੀ ਤਾਰੀਖ ਤੋਂ ਘੱਟੋ-ਘੱਟ 6 ਮਹੀਨੇ ਹੋਰ ਵੈਧ ਹੋਣਾ ਚਾਹੀਦਾ ਹੈ। ਮਤਲਬ ਜੇ ਤੁਹਾਡਾ ਪਾਸਪੋਰਟ ਜਲਦੀ ਐਕਸਪਾਇਰ ਹੋਣ ਵਾਲਾ ਹੈ, ਤਾਂ ਭਾਵੇਂ ਉਹ ਅਜੇ ਵੀ ਵੈਧ ਹੈ, ਫਿਰ ਵੀ ਤੁਹਾਨੂੰ ਉਸ ਦੇਸ਼ ਵਿਚ ਦਾਖ਼ਲ ਹੋਣ ਤੋਂ ਰੋਕਿਆ ਜਾ ਸਕਦਾ ਹੈ।

ਅਮਰੀਕੀ ਵਿਦੇਸ਼ ਮੰਤਰਾਲਾ, ਯਾਨੀ ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਅਨੁਸਾਰ, ਇਹ ਨਿਯਮ ਹਰ ਦੇਸ਼ ਵਿਚ ਵੱਖਰਾ ਹੋ ਸਕਦਾ ਹੈ। ਕੁਝ ਦੇਸ਼ਾਂ ਵਿਚ ਸਿਰਫ਼ 3 ਮਹੀਨੇ ਦੀ ਵੈਧਤਾ ਚਾਹੀਦੀ ਹੈ, ਜਦਕਿ ਕਈ ਦੇਸ਼ ਪੂਰੇ 6 ਮਹੀਨੇ ਦੀ ਮੰਗ ਕਰਦੇ ਹਨ। ਇਸ ਲਈ ਯਾਤਰੀਆਂ ਨੂੰ ਆਪਣੇ ਮੰਜ਼ਿਲ ਦੇਸ਼ ਦੇ ਨਿਯਮ ਪਹਿਲਾਂ ਹੀ ਚੈਕ ਕਰਨ ਦੀ ਸਖ਼ਤ ਸਲਾਹ ਦਿੱਤੀ ਜਾ ਰਹੀ ਹੈ।

ਕੁਝ ਮਾਮਲਿਆਂ ਵਿਚ ਇਹ ਵੀ ਦੇਖਣ ਵਿਚ ਆਇਆ ਹੈ ਕਿ ਕੁਝ ਦੇਸ਼ ਇਹ ਵੀ ਮੰਗ ਕਰਦੇ ਹਨ ਕਿ ਪਾਸਪੋਰਟ ਤੁਹਾਡੇ ਪਹੁੰਚਣ ਤੋਂ ਘੱਟੋ-ਘੱਟ 6 ਮਹੀਨੇ ਪਹਿਲਾਂ ਜਾਰੀ ਕੀਤਾ ਗਿਆ ਹੋਵੇ। ਇਸ ਕਾਰਨ ਕਈ ਯਾਤਰੀਆਂ ਨੂੰ ਏਅਰਪੋਰਟ 'ਤੇ ਹੀ ਬੋਰਡਿੰਗ ਤੋਂ ਰੋਕ ਦਿੱਤਾ ਜਾਂਦਾ ਹੈ, ਜਿਸ ਨਾਲ ਉਨ੍ਹਾਂ ਦੀ ਪੂਰੀ ਟ੍ਰਿਪ ਖ਼ਰਾਬ ਹੋ ਸਕਦੀ ਹੈ।

ਇਸ ਵਧ ਰਹੀ ਸਮੱਸਿਆ ਨੂੰ ਦੇਖਦੇ ਹੋਏ ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਅਪ੍ਰੈਲ ਅਤੇ ਮਈ ਮਹੀਨੇ ਵਿਚ ਦੇਸ਼ ਭਰ ਵਿਚ "**Special Passport Acceptance Fairs**" ਵੀ ਕਰਵਾਏ ਜਾ ਰਹੇ ਹਨ, ਤਾਂ ਜੋ ਲੋਕ ਆਪਣਾ ਪਾਸਪੋਰਟ ਜਲਦੀ ਬਣਵਾ ਜਾਂ ਰੀਨਿਊ ਕਰਵਾ ਸਕਣ।

ਇਸਦੇ ਨਾਲ ਹੀ, ਨੈਸ਼ਨਲ ਟਰੈਵਲ ਐਂਡ ਟੂਰਿਜ਼ਮ ਆਫਿਸ ਦੇ ਤਾਜ਼ਾ ਅੰਕੜਿਆਂ ਮੁਤਾਬਕ, ਅਮਰੀਕੀ ਲੋਕ ਇਸ ਸਮੇਂ ਵੱਡੀ ਗਿਣਤੀ ਵਿਚ ਵਿਦੇਸ਼ ਯਾਤਰਾ ਕਰ ਰਹੇ ਹਨ, ਜਦਕਿ ਅਮਰੀਕਾ ਵਿਚ ਆਉਣ ਵਾਲੇ ਵਿਦੇਸ਼ੀ ਯਾਤਰੀਆਂ ਦੀ ਗਿਣਤੀ ਇਸਦੇ ਮੁਕਾਬਲੇ ਘੱਟ ਹੈ। ਇਹ ਟਰੈਂਡ ਵੀ ਦਰਸਾਉਂਦਾ ਹੈ ਕਿ ਇਸ ਸਾਲ ਗਰਮੀਆਂ ਵਿਚ ਇੰਟਰਨੈਸ਼ਨਲ ਟ੍ਰੈਵਲ ਕਾਫੀ ਵਧਣ ਵਾਲਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਜੇ ਤੁਹਾਡਾ ਪਾਸਪੋਰਟ 6 ਮਹੀਨੇ ਤੋਂ ਘੱਟ ਵੈਧਤਾ 'ਤੇ ਆ ਗਿਆ ਹੈ, ਤਾਂ ਤੁਹਾਨੂੰ ਤੁਰੰਤ ਉਸਨੂੰ ਰੀਨਿਊ ਕਰਵਾ ਲੈਣਾ ਚਾਹੀਦਾ ਹੈ। ਨਹੀਂ ਤਾਂ ਤੁਸੀਂ ਆਪਣੀ ਫਲਾਈਟ ਮਿਸ ਕਰ ਸਕਦੇ ਹੋ ਜਾਂ ਤੁਹਾਨੂੰ ਦੇਸ਼ ਵਿਚ ਦਾਖ਼ਲ ਹੋਣ ਤੋਂ ਇਨਕਾਰ ਵੀ ਕੀਤਾ ਜਾ ਸਕਦਾ ਹੈ।

ਕੁੱਲ ਮਿਲਾ ਕੇ, ਜੇ ਤੁਸੀਂ ਇਸ ਸਮਰ ਵਿਚ ਟ੍ਰੈਵਲ ਕਰਨ ਦੀ ਯੋਜਨਾ ਬਣਾ ਰਹੇ ਹੋ, ਤਾਂ ਸਭ ਤੋਂ ਪਹਿਲਾਂ ਆਪਣੇ ਪਾਸਪੋਰਟ ਦੀ ਮਿਆਦ ਚੈਕ ਕਰੋ, ਨਹੀਂ ਤਾਂ ਤੁਹਾਡੀ ਪੂਰੀ ਯਾਤਰਾ 'ਤੇ ਪਾਣੀ ਫਿਰ ਸਕਦਾ ਹੈ।

## ਐਕਟਰ ਮੈਥਿਊ ਪੈਰੀ ਦੀ ਮੌਤ ਮਾਮਲੇ 'ਚ ਭਾਰਤੀ ਮੂਲ ਦੀ ਔਰਤ ਨੂੰ 15 ਸਾਲ ਦੀ ਸਜ਼ਾ



**ਵਾਸ਼ਿੰਗਟਨ, (ਪੰਜਾਬ ਮੇਲ)-** ਹਾਲੀਵੁੱਡ ਦੇ ਮਸ਼ਹੂਰ ਟੀ.ਵੀ. ਸ਼ੋਅ 'ਫ੍ਰੈਂਡਜ਼' ਦੇ ਅਦਾਕਾਰ ਮੈਥਿਊ ਪੈਰੀ ਦੀ ਮੌਤ ਨਾਲ ਜੁੜੇ ਡਰੱਗਜ਼ ਮਾਮਲੇ 'ਚ ਅਦਾਲਤ ਨੇ ਭਾਰਤੀ ਮੂਲ ਦੀ ਔਰਤ ਜਸਵੀਨ ਸੰਘਾ ਨੂੰ 15 ਸਾਲ ਦੀ ਜੇਲ ਦੀ ਸਜ਼ਾ ਸੁਣਾਈ ਹੈ। ਜਸਵੀਨ ਨੂੰ 'ਕੇਟਾਮਾਈਨ ਕੁਈਨ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਜਸਵੀਨ ਸੰਘਾ ਨੇ ਪਿਛਲੇ ਸਾਲ ਸਤੰਬਰ ਵਿਚ ਪੰਜ ਦੋਸ਼ਾਂ ਨੂੰ ਸਵੀਕਾਰ ਕੀਤਾ ਸੀ। ਇਨ੍ਹਾਂ ਵਿਚ ਕੇਟਾਮਾਈਨ ਵੇਚਣ ਦਾ ਦੋਸ਼ ਵੀ ਸ਼ਾਮਲ ਸੀ, ਜਿਸ ਨੂੰ ਮੈਥਿਊ ਪੈਰੀ ਦੀ ਮੌਤ ਦੀ ਵੱਡੀ ਵਜ੍ਹਾ ਮੰਨਿਆ ਗਿਆ। ਕੇਟਾਮਾਈਨ ਇਕ ਬੇਹੋਸ਼ ਕਰਨ ਵਾਲੀ ਦਵਾਈ ਹੈ, ਜਿਸ ਦੀ ਵਰਤੋਂ ਸਿਰਫ਼ ਡਾਕਟਰ ਦੀ ਨਿਗਰਾਨੀ ਵਿਚ ਹੀ ਕੀਤੀ ਜਾਂਦੀ ਹੈ। ਮੈਥਿਊ ਪੈਰੀ ਅਕਤੂਬਰ 2023 ਵਿਚ ਆਪਣੇ ਘਰ ਦੇ ਹੌਟ ਟੱਬ ਵਿਚ ਮ੍ਰਿਤਕ ਪਾਏ ਗਏ ਸਨ। ਜਾਂਚ ਵਿਚ ਸਾਹਮਣੇ ਆਇਆ ਕਿ ਉਨ੍ਹਾਂ ਦੀ ਮੌਤ ਕੇਟਾਮਾਈਨ ਦੇ ਜ਼ਿਆਦਾ ਅਸਰ ਕਾਰਨ ਹੋਈ ਸੀ।

# ਕਮਲਾ ਹੈਰਿਸ ਦੇ 2028 'ਚ ਰਾਸ਼ਟਰਪਤੀ ਦੀ ਚੋਣ ਲੜਨ ਦੇ ਸੰਕੇਤ ਹੋਏ ਸਪੱਸ਼ਟ !

**ਨਿਊਯਾਰਕ, (ਪੰਜਾਬ ਮੇਲ)-** ਸਾਬਕਾ ਅਮਰੀਕੀ ਸਾਬਕਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਇੱਕ ਵੱਡਾ ਸੰਕੇਤ ਦਿੱਤਾ ਹੈ ਕਿ ਉਹ 2028 ਵਿਚ ਰਾਸ਼ਟਰਪਤੀ ਦੀ ਚੋਣ ਲੜ ਸਕਦੀ ਹੈ। ਹਾਲ ਹੀ ਵਿਚ ਹੋਏ ਇੱਕ ਸਮਾਗਮ ਦੌਰਾਨ ਉਨ੍ਹਾਂ ਨੇ ਕਿਹਾ, "ਦੇਖੋ, ਸ਼ਾਇਦ ਮੈਂ ਲੜਾਂ... ਮੈਂ ਇਸ ਬਾਰੇ ਸੋਚ ਰਹੀ ਹਾਂ," ਅਤੇ ਨਾਲ ਹੀ ਇਹ ਵੀ ਜੋੜਿਆ ਕਿ ਉਹ ਅੱਗੇ ਜਾਣਕਾਰੀ ਦਿੰਦੀ ਰਹੇਗੀ।



ਇਹ ਗੱਲਬਾਤ ਉਨ੍ਹਾਂ ਨੇ ਪ੍ਰਸਿੱਧ ਸਮਾਜਿਕ ਨੇਤਾ ਅਲ ਸ਼ਾਰਪਟਨ (Al Sharpton) ਨਾਲ ਨੈਸ਼ਨਲ ਐਕਸ਼ਨ ਨੈੱਟਵਰਕ ਦੇ ਕਨਵੈਨਸ਼ਨ ਦੌਰਾਨ ਕੀਤੀ, ਜਿੱਥੇ ਉਨ੍ਹਾਂ ਦੀ ਲਗਭਗ 40 ਮਿੰਟ ਦੀ ਹਾਜ਼ਰੀ ਦੌਰਾਨ ਦਰਸ਼ਕਾਂ ਵੱਲੋਂ ਖੜ੍ਹ ਕੇ ਤਾਲੀਆਂ ਵੀ ਵੱਜੀਆਂ। ਇਸ ਮੌਕੇ 'ਤੇ ਕਈ ਕਾਲੇ ਨੇਤਾ, ਰਾਜਨੀਤਿਕ ਸ਼ਖਸੀਅਤਾਂ ਅਤੇ ਪ੍ਰਭਾਵਸ਼ਾਲੀ ਵੋਟਰ ਮੌਜੂਦ ਸਨ।

ਹਾਲਾਂਕਿ ਕਮਲਾ ਹੈਰਿਸ ਪਹਿਲਾਂ ਵੀ ਚੋਣ ਲੜਨ ਦੇ ਇਸ਼ਾਰੇ ਕਰ ਚੁੱਕੀ ਹੈ, ਪਰ ਇਸ ਵਾਰ ਦੇ ਬਿਆਨ ਨੂੰ ਜ਼ਿਆਦਾ ਗੰਭੀਰ ਮੰਨਿਆ ਜਾ ਰਿਹਾ ਹੈ। ਇਹ ਸਮਾਗਮ 2028 ਦੀ ਚੋਣ ਲਈ ਡੈਮੋਕ੍ਰੇਟਿਕ ਉਮੀਦਵਾਰਾਂ ਦੇ ਪਹਿਲੇ ਵੱਡੇ ਮੰਚ ਵਜੋਂ ਵੀ ਦੇਖਿਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ, "ਮੈਨੂੰ ਪਤਾ ਹੈ ਇਹ ਨੌਕਰੀ ਕੀ ਹੈ ਅਤੇ ਇਸ ਦੀਆਂ ਕੀ ਜ਼ਿੰਮੇਵਾਰੀਆਂ ਹਨ।"

ਇਸ ਸਮਾਗਮ ਵਿਚ ਹੋਰ ਸੰਭਾਵੀ ਉਮੀਦਵਾਰ ਵੀ ਸ਼ਾਮਲ ਹੋਏ, ਪਰ ਕਮਲਾ ਹੈਰਿਸ ਨੂੰ ਸਭ ਤੋਂ ਜ਼ਿਆਦਾ ਸਮਰਥਨ ਮਿਲਿਆ। ਦਰਸ਼ਕਾਂ ਵੱਲੋਂ "ਰਨ ਅਗੇਨ! ਰਨ ਅਗੇਨ!" ਦੇ ਨਾਅਰੇ ਵੀ ਲੱਗੇ। ਮਾਹੌਲ ਇੰਨਾ ਜੋਸ਼ੀਲਾ ਸੀ ਕਿ ਅਲ ਸ਼ਾਰਪਟਨ ਨੇ ਮਜ਼ਾਕ ਵਿਚ ਕਿਹਾ ਕਿ ਇਹ ਕਨਵੈਨਸ਼ਨ ਹੈ, ਕੋਈ ਧਾਰਮਿਕ ਸਮਾਗਮ ਨਹੀਂ।

ਕਮਲਾ ਹੈਰਿਸ ਨੇ ਆਪਣੇ ਭਾਸ਼ਣ ਦੌਰਾਨ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਵੀ ਕਾਫ਼ੀ ਆਲੋਚਨਾ ਕੀਤੀ, ਖਾਸ ਕਰਕੇ ਇਰਾਨ ਨਾਲ ਸੰਬੰਧਿਤ ਨੀਤੀਆਂ, ਵਿਦੇਸ਼ ਨੀਤੀ ਅਤੇ ਵੋਟਿੰਗ ਅਧਿਕਾਰਾਂ ਬਾਰੇ। ਨਾਲ ਹੀ ਉਨ੍ਹਾਂ ਨੇ ਇਹ ਵੀ ਮੰਨਿਆ ਕਿ 2024 ਦੀਆਂ ਚੋਣਾਂ ਵਿਚ ਕੁਝ ਕਾਲੇ ਅਤੇ ਲਾਤੀਨੀ ਵੋਟਰ, ਖਾਸ ਕਰਕੇ ਪੁਰਸ਼, ਡੈਮੋਕ੍ਰੇਟਿਕ ਪਾਰਟੀ ਤੋਂ ਦੂਰ ਹੋਏ ਸਨ, ਜਿਸਦਾ ਪ੍ਰਭਾਵ ਪਾਰਟੀ 'ਤੇ ਪਿਆ। ਇਸ ਤਰ੍ਹਾਂ, ਕਮਲਾ ਹੈਰਿਸ ਦੇ ਇਹ ਬਿਆਨ 2028 ਦੀ ਚੋਣ ਦੌੜ ਨੂੰ ਲੈ ਕੇ ਨਵੀਂ ਚਰਚਾ ਨੂੰ ਜਨਮ ਦੇ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿਚ ਅਮਰੀਕੀ ਰਾਜਨੀਤੀ 'ਚ ਵੱਡੇ ਬਦਲਾਵਾਂ ਦੇ ਸੰਕੇਤ ਮਿਲ ਰਹੇ ਹਨ।



# ਕੈਨੇਡਾ 'ਚ ਸੁਣਵਾਈ ਦੌਰਾਨ ਬਿਸ਼ਨੋਈ ਗੈਂਗ ਦਾ ਮੈਂਬਰ ਲਾਪਤਾ !

ਵੈਨਕੂਵਰ, (ਪੰਜਾਬ ਮੇਲ)- ਕੈਨੇਡੀਅਨ ਅਧਿਕਾਰੀਆਂ ਨੇ ਲਾਰੈਂਸ ਬਿਸ਼ਨੋਈ ਗੈਂਗ ਦੇ ਕਥਿਤ ਗੁਰਗੇ ਅਭਿਜੀਤ ਕਿੰਗਰਾ ਦੇ ਦੇਸ਼ ਨਿਕਾਲੇ ਦੀ ਸੁਣਵਾਈ ਉਸ ਸਮੇਂ ਅਚਾਨਕ ਰੋਕ ਦਿੱਤੀ, ਜਦੋਂ ਉਹ ਵਰਚੁਅਲ ਕਾਰਵਾਈ ਦੌਰਾਨ ਉਸ ਦਾ ਪਤਾ ਲਗਾਉਣ ਵਿਚ ਅਸਫਲ ਰਹੇ। ਰਿਪੋਰਟ ਅਨੁਸਾਰ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ ਦੇ ਮੈਂਬਰ ਨੇ ਸੁਣਵਾਈ ਬੰਦ ਕਰਨ ਤੋਂ ਪਹਿਲਾਂ ਕਿਹਾ, "ਇਹ ਜਾਣੇ ਬਿਨਾਂ ਕਿ ਉਹ ਕਿੱਥੇ ਹੈ, ਅਸੀਂ ਹੋਰ ਬਹੁਤ ਕੁੱਝ ਨਹੀਂ ਕਰ ਸਕਦੇ।"

ਕਿੰਗਰਾ, ਜਿਸ ਨੇ 2024 ਵਿਚ ਬ੍ਰਿਟਿਸ਼ ਕੋਲੰਬੀਆ ਦੇ ਕੋਲਵੁੱਡ ਵਿਚ ਪੰਜਾਬੀ ਗਾਇਕ ਏ.ਪੀ. ਢਿੱਲੋਂ ਦੀ ਰਿਹਾਇਸ਼ 'ਤੇ ਟਾਰਗੇਟਿਡ ਫਾਇਰਿੰਗ ਅਤੇ ਅਗਜ਼ਨੀ ਦਾ ਹਮਲਾ ਕੀਤਾ ਸੀ, ਹਿਰਾਸਤ ਵਿਚ ਹੈ। ਹਾਲਾਂਕਿ, ਅਧਿਕਾਰੀਆਂ ਨੇ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ ਜਾਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਸੂਚਿਤ ਕੀਤੇ ਬਿਨਾਂ ਉਸ ਨੂੰ ਇੱਕ ਜੇਲ੍ਹ ਤੋਂ ਦੂਜੀ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਸੀ।

ਪਰ ਅਧਿਕਾਰੀਆਂ ਨੇ ਕੁਝ ਹੀ

### ▮ ਡਿਪੋਰਟੇਸ਼ਨ ਦੀ ਕਾਰਵਾਈ ਰੁਕੀ

ਮਿੰਟਾਂ ਵਿਚ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ ਦੀ ਸੁਣਵਾਈ ਰੋਕ ਦਿੱਤੀ ਕਿਉਂਕਿ ਕੋਈ ਵੀ ਕਿੰਗਰਾ ਦੀ ਲੋਕੇਸ਼ਨ ਦੀ ਪੁਸ਼ਟੀ ਨਹੀਂ ਕਰ ਸਕਿਆ। ਅਧਿਕਾਰੀਆਂ ਨੇ ਬਾਅਦ ਵਿਚ ਪੁਸ਼ਟੀ ਕੀਤੀ ਕਿ ਉਹ ਹਿਰਾਸਤ ਵਿਚ ਹੀ ਸੀ, ਪਰ ਇਸ ਦੇਰੀ ਲਈ ਮਾੜੇ ਤਾਲਮੇਲ ਨੂੰ ਜ਼ਿੰਮੇਵਾਰ ਠਹਿਰਾਇਆ।

ਜ਼ਿਕਰਯੋਗ ਹੈ ਕਿ ਗੈਂਗ ਦੇ ਹੁਕਮਾਂ 'ਤੇ ਕਿੰਗਰਾ ਨੇ ਏ.ਪੀ. ਢਿੱਲੋਂ ਦੇ ਘਰ 'ਤੇ ਕਈ ਰਾਊਂਡ ਫਾਇਰ ਕੀਤੇ ਅਤੇ ਦੋ ਵਾਹਨਾਂ ਨੂੰ ਅੱਗ ਲਾ ਦਿੱਤੀ ਸੀ। ਉਸ ਨੇ ਪੂਰੇ ਹਮਲੇ ਨੂੰ ਬਾਡੀ ਕੈਮਰੇ 'ਤੇ ਰਿਕਾਰਡ ਕੀਤਾ ਅਤੇ ਫੁਟੇਜ ਅਪਲੋਡ ਕੀਤੀ, ਜਿਸ ਨਾਲ ਬਿਸ਼ਨੋਈ ਗਰੁੱਪ ਨੂੰ ਜ਼ਿੰਮੇਵਾਰੀ ਲੈਣ ਵਿਚ ਮਦਦ ਮਿਲੀ। ਇਹ ਹਮਲਾ ਬਾਲੀਵੁੱਡ ਅਭਿਨੇਤਾ ਸਲਮਾਨ ਖਾਨ ਨਾਲ ਜੁੜੇ ਇੱਕ ਵੱਡੇ ਵਿਵਾਦ ਤੋਂ ਪੈਦਾ ਹੋਇਆ ਸੀ। ਕਿੰਗਰਾ ਸਟੂਡੈਂਟ ਵੀਜ਼ੇ 'ਤੇ ਕੈਨੇਡਾ ਦਾਖਲ ਹੋਇਆ ਸੀ, ਜੋ ਬਾਅਦ ਵਿਚ ਸਮਾਪਤ ਹੋ ਗਿਆ।

# ਲਾਸ ਏਂਜਲਸ 'ਚ ਭਾਰਤੀ ਦੂਤਾਵਾਸ ਵੱਲੋਂ ਵੀਜ਼ਾ ਅਤੇ ਓ.ਸੀ.ਆਈ. ਸੇਵਾਵਾਂ ਸ਼ੁਰੂ

ਲਾਸ ਏਂਜਲਸ, (ਪੰਜਾਬ ਮੇਲ)- ਲਾਸ ਏਂਜਲਸ ਵਿਚ ਭਾਰਤੀ ਦੂਤਾਵਾਸ ਨੇ 6 ਅਪ੍ਰੈਲ ਤੋਂ ਵੀਜ਼ਾ ਅਤੇ ਓਵਰਸੀਜ਼ ਸਿਟੀਜ਼ਨਸ਼ਿਪ ਆਫ ਇੰਡੀਆ (ਓ.ਸੀ.ਆਈ.) ਸੇਵਾਵਾਂ ਮੁਹੱਈਆ ਕਰਵਾਉਣੀ ਸ਼ੁਰੂ ਕਰ ਦਿੱਤੀ ਹੈ। ਦੂਤਾਵਾਸ ਨੇ ਇੱਕ ਸਰਕਾਰੀ ਘੋਸ਼ਣਾ ਵਿਚ ਦੱਸਿਆ ਕਿ ਇਹ ਸੇਵਾਵਾਂ ਦੱਖਣੀ ਕੈਲੀਫੋਰਨੀਆ, ਐਰੀਜ਼ੋਨਾ, ਨੇਵਾਡਾ ਅਤੇ ਨਿਊ ਮੈਕਸਿਕੋ ਵਿਚ ਰਹਿੰਦੇ ਬਿਨੈਕਾਰਾਂ ਲਈ ਉਪਲਬਧ ਹਨ। ਇਹ ਸੇਵਾਵਾਂ ਪਹਿਲਾਂ ਸਾਨ ਫਰਾਂਸਿਸਕੋ ਸਥਿਤ ਭਾਰਤੀ ਦੂਤਾਵਾਸ ਰਾਹੀਂ ਦਿੱਤੀਆਂ ਜਾਂਦੀਆਂ ਸਨ।

ਐਕਸ 'ਤੇ ਇੱਕ ਪੋਸਟ ਵਿਚ ਮਿਸ਼ਨ ਨੇ ਕਿਹਾ ਕਿ ਇਨ੍ਹਾਂ ਚਾਰ ਰਾਜਾਂ ਦੇ ਅਧਿਕਾਰ ਖੇਤਰ ਤੋਂ ਪਾਸਪੋਰਟ, ਗਲੋਬਲ ਐਂਟਰੀ ਪ੍ਰੋਗਰਾਮ (ਜੀ.ਈ.ਪੀ.), ਪੁਲਿਸ ਕਲੀਅਰੈਂਸ ਸਰਟੀਫਿਕੇਟ (ਪੀ.ਸੀ.ਸੀ.) ਅਤੇ ਸਰੈਂਡਰ ਸਰਟੀਫਿਕੇਟ ਨਾਲ ਸੰਬੰਧਿਤ ਅਰਜ਼ੀਆਂ ਹਾਲੇ ਵੀ ਸਾਨ ਫਰਾਂਸਿਸਕੋ ਦੂਤਾਵਾਸ ਰਾਹੀਂ ਹੀ ਪ੍ਰੋਸੈਸ ਕੀਤੀਆਂ ਜਾਣਗੀਆਂ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਸ ਅਧਿਕਾਰ ਖੇਤਰ ਤੋਂ ਸਾਰੀਆਂ ਅਰਜ਼ੀਆਂ ਵੀ.ਐੱਫ.ਐੱਸ. ਗਲੋਬਲ ਦੇ ਲਾਸ ਏਂਜਲਸ ਕੇਂਦਰ ਰਾਹੀਂ ਜਮ੍ਹਾਂ ਕਰਵਾਈਆਂ ਜਾਣ, ਜੋ ਕਿ ਭਾਰਤੀ ਕੌਂਸਲਰ ਸੇਵਾਵਾਂ ਲਈ ਆਊਟਸੋਰਸ ਕੀਤਾ ਗਿਆ ਅਰਜ਼ੀ ਪ੍ਰੋਸੈਸਿੰਗ ਭਾਗੀਦਾਰ ਹੈ।

ਨਿਯਮਿਤ ਭਾਰਤੀ ਵੀਜ਼ਾ ਲਈ ਅਰਜ਼ੀ ਦੇਣ ਵਾਲਿਆਂ ਨੂੰ ਭਾਰਤ ਸਰਕਾਰ ਦੇ ਅਧਿਕ੍ਰਿਤ ਵੀਜ਼ਾ ਅਰਜ਼ੀ ਪੋਰਟਲ 'ਤੇ ਜਾਣ ਲਈ ਕਿਹਾ ਗਿਆ ਹੈ, ਜਦਕਿ ਯੋਗ ਸ਼੍ਰੇਣੀਆਂ ਲਈ ਈ-ਵੀਜ਼ਾ ਸੇਵਾਵਾਂ ਵੱਖਰੇ ਤੌਰ 'ਤੇ ਉਪਲਬਧ ਰਹਿਣਗੀਆਂ। ਇਹ ਕਦਮ ਲਾਸ ਏਂਜਲਸ ਵਿਚ ਭਾਰਤ ਦੇ ਮਿਸ਼ਨ ਵੱਲੋਂ ਸੇਵਾਵਾਂ ਦੇ ਵਿਸਤਾਰ ਨੂੰ ਦਰਸਾਉਂਦਾ ਹੈ, ਜੋ ਅਮਰੀਕਾ ਦੇ ਦੱਖਣ-ਪੱਛਮੀ ਹਿੱਸਿਆਂ ਵਿਚ ਸੇਵਾਵਾਂ ਪ੍ਰਦਾਨ ਕਰਦਾ ਹੈ।

ਇਹ ਪਹਿਲ 2025 ਦੇ ਅੰਤ ਵਿਚ ਲਾਸ ਏਂਜਲਸ ਵਿਚ ਵੀ.ਐੱਫ.ਐੱਸ. ਦੁਆਰਾ ਚਲਾਏ ਜਾ ਰਹੇ ਇੱਕ ਭਾਰਤੀ ਕੌਂਸਲਰ ਅਰਜ਼ੀ ਕੇਂਦਰ ਦੇ ਉਦਘਾਟਨ ਤੋਂ ਬਾਅਦ ਕੀਤੀ ਗਈ ਹੈ।

# ਪੰਜਾਬੀ ਬਹੁਗਿਣਤੀ ਵਾਲੇ ਇਲਾਕੇ ਸਰੀ ਸੈਂਟਰਲ 'ਚ ਰਿਹਾਇਸ਼ੀ ਘਰ 'ਤੇ ਚੱਲੀਆਂ ਗੋਲੀਆਂ

ਸਰੀ, (ਪੰਜਾਬ ਮੇਲ)- ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ 'ਚ ਪੰਜਾਬੀ ਅਤੇ ਭਾਰਤੀ-ਕੈਨੇਡੀਅਨ ਭਾਈਚਾਰੇ ਦੀ ਸੰਘਣੀ ਆਬਾਦੀ ਵਾਲੇ ਇਲਾਕੇ 'ਸਰੀ ਸੈਂਟਰਲ' ਵਿਚ ਇੱਕ ਰਿਹਾਇਸ਼ੀ ਘਰ 'ਤੇ ਗੋਲੀਆਂ ਚੱਲਣ ਦੀ ਘਟਨਾ ਵਾਪਰੀ ਹੈ, ਜਿਸ ਦੀ ਜਾਂਚ ਸਰੀ ਪੁਲਿਸ ਸਰਵਿਸ ਵੱਲੋਂ ਕੀਤੀ ਜਾ ਰਹੀ ਹੈ। ਇਹ ਘਟਨਾ 95 ਐਵੇਨਿਊ ਅਤੇ 127 ਸਟ੍ਰੀਟ ਦੇ ਨੇੜੇ ਵਾਪਰੀ। ਪੁਲਿਸ ਨੂੰ ਘਰ 'ਤੇ ਗੋਲੀਆਂ ਦੇ ਨਿਸ਼ਾਨ ਮਿਲੇ ਹਨ ਪਰ ਉਨ੍ਹਾਂ ਨੇ ਪੁਸ਼ਟੀ ਕੀਤੀ ਹੈ ਕਿ ਇਸ ਹਾਦਸੇ ਵਿਚ ਕੋਈ ਵੀ ਜ਼ਖਮੀ ਨਹੀਂ ਹੋਇਆ ਅਤੇ ਘਰ ਦੇ ਸਾਰੇ ਜੀਅ ਸੁਰੱਖਿਅਤ ਹਨ।

ਸਰੀ ਸੈਂਟਰਲ ਭਾਰਤ ਤੋਂ ਬਾਹਰ ਪੰਜਾਬੀ ਅਤੇ ਸਿੱਖ ਭਾਈਚਾਰੇ ਦੇ ਸਭ ਤੋਂ ਵੱਡੇ ਕੇਂਦਰਾਂ ਵਿਚੋਂ ਇੱਕ ਮੰਨਿਆ ਜਾਂਦਾ ਹੈ, ਜਿੱਥੇ ਪੰਜਾਬੀ ਭਾਸ਼ਾ ਆਮ ਬੋਲੀ ਜਾਂਦੀ ਹੈ ਅਤੇ ਇੱਥੇ ਵੱਡੀ ਗਿਣਤੀ ਵਿਚ ਗੁਰਦੁਆਰੇ ਅਤੇ ਦੱਖਣੀ ਏਸ਼ਿਆਈ ਕਾਰੋਬਾਰ ਹਨ। ਪਿਛਲੇ ਕੁਝ ਮਹੀਨਿਆਂ ਦੌਰਾਨ ਇਸ ਇਲਾਕੇ

### ▮ ਸਰੀ ਪੁਲਿਸ ਨੇ ਜਾਂਚ ਆਰੰਭੀ

ਵਿਚ ਮਿੱਥ ਕੇ ਕੀਤੀ ਜਾਣ ਵਾਲੀ ਗੋਲੀਬਾਰੀ ਅਤੇ ਫਿਰੌਤੀ ਨਾਲ ਸਬੰਧਤ ਹਿੰਸਾ ਦੀਆਂ ਘਟਨਾਵਾਂ ਵਿਚ ਜ਼ਿਕਰਯੋਗ ਵਾਧਾ ਹੋਇਆ ਹੈ, ਜਿਸ ਨਾਲ ਅਕਸਰ ਪੰਜਾਬ ਅਤੇ ਉੱਤਰੀ ਭਾਰਤ ਦੇ ਹੋਰ ਹਿੱਸਿਆਂ ਤੋਂ ਆਏ ਪਰਿਵਾਰ ਪ੍ਰਭਾਵਿਤ ਹੁੰਦੇ ਹਨ।

ਸਰੀ ਪੁਲਿਸ ਦੇ ਮੇਜਰ ਕ੍ਰਾਈਮ ਸੈਕਸ਼ਨ ਨੇ ਫੋਰੈਂਸਿਕ ਟੀਮਾਂ ਦੇ ਨਾਲ ਮਿਲ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਗੋਲੀਬਾਰੀ ਦੇ ਪਿੱਛੇ ਦਾ ਮਕਸਦ ਅਜੇ ਪਤਾ ਨਹੀਂ ਲੱਗ ਸਕਿਆ ਹੈ। ਪੁਲਿਸ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਸੀ.ਸੀ.ਟੀ.ਵੀ. ਜਾਂ ਡੈਸ਼ਕੈਮ ਫੁਟੇਜ ਹੋਵੇ, ਤਾਂ ਉਹ ਜਾਂਚ ਵਿਚ ਮਦਦ ਲਈ ਅੱਗੇ ਆਉਣ। ਇਸ ਘਟਨਾ ਨੇ ਕੈਨੇਡਾ ਵਿਚ ਰਹਿੰਦੇ ਵੱਡੇ ਪੰਜਾਬੀ ਭਾਈਚਾਰੇ ਵਿੱਚ ਇੱਕ ਵਾਰ ਫਿਰ ਸੁਰੱਖਿਆ ਨੂੰ ਲੈ ਕੇ ਗੰਭੀਰ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ।




# ਅਰਵਿੰਦਰ ਖੋਸਾ ਬਣੇ ਕ੍ਰਿਕਟ ਕੈਨੇਡਾ ਦੇ ਨਵੇਂ ਪ੍ਰਧਾਨ

**ਵਿਨੀਪੈਗ, (ਪੰਜਾਬ ਮੇਲ)-** ਕੈਨੇਡਾ ਵਿਚ ਕ੍ਰਿਕਟ ਦੀ ਗਵਰਨਿੰਗ ਬਾਡੀ, ਕ੍ਰਿਕੇਟ ਕੈਨੇਡਾ ਨੇ ਅਰਵਿੰਦਰ ਖੋਸਾ ਨੂੰ ਆਪਣਾ ਨਵਾਂ ਪ੍ਰਧਾਨ ਚੁਣਨ ਦਾ ਐਲਾਨ ਕੀਤਾ। ਅਰਵਿੰਦਰ ਸਿੰਘ ਖੋਸਾ ਉਰਫ਼ ਅਫ਼ਰੀਦੀ ਨੇ ਕ੍ਰਿਕਟ ਕੈਨੇਡਾ ਦੇ ਪ੍ਰਧਾਨ ਦੀ ਚੋਣ ਜਿੱਤਣ ਵਿਚ ਕਾਮਯਾਬੀ ਹਾਸਲ ਕਰ ਲਈ। ਕ੍ਰਿਕਟ ਕੈਨੇਡਾ ਕੈਨੇਡਾ ਵਿਚ ਕ੍ਰਿਕਟ ਦੀ ਖੇਡ ਲਈ ਅਧਿਕਾਰਤ ਪ੍ਰਬੰਧਕ ਸੰਸਥਾ ਹੈ। ਖੋਸਾ ਦੀ ਇਸ ਟੀਮ ਵਿਚ ਸ਼ਾਮਲ ਹੋਣ ਵਾਲੇ ਨਵੇਂ ਚੁਣੇ ਗਏ ਸਕੱਤਰ ਪਰਮਜੀਤ ਸ਼ਾਹੀ ਹਨ, ਜੋ ਵਿਨੀਪੈਗ, ਮੈਨੀਟੋਬਾ ਤੋਂ ਇੱਕ ਕਮਿਊਨਿਟੀ ਆਗੂ ਹਨ, ਜੋ ਕ੍ਰਿਕਟ ਮੈਨੀਟੋਬਾ ਵਿਚ ਕ੍ਰਿਕਟ ਦੇ ਵਿਕਾਸ ਵਿਚ ਸਰਗਰਮੀ ਨਾਲ ਸ਼ਾਮਲ ਹਨ, ਜਿਸ ਵਿਚ ਬੁਨਿਆਦੀ ਢਾਂਚੇ ਅਤੇ ਯੂਥ ਪ੍ਰੋਗਰਾਮਿੰਗ ਦਾ ਸਮਰਥਨ ਕਰਨਾ ਸ਼ਾਮਲ ਹੈ।

ਇਹ ਅੰਤਰਰਾਸ਼ਟਰੀ ਕ੍ਰਿਕਟ ਪ੍ਰੀਸ਼ਦ, ਕੈਨੇਡਾ ਸਰਕਾਰ ਅਤੇ ਕੈਨੇਡੀਅਨ ਓਲੰਪਿਕ ਕਮੇਟੀ ਦੁਆਰਾ ਮਾਨਤਾ ਪ੍ਰਾਪਤ ਇੱਕ ਗੈਰ-ਮੁਨਾਫ਼ਾ ਸੰਸਥਾ ਹੈ। ਕੈਨੇਡੀਅਨ ਕ੍ਰਿਕਟ ਟੀਮ ਦੀ ਕਪਤਾਨੀ ਪੰਜਾਬੀ ਨੌਜਵਾਨ ਦੇ ਹੱਥਾਂ ਵਿਚ ਜਾਣ ਮਗਰੋਂ ਕ੍ਰਿਕਟ ਕੈਨੇਡਾ ਦੀ ਵਾਗਡੋਰ ਫ਼ਿਰੋਜ਼ਪੁਰ ਦੇ ਅਰਵਿੰਦਰ ਸਿੰਘ ਖੋਸਾ ਨੇ ਸੰਭਾਲ ਲਈ ਹੈ। ਖੋਸਾ ਬ੍ਰਿਟਿਸ਼ ਕੋਲੰਬੀਆ ਦੇ ਸਰੀ ਤੋਂ ਇੱਕ ਬਹੁਤ ਹੀ ਸਤਿਕਾਰਤ ਕ੍ਰਿਕਟ ਪ੍ਰਸ਼ਾਸਕ ਅਤੇ ਕਮਿਊਨਿਟੀ ਆਗੂ ਹੈ, ਜਿਸ ਦੀ ਖੇਡ ਵਿਚ ਲੰਬੇ ਸਮੇਂ ਤੋਂ ਸ਼ਮੂਲੀਅਤ ਹੈ।

**ਪਰਮਜੀਤ ਸ਼ਾਹੀ ਸਕੱਤਰ ਨਿਯੁਕਤ**




*ਕ੍ਰਿਕਟ ਕੈਨੇਡਾ ਦੇ ਪ੍ਰਧਾਨ ਅਰਵਿੰਦਰ ਸਿੰਘ ਅਤੇ ਸਕੱਤਰ ਪਰਮਜੀਤ ਸ਼ਾਹੀ।*

ਕੈਨੇਡਾ ਵਿਚ ਅਫ਼ਰੀਦੀ ਵਜੋਂ ਪ੍ਰਸਿੱਧ ਅਰਵਿੰਦਰ ਖੋਸਾ ਨੇ ਦੱਸਿਆ ਕਿ ਕ੍ਰਿਕਟ ਕੈਨੇਡਾ ਦੀਆਂ ਚੋਣਾਂ ਲੰਮੇ ਸਮੇਂ ਤੋਂ ਲਟਕ ਰਹੀਆਂ ਸਨ ਅਤੇ ਕੌਮਾਂਤਰੀ ਕ੍ਰਿਕੇਟ ਕੌਂਸਲ ਵੀ ਜਲਦ ਤੋਂ ਜਲਦ ਚੋਣਾਂ ਕਰਵਾਉਣ ਦਾ ਦਬਾਅ ਪਾ ਰਹੀ ਸੀ ਪਰ ਕੋਈ ਵਾਹ ਨਾ ਚਲਦੀ ਵੇਖ ਅਦਾਲਤ ਦਾ ਦਰਵਾਜ਼ਾ ਖੜਕਾਉਣਾ ਪਿਆ। ਸੁਪਰੀਮ ਕੋਰਟ ਦੇ ਹੁਕਮਾਂ 'ਤੇ ਬੀਤੇ ਦਿਨੀਂ ਹੋਈਆਂ ਚੋਣਾਂ ਦੌਰਾਨ ਕੈਨੇਡਾ ਦੇ 10 ਸੂਬਿਆਂ ਵਿਚੋਂ ਅੱਠ ਅਰਵਿੰਦਰ ਸਿੰਘ ਖੋਸਾ ਦੇ ਹੱਕ ਵਿਚ ਭੁਗਤੇ ਅਤੇ ਵੱਡੀ ਲੀਡ ਨਾਲ ਜਿੱਤ ਹਾਸਲ ਕੀਤੀ।

ਅਰਵਿੰਦਰ ਸਿੰਘ ਖੋਸਾ ਨੇ ਕਿਹਾ ਕਿ ਕੈਨੇਡੀਅਨ ਕ੍ਰਿਕਟ ਨੂੰ ਕੌਮਾਂਤਰੀ ਬੁਲੰਦੀਆਂ 'ਤੇ ਲਿਜਾਣ ਲਈ ਪੂਰੀ ਵਾਹ ਲਾ ਦੇਣਗੇ। ਉਨ੍ਹਾਂ ਕਿਹਾ, "ਕੈਨੇਡਾ ਵਿਚ ਕ੍ਰਿਕਟ ਲਈ ਇਹ ਇੱਕ ਮਹੱਤਵਪੂਰਨ ਪਲ ਹੈ। ਅਸੀਂ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਦੇਸ਼ ਭਰ ਵਿਚ ਖੇਡ ਦਾ ਸਮਰਥਨ ਕਰਨ ਲਈ ਆਪਣੇ ਮੈਂਬਰਾਂ ਅਤੇ ਭਾਈਵਾਲਾਂ ਨਾਲ ਕੰਮ ਕਰਨ 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ, ਜਿਸ ਵਿਚ ਅਖੰਡਤਾ, ਜਵਾਬਦੇਹੀ ਅਤੇ ਨਿਰੰਤਰ ਵਿਕਾਸ 'ਤੇ ਜ਼ੋਰ ਦਿੱਤਾ ਗਿਆ ਹੈ"।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

## ਫੀਫਾ ਵਰਲਡ ਕੱਪ 2026 ਦੇ ਜਸ਼ਨ ਲਈ ਕੈਨੇਡਾ ਭਰ 'ਚ ਦੇਸ਼-ਵਿਆਪੀ ਟੂਰ ਦਾ ਐਲਾਨ

**ਵੈਨਕੂਵਰ, (ਪੰਜਾਬ ਮੇਲ)-** ਫੀਫਾ ਵੱਲੋਂ 2026 ਵਰਲਡ ਕੱਪ ਦੇ ਜਸ਼ਨ ਮਨਾਉਣ ਲਈ ਕੈਨੇਡਾ ਭਰ ਵਿਚ ਇੱਕ ਵੱਡੇ ਪੱਧਰ ਦਾ ਦੇਸ਼-ਵਿਆਪੀ ਟੂਰ ਕਰਨ ਦਾ ਐਲਾਨ ਕੀਤਾ ਗਿਆ ਹੈ, ਜਿਸਦਾ ਅੰਤਿਮ ਪੜਾਅ ਜੁਲਾਈ ਮਹੀਨੇ 'ਚ ਨਿਆਗਰਾ ਫਾਲਜ਼ 'ਤੇ ਹੋਵੇਗਾ। ਇਸ ਟੂਰ ਦੌਰਾਨ ਕੈਨੇਡਾ ਦੀਆਂ 34 ਕਮਿਊਨਿਟੀਆਂ ਵਿਚ ਖ਼ਾਸ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ, ਜਿਨ੍ਹਾਂ ਰਾਹੀਂ ਫੁਟਬਾਲ ਪ੍ਰੇਮੀਆਂ ਵਿਚ ਵਰਲਡ ਕੱਪ ਲਈ ਉਤਸ਼ਾਹ ਪੈਦਾ ਕੀਤਾ ਜਾਵੇਗਾ। ਇਹ ਟੂਰ ਦੇਸ਼ ਭਰ ਦੇ ਵੱਖ-ਵੱਖ ਸ਼ਹਿਰਾਂ ਅਤੇ ਇਲਾਕਿਆਂ ਨੂੰ ਕਵਰ ਕਰੇਗਾ। ਦੱਸਿਆ ਜਾ ਰਿਹਾ ਹੈ ਕਿ ਇਸ ਪਹਿਲ ਦਾ ਮਕਸਦ ਲੋਕਾਂ ਨੂੰ ਵਰਲਡ ਕੱਪ ਨਾਲ ਜੋੜਨਾ ਅਤੇ ਖੇਡਾਂ ਪ੍ਰਤੀ ਰੁਚੀ ਨੂੰ ਵਧਾਉਣਾ ਹੈ। ਟੂਰ ਦੌਰਾਨ ਵੱਖ-ਵੱਖ ਸੱਭਿਆਚਾਰਕ ਅਤੇ ਖੇਡ ਸਮਾਰੋਹ ਵੀ ਕਰਵਾਏ ਜਾਣਗੇ, ਜਿਸ ਨਾਲ ਹਰ ਉਮਰ ਦੇ ਲੋਕਾਂ ਨੂੰ ਸ਼ਾਮਲ ਹੋਣ ਦਾ ਮੌਕਾ ਮਿਲੇਗਾ।

# ਕੈਨੇਡੀਅਨ ਸਰਕਾਰ ਵੱਲੋਂ ਗੈਰ-ਕਾਨੂੰਨੀ ਸ਼ਰਣ ਦੇ ਦਾਅਵੇ ਰੱਦ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੇ ਨਵੇਂ ਇਮੀਗ੍ਰੇਸ਼ਨ ਕਾਨੂੰਨ (ਬਿੱਲ ਸੀ-12) ਦਾ ਪ੍ਰਭਾਵ ਹੁਣ ਜ਼ਮੀਨੀ ਪੱਧਰ 'ਤੇ ਮਹਿਸੂਸ ਕੀਤਾ ਜਾ ਰਿਹਾ ਹੈ। ਲਗਭਗ 30,000 ਲੋਕਾਂ ਨੂੰ ਦੇਸ਼ ਨਿਕਾਲੇ ਦੇ ਹੁਕਮ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਪੰਜਾਬੀ ਮੂਲ ਦੇ ਸ਼ਰਨਾਰਥੀ ਬਿਨੈਕਾਰ ਹਨ। ਇਸ ਫੈਸਲੇ ਨਾਲ ਪੰਜਾਬ ਦੇ ਨੌਜਵਾਨਾਂ ਵਿਚ ਦਹਿਸ਼ਤ ਫੈਲ ਗਈ ਹੈ।

ਕੈਨੇਡੀਅਨ ਸਰਕਾਰ ਨੇ ਗੈਰ-ਕਾਨੂੰਨੀ ਸ਼ਰਣ ਦੇ ਦਾਅਵਿਆਂ ਨੂੰ ਰੱਦ ਕਰ ਦਿੱਤਾ ਹੈ ਅਤੇ ਸਬੰਧਤ ਲੋਕਾਂ ਦੇ ਵੀਜ਼ੇ ਅਤੇ ਵਰਕ ਪਰਮਿਟ ਰੱਦ ਕਰਨੇ ਸ਼ੁਰੂ ਕਰ ਦਿੱਤੇ ਹਨ। ਬਾਰਡਰ ਸਕਿਓਰਿਟੀ ਏਜੰਸੀ ਨੂੰ ਪ੍ਰਭਾਵਿਤ ਲੋਕਾਂ ਨੂੰ ਕੈਨੇਡਾ ਤੋਂ ਰਵਾਨਗੀ ਦੀ ਮਿਤੀ ਬਾਰੇ ਸੂਚਿਤ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਮਾਰਚ 2026 ਵਿਚ ਲਾਗੂ ਇਸ ਬਿੱਲ ਦੇ ਤਹਿਤ ਉਹ ਲੋਕ ਜਿਨ੍ਹਾਂ ਨੇ 24 ਜੂਨ, 2020 ਤੋਂ ਬਾਅਦ ਸ਼ਰਣ ਲਈ ਅਰਜ਼ੀ ਦਿੱਤੀ ਹੈ ਅਤੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਕੈਨੇਡਾ ਵਿਚ ਰਹਿ ਰਹੇ ਹਨ, ਉਨ੍ਹਾਂ ਦੇ ਦਾਅਵੇ ਸਵੀਕਾਰ ਨਹੀਂ ਕੀਤੇ ਜਾਣਗੇ। ਇਸ ਤੋਂ ਇਲਾਵਾ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਦੇ ਰਸਤੇ ਦੇਸ਼ ਵਿਚ ਦਾਖਲ ਹੋਣ ਵਾਲਿਆਂ ਦੇ ਸ਼ਰਣ ਦੇ ਦਾਅਵੇ ਵੀ ਰੱਦ ਕੀਤੇ ਜਾ ਸਕਦੇ ਹਨ, ਖਾਸ ਕਰਕੇ ਜੇ ਉਹ 14 ਦਿਨਾਂ ਦੇ ਅੰਦਰ ਅਰਜ਼ੀ ਨਹੀਂ ਦਿੰਦੇ ਹਨ। ਇਕ ਇਮੀਗ੍ਰੇਸ਼ਨ ਮਾਹਿਰ ਅਨੁਸਾਰ ਭੇਜੇ ਗਏ ਪੱਤਰਾਂ ਵਿਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਸ਼ਰਣ ਦੇ ਦਾਅਵੇ ਨੂੰ ਅਯੋਗ ਮੰਨਿਆ ਗਿਆ ਹੈ। ਕੈਨੇਡਾ ਵਿਚ ਸ਼ਰਣ ਮੰਗਣ ਵਾਲੇ ਭਾਰਤੀਆਂ ਵਿਚੋਂ ਪੰਜਾਬੀ ਸਭ ਤੋਂ ਵੱਧ ਗਿਣਤੀ ਵਿਚ ਹਨ, ਇਸ ਲਈ ਇਸ ਕਾਨੂੰਨ ਦਾ ਪੰਜਾਬੀ ਭਾਈਚਾਰੇ 'ਤੇ ਸਭ ਤੋਂ ਵੱਧ ਪ੍ਰਭਾਵ ਪਿਆ ਹੈ। ਇਕ ਵਕੀਲ ਦਾ ਕਹਿਣਾ ਹੈ ਕਿ ਬਿੱਲ ਸੀ-12 ਤਹਿਤ ਸਰਕਾਰ ਨੂੰ ਦਿੱਤੀਆਂ ਗਈਆਂ ਨਵੀਆਂ ਸ਼ਕਤੀਆਂ ਨੇ ਕਾਨੂੰਨੀ ਰਾਹਤ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਬਣਾ ਦਿੱਤਾ ਹੈ। ਰੋਜ਼ਾਨਾ ਸੈਂਕੜੇ ਲੋਕ ਮਦਦ ਲਈ ਉਨ੍ਹਾਂ ਨਾਲ ਸੰਪਰਕ ਕਰ ਰਹੇ ਹਨ।

**ਹਜ਼ਾਰਾਂ ਪੰਜਾਬੀਆਂ ਦੇ ਸਿਰ 'ਤੇ ਲਟਕੀ ਡਿਪੋਰਟੇਸ਼ਨ ਦੀ ਤਲਵਾਰ!**

ਇਕ ਮਾਹਰ ਅਨੁਸਾਰ ਸ਼ਰਣ ਰਾਹੀਂ ਸਥਾਈ ਨਿਵਾਸ ਪ੍ਰਾਪਤ ਕਰਨ ਦੀ ਉਮੀਦ ਹੁਣ ਲਗਭਗ ਖਤਮ ਹੋ ਗਈ ਹੈ।



# ਪੰਜਾਬ ਨੇ ਡੈਮਾਂ ਦੀ ਉਸਾਰੀ ਲਾਗਤ ਦਾ ਮੁੱਦਾ ਉਠਾਇਆ

**ਸਰਕਾਰ ਨੇ 973 ਕਰੋੜ ਦੀ ਅਦਾਇਗੀ ਲਈ ਜੰਮੂ ਕਸ਼ਮੀਰ ਨੂੰ ਪੱਤਰ ਲਿਖਿਆ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨੇ ਡੈਮਾਂ ਦੀ ਉਸਾਰੀ ਦੇ ਮਾਮਲੇ 'ਚ ਜੰਮੂ ਕਸ਼ਮੀਰ ਵੱਲ 973 ਕਰੋੜ ਰੁਪਏ ਕੱਢੇ ਹਨ। ਪੰਜਾਬ ਨੇ ਜੰਮੂ ਕਸ਼ਮੀਰ ਤੋਂ ਰਣਜੀਤ ਸਾਗਰ ਡੈਮ ਅਤੇ ਸ਼ਾਹਪੁਰ ਕੰਢੀ ਡੈਮਾਂ ਦੀ ਉਸਾਰੀ ਦੀ ਲਾਗਤ 'ਚੋਂ ਆਪਣੀ ਹਿੱਸੇਦਾਰੀ ਮੰਗੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੁੱਝ ਦਿਨ ਪਹਿਲਾਂ ਰਾਜਸਥਾਨ ਤੋਂ ਵੀ ਪਾਣੀਆਂ ਦੀ ਰਾਇਲਟੀ ਦੇ ਬਕਾਏ ਮੰਗੇ ਸਨ। ਪੰਜਾਬ ਦੇ ਜਲ ਸਰੋਤ ਵਿਭਾਗ ਨੇ ਇਸ ਮਾਮਲੇ ਦੇ ਜਲਦ ਨਿਬੇੜੇ ਲਈ ਜੰਮੂ ਕਸ਼ਮੀਰ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਮੰਗ ਕੀਤੀ ਹੈ।

ਪੰਜਾਬ ਸਰਕਾਰ ਨੇ ਰਣਜੀਤ ਸਾਗਰ ਡੈਮ ਵਿਚ ਜੰਮੂ ਕਸ਼ਮੀਰ ਦੇ ਹਿੱਸੇ ਵਜੋਂ 301.02 ਕਰੋੜ ਰੁਪਏ ਅਤੇ ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ ਦੇ ਨਿਰਮਾਣ 'ਤੇ ਆਏ ਖ਼ਰਚੇ ਦੇ ਹਿੱਸੇ ਵਜੋਂ 672.42 ਕਰੋੜ ਰੁਪਏ ਮੰਗੇ ਹਨ। ਦੋਵਾਂ ਦੇ ਕੁੱਲ ਬਕਾਏ ਕਰੀਬ 973 ਕਰੋੜ ਰੁਪਏ ਦੇ ਬਣਦੇ ਹਨ। ਥੀਨ ਡੈਮ ਵਜੋਂ ਜਾਣੇ ਜਾਂਦੇ ਰਣਜੀਤ ਸਾਗਰ ਡੈਮ ਬਾਰੇ ਪੰਜਾਬ ਸਰਕਾਰ ਨੇ ਦਲੀਲ ਪੇਸ਼ ਕੀਤੀ ਹੈ ਕਿ 20 ਜਨਵਰੀ, 1979 ਨੂੰ ਪੰਜਾਬ ਅਤੇ ਜੰਮੂ ਕਸ਼ਮੀਰ ਵਿਚਾਲੇ ਦੁਵੱਲਾ ਸਮਝੌਤਾ ਹੋਇਆ ਸੀ ਅਤੇ ਇਸ ਸਮਝੌਤੇ ਦੀ ਧਾਰਾ 1 ਮੁਤਾਬਿਕ ਡੈਮਾਂ ਦੀ ਉਸਾਰੀ ਮੌਕੇ ਸਿੰਜਾਈ ਹਿੱਸੇ ਦੀ ਕੁੱਲ ਲਾਗਤ ਦਾ 10 ਫ਼ੀਸਦੀ ਜੰਮੂ ਕਸ਼ਮੀਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਦੇਣਾ ਸੀ।

ਪੰਜਾਬ ਸਰਕਾਰ ਨੇ ਜੰਮੂ ਕਸ਼ਮੀਰ ਦੇ ਜਲ ਸ਼ਕਤੀ ਵਿਭਾਗ ਨੂੰ ਭੇਜੇ ਪੱਤਰ ਵਿਚ ਜੰਮੂ ਕਸ਼ਮੀਰ ਵੱਲ ਕੱਢੇ ਗਏ ਬਕਾਏ ਬਾਰੇ ਰਣਜੀਤ ਸਾਗਰ ਡੈਮ ਦੇ ਵਿੱਤੀ ਸਲਾਹਕਾਰ ਅਤੇ ਮੁੱਖ ਲੇਖਾ ਅਧਿਕਾਰੀ ਦੇ ਲੇਖੇ ਜੋਖੇ ਦਾ ਹਵਾਲਾ ਦਿੱਤਾ ਹੈ। ਥੀਨ ਡੈਮ ਦੇ ਮਾਮਲੇ 'ਚ 300.13 ਕਰੋੜ ਰੁਪਏ ਦੀ ਰਕਮ ਕੱਢੀ ਗਈ ਹੈ, ਜਿਸ ਵਿਚ 28 ਫਰਵਰੀ 2026 ਤੱਕ ਅਦਾ ਨਾ ਕੀਤੀ ਗਈ ਰਕਮ 'ਤੇ ਵਿਆਜ ਵੀ ਸ਼ਾਮਲ ਹੈ।

ਰਣਜੀਤ ਸਾਗਰ ਡੈਮ ਦੀ ਉਸਾਰੀ ਦੀ ਕੁੱਲ ਲਾਗਤ 5755.54 ਕਰੋੜ ਰੁਪਏ ਦਰਸਾਈ ਗਈ ਹੈ, ਜਿਸ 'ਚੋਂ ਸਿੰਜਾਈ ਕੰਪੋਨੈਂਟ 'ਤੇ 656.13 ਕਰੋੜ ਰੁਪਏ ਦੀ ਲਾਗਤ ਆਈ ਹੈ। ਇਸ 656.13 ਕਰੋੜ ਦੀ ਰਕਮ ਦਾ ਮੂਲ ਭੁਗਤਾਨ 65.61 ਕਰੋੜ ਰੁਪਏ ਹੈ ਅਤੇ ਅਦਾ ਨਾ ਕੀਤੇ ਗਏ ਬਕਾਏ 'ਤੇ ਵਿਆਜ 235.41 ਕਰੋੜ ਰੁਪਏ ਬਣਾਇਆ ਗਿਆ ਹੈ, ਜੋ ਪਹਿਲੀ ਅਪ੍ਰੈਲ 2002 ਤੋਂ 28 ਫਰਵਰੀ 2026 ਤੱਕ ਦਾ ਹੈ।

ਪੰਜਾਬ ਸਰਕਾਰ ਨੇ ਸ਼ਾਹਪੁਰ ਕੰਢੀ ਡੈਮ ਬਾਰੇ ਕਿਹਾ ਕਿ 1979 ਵਿਚ ਪੰਜਾਬ ਅਤੇ ਜੰਮੂ ਕਸ਼ਮੀਰ ਵਿਚਾਲੇ ਹੋਏ ਦੁਵੱਲੇ ਸਮਝੌਤੇ ਦੀ ਧਾਰਾ 6 ਅਨੁਸਾਰ ਸ਼ਾਹਪੁਰ ਕੰਢੀ ਬੈਰਾਜ ਤੋਂ ਰਾਵੀ ਨਹਿਰ ਕੱਢਣੀ ਸੀ ਅਤੇ ਬੈਰਾਜ ਦੀ ਲਾਗਤ 'ਚ ਯੋਗਦਾਨ ਪਾਇਆ ਜਾਣਾ ਸੀ। ਜੰਮੂ ਕਸ਼ਮੀਰ ਸਰਕਾਰ ਨੇ ਮਾਰਚ 2011 ਦੀਆਂ ਕੀਮਤਾਂ ਦੇ ਆਧਾਰ 'ਤੇ ਥੀਨ ਡੈਮ ਤੋਂ ਰਾਵੀ ਨਹਿਰ ਦੇ ਵਿਸਥਾਰ ਲਈ 410.29 ਕਰੋੜ ਰੁਪਏ ਦਾ ਅਨੁਮਾਨ ਜਮ੍ਹਾਂ ਕਰਵਾਇਆ ਹੈ। 6 ਫ਼ੀਸਦੀ ਸਾਲਾਨਾ ਲਾਗਤ ਵਾਧੇ ਦਾ ਹਿਸਾਬ ਲਾਉਣ ਤੋਂ ਬਾਅਦ ਇਹ ਰਕਮ 28 ਫਰਵਰੀ 2026 ਤੱਕ ਵਧ ਕੇ 777.58 ਕਰੋੜ ਰੁਪਏ ਬਣ ਜਾਂਦੀ ਹੈ। ਪੰਜਾਬ ਪਹਿਲਾਂ ਹੀ ਸ਼ਾਹਪੁਰਕੰਡੀ ਡੈਮ ਤੋਂ ਰਾਵੀ ਨਹਿਰ ਦੇ ਬਾਕੀ ਹਿੱਸੇ ਦੀ ਉਸਾਰੀ ਲਈ 105.16 ਕਰੋੜ ਰੁਪਏ ਖ਼ਰਚ ਕਰ ਚੁੱਕਾ ਹੈ। ਇਸ ਤਰ੍ਹਾਂ ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਲਾਗਤ ਵਿਚ ਆਏ ਅੰਤਰ ਨੂੰ ਦੇਖਦਿਆਂ ਹੁਣ ਜੰਮੂ ਕਸ਼ਮੀਰ ਵੱਲ ਕੁੱਲ 672.42 ਕਰੋੜ ਰੁਪਏ ਦੀ ਦੇਣਦਾਰੀ ਬਣਦੀ ਹੈ।

## ਗੁਰਪ੍ਰੀਤ ਹਰੀਨੌਂ ਕਤਲ ਮਾਮਲਾ: ਅੰਮ੍ਰਿਤਪਾਲ ਦਾ ਕਰੀਬੀ ਬਣੇਗਾ ਸਰਕਾਰੀ ਗਵਾਹ!

**ਫਰੀਦਕੋਟ, (ਪੰਜਾਬ ਮੇਲ)-** ਗੁਰਪ੍ਰੀਤ ਸਿੰਘ ਹਰੀਨੌਂ ਕਤਲ ਕੇਸ 'ਚ ਇੱਕ ਅਹਿਮ ਮੋੜ ਆਇਆ ਹੈ। ਫਰੀਦਕੋਟ ਦੀ ਇੱਕ ਅਦਾਲਤ ਨੇ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਦੀ ਅਰਜ਼ੀ ਨੂੰ ਪ੍ਰਵਾਨ ਕਰਦਿਆਂ, ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਕਰੀਬੀ ਸਾਥੀ ਵਰਿੰਦਰ ਸਿੰਘ ਫੌਜੀ ਨੂੰ ਗਵਾਹ ਵਜੋਂ ਨਾਮਜ਼ਦ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਅਦਾਲਤ ਨੇ ਫੌਜੀ ਨੂੰ ਗੋਇੰਦਵਾਲ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਪੇਸ਼ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਭਾਰਤੀ ਫੌਜ ਦਾ ਸਾਬਕਾ ਅਧਿਕਾਰੀ ਵਰਿੰਦਰ ਸਿੰਘ ਫੌਜੀ, ਅੰਮ੍ਰਿਤਪਾਲ ਸਿੰਘ ਦਾ ਬੇਹੱਦ ਨਜ਼ਦੀਕੀ ਮੰਨਿਆ ਜਾਂਦਾ ਹੈ ਅਤੇ ਇਸ ਸਮੇਂ 2023 ਦੇ ਅਜਨਾਲਾ ਥਾਣਾ ਹਮਲੇ ਦੇ ਦੋਸ਼ ਵਿਚ ਤਰਨਤਾਰਨ ਦੀ ਗੋਇੰਦਵਾਲ ਜੇਲ੍ਹ ਵਿਚ ਬੰਦ ਹੈ। ਜਾਂਚ ਟੀਮ ਦਾ ਮੰਨਣਾ ਹੈ ਕਿ ਫੌਜੀ ਕੋਲ ਇਸ ਕਤਲ ਕਾਂਡ ਨਾਲ ਸਬੰਧਤ ਅਜਿਹੀਆਂ ਅਹਿਮ ਜਾਣਕਾਰੀਆਂ ਹਨ, ਜੋ ਇਸ ਹਾਈ-ਪ੍ਰੋਫਾਈਲ ਕੇਸ ਦੀ ਜਾਂਚ ਨੂੰ ਹੋਰ ਮਜ਼ਬੂਤ ਕਰ ਸਕਦੀਆਂ ਹਨ। ਪੰਥਕ ਕਾਰਕੁੰਨ ਅਤੇ 'ਵਾਰਿਸ ਪੰਜਾਬ ਦੇ' ਸੰਸਥਾ ਦੇ ਸਾਬਕਾ ਵਿੱਤ ਸਕੱਤਰ ਗੁਰਪ੍ਰੀਤ ਸਿੰਘ ਹਰੀਨੌਂ ਦਾ 9 ਅਕਤੂਬਰ, 2024 ਨੂੰ ਉਨ੍ਹਾਂ ਦੇ ਪਿੰਡ ਵਿਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਪੁਲਿਸ ਦੀ ਹੁਣ ਤੱਕ ਦੀ ਜਾਂਚ ਮੁਤਾਬਕ, ਇਹ ਕਤਲ ਅੰਮ੍ਰਿਤਪਾਲ ਸਿੰਘ ਦੇ ਇਸ਼ਾਰੇ 'ਤੇ ਕੀਤਾ ਗਿਆ ਸੀ।

# ਪੰਜਾਬ ਸਰਕਾਰ ਅਪਰਾਧੀਆਂ ਦੀ ਸੂਹਨਾ ਦੇਣ ਵਾਲਿਆਂ ਨੂੰ ਦੇਵੇਗੀ ਇਨਾਮ: ਨਵੀਂ ਨੀਤੀ ਨੂੰ ਮਨਜ਼ੂਰੀ

**ਪੰਜਾਬ ਸਰਕਾਰ ਅਪਰਾਧੀਆਂ ਦੀ ਸੂਹਨਾ ਦੇਣ ਵਾਲਿਆਂ ਨੂੰ ਦੇਵੇਗੀ ਇਨਾਮ: ਨਵੀਂ ਨੀਤੀ ਨੂੰ ਮਨਜ਼ੂਰੀ**

**ਚੰਡੀਗੜ੍ਹ, (ਪੰਜਾਬ ਮੇਲ)-** ਗੰਭੀਰ ਅਪਰਾਧਾਂ ਵਿਰੁੱਧ ਕਾਰਵਾਈ ਨੂੰ ਤੇਜ਼ ਕਰਨ ਲਈ ਪੰਜਾਬ ਸਰਕਾਰ ਨੇ ਪੁਲਿਸ ਨੂੰ ਇੱਕ ਨਵੀਂ 'ਇਨਾਮ ਨੀਤੀ' ਤਹਿਤ ਲੋੜੀਂਦੇ ਅਪਰਾਧੀਆਂ, ਗੈਂਗਸਟਰਾਂ ਅਤੇ ਉਨ੍ਹਾਂ ਦੇ ਨੈੱਟਵਰਕ ਬਾਰੇ ਭਰੋਸੇਯੋਗ ਜਾਣਕਾਰੀ ਦੇਣ ਵਾਲੇ ਸੂਚਨਾਕਾਰਾਂ ਨੂੰ ਇਨਾਮ ਦੇਣ ਦਾ ਅਧਿਕਾਰ ਦਿੱਤਾ ਹੈ। 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਤਹਿਤ ਸ਼ੁਰੂ ਕੀਤੀ ਗਈ ਇਸ ਨੀਤੀ ਦੇ ਨਾਲ ਹੀ 28 ਲੋੜੀਂਦੇ ਅਪਰਾਧੀਆਂ ਦੀ ਸੂਚੀ ਵੀ ਜਾਰੀ ਕੀਤੀ ਗਈ ਹੈ।

ਨਵੇਂ ਨਿਯਮਾਂ ਅਨੁਸਾਰ, ਐੱਸ.ਐੱਸ.ਪੀ. ਇੱਕ ਲੱਖ ਰੁਪਏ ਤੱਕ, ਪੁਲਿਸ ਕਮਿਸ਼ਨਰ ਅਤੇ ਆਈ.ਜੀ. 1.5 ਲੱਖ ਰੁਪਏ ਤੱਕ ਅਤੇ ਵਿੰਗਾਂ ਦੇ ਮੁਖੀ (ਏ.ਡੀ.ਜੀ.ਪੀ.) ਦੋ ਲੱਖ ਰੁਪਏ ਤੱਕ ਦੇ ਇਨਾਮ ਨੂੰ ਮਨਜ਼ੂਰੀ ਦੇ ਸਕਦੇ ਹਨ, ਜਦੋਂਕਿ ਦੋ ਲੱਖ ਤੋਂ ਵੱਧ ਦੀ ਰਾਸ਼ੀ ਲਈ ਡੀ.ਜੀ.ਪੀ. ਦੀ ਮਨਜ਼ੂਰੀ ਲੋੜੀਂਦੀ ਹੋਵੇਗੀ। ਇਨਾਮ ਦੀ ਰਾਸ਼ੀ ਜਾਣਕਾਰੀ ਦੀ ਗੁਣਵੱਤਾ ਅਤੇ ਅਪਰਾਧ ਦੀ ਗੰਭੀਰਤਾ ਦੇ ਆਧਾਰ 'ਤੇ ਤੈਅ ਕੀਤੀ ਜਾਵੇਗੀ।

ਜਾਣਕਾਰੀ ਐਂਟੀ-ਗੈਂਗਸਟਰ ਹੈਲਪਲਾਈਨ ਨੰਬਰ 939-469-3946 'ਤੇ ਸਾਂਝੀ ਕੀਤੀ ਜਾ ਸਕਦੀ ਹੈ ਅਤੇ ਸੂਚਨਾ ਦੇਣ ਵਾਲੇ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐੱਫ.) ਦੇ ਏ.ਡੀ.ਜੀ.ਪੀ. ਪ੍ਰਮੋਦ ਬਾਨ ਨੇ ਕਿਹਾ ਕਿ ਇਸ ਦਾ ਮਕਸਦ ਪੰਜਾਬ ਨੂੰ ਗੈਂਗਸਟਰ ਮੁਕਤ ਬਣਾਉਣਾ ਹੈ। ਹੁਣ ਤੱਕ ਇਸ ਮੁਹਿੰਮ ਤਹਿਤ 56,487 ਛਾਪੇਮਾਰੀ ਕੀਤੀ ਗਈ ਹੈ, ਜਿਸ ਵਿਚ 19,894 ਗ੍ਰਿਫਤਾਰੀਆਂ ਹੋਈਆਂ ਹਨ ਅਤੇ 851 ਭਗੌੜੇ ਅਪਰਾਧੀਆਂ ਨੂੰ ਕਾਬੂ ਕੀਤਾ ਗਿਆ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਗੈਂਗਸਟਰ ਲਾਰੈਂਸ ਦੇ ਕੇਸ ਦੇ ਰਿਕਾਰਡ ਨਸ਼ਟ, ਚੰਡੀਗੜ੍ਹ ਪੁਲਿਸ ਦਾ ਅਦਾਲਤ ਨੂੰ ਜਵਾਬ; ਡੀ.ਏ.ਵੀ. ਕਾਲਜ ਫਾਇਰਿੰਗ ਕੇਸ 'ਚ ਨਵਾਂ ਮੋੜ



**ਚੰਡੀਗੜ੍ਹ, (ਪੰਜਾਬ ਮੇਲ)-** ਸੈਕਟਰ-10 ਵਿਚ ਸਥਿਤ ਡੀ.ਏ.ਵੀ. ਕਾਲਜ ਵਿਚ ਫਾਇਰਿੰਗ ਕੇਸ ਨੇ ਇੱਕ ਨਵਾਂ ਮੋੜ ਲੈ ਲਿਆ ਹੈ। ਪੁਲਿਸ ਨੇ ਅਦਾਲਤ ਨੂੰ ਸੂਚਿਤ ਕੀਤਾ ਹੈ ਕਿ ਇਸ 14 ਸਾਲ ਪੁਰਾਣੇ ਕੇਸ ਦੇ ਰਿਕਾਰਡ ਨਸ਼ਟ ਕਰ ਦਿੱਤੇ ਗਏ ਹਨ। ਇਸ ਸਥਿਤੀ ਦਾ ਨਿਆਂਇਕ ਕਾਰਵਾਈ 'ਤੇ ਮਾੜਾ ਪ੍ਰਭਾਵ ਪੈਂਦਾ ਜਾਪਦਾ ਹੈ।

ਇਸ ਮਾਮਲੇ ਦੇ 6 ਮੁਲਜ਼ਮਾਂ ਨੂੰ ਪਹਿਲਾਂ ਹੀ ਬਰੀ ਕਰ ਦਿੱਤਾ ਗਿਆ ਹੈ ਅਤੇ ਹੁਣ ਵਿਸ਼ੇਸ਼ ਤੌਰ 'ਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਵਿਰੁੱਧ ਮੁਕੱਦਮਾ ਚੱਲ ਰਿਹਾ ਹੈ। ਉਸਨੂੰ ਪਹਿਲਾਂ ਭਗੌੜਾ ਐਲਾਨਿਆ ਗਿਆ ਸੀ। ਦੋਸ਼ ਤੈਅ ਹੋਣ ਤੋਂ ਬਾਅਦ, ਇਸ ਮਾਮਲੇ ਵਿਚ ਮੁਕੱਦਮਾ ਇਸ ਸਮੇਂ ਚੱਲ ਰਿਹਾ ਹੈ।

2012 ਵਿਚ ਹੋਏ ਹਿੰਸਕ ਵਿਦਿਆਰਥੀ ਟਕਰਾਅ ਅਤੇ ਕਤਲ ਦੀ ਕੋਸ਼ਿਸ਼ ਦੇ ਮਾਮਲੇ ਦੀ ਸੁਣਵਾਈ ਹੋਈ। ਬਚਾਅ ਪੱਖ ਦੇ ਵਕੀਲ ਹਰੀਸ਼ ਭਾਰਦਵਾਜ ਦੇ ਅਨੁਸਾਰ, ਮੁਕੱਦਮੇ ਦੀ ਕਾਰਵਾਈ ਦੌਰਾਨ, ਪੁਲਿਸ ਨੇ ਅਦਾਲਤ ਵਿਚ ਸਪੱਸ਼ਟ ਤੌਰ 'ਤੇ ਕਿਹਾ ਕਿ ਇੰਨੇ ਪੁਰਾਣੇ ਮਾਮਲੇ ਦਾ ਰਿਕਾਰਡ ਹੁਣ ਉਪਲਬਧ ਨਹੀਂ ਹੈ।

ਇਸ ਮਾਮਲੇ ਵਿਚ, ਨਵਨੀਤ ਸਿੰਘ ਨਾਮ ਦੇ ਇੱਕ ਮੁੱਖ ਗਵਾਹ ਨੇ ਵੀ ਆਪਣਾ ਪਹਿਲਾਂ ਵਾਲਾ ਬਿਆਨ ਵਾਪਸ ਲੈ ਲਿਆ ਹੈ ਅਤੇ ਅਦਾਲਤ ਵਿਚ ਦੋਸ਼ੀ ਦੀ ਪਛਾਣ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਤੋਂ ਬਾਅਦ ਉਸਨੂੰ ਵਿਰੋਧੀ ਗਵਾਹ ਐਲਾਨ ਦਿੱਤਾ ਗਿਆ ਹੈ।

ਪੁਲਿਸ ਅਨੁਸਾਰ, ਮਾਰਚ 2012 ਵਿਚ ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਰਾਜਨੀਤੀ ਵਿਚ ਸ਼ਾਮਲ ਦੋ ਵਿਦਿਆਰਥੀ ਸੰਗਠਨਾਂ ਦੇ ਸਮਰਥਕਾਂ ਵਿਚਕਾਰ ਝਗੜਾ ਹੋਇਆ ਸੀ। ਇਸ ਤੋਂ ਬਾਅਦ, ਸਾਰੇ ਵਿਦਿਆਰਥੀ ਸੈਕਟਰ-10 ਦੇ ਡੀ.ਏ.ਵੀ. ਕਾਲਜ ਵਿਚ ਆਯੋਜਿਤ 'ਸਟਾਰ ਨਾਈਟ' ਸਮਾਗਮ 'ਚ ਇਕੱਠੇ ਹੋਏ ਸਨ। ਇਹ ਦੋਸ਼ ਹੈ ਕਿ ਲਾਰੈਂਸ ਅਤੇ ਅਮਨਦੀਪ ਸਿੰਘ ਮੁਲਤਾਨੀ ਦੀ ਅਗਵਾਈ ਹੇਠ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਸੰਗਠਨ (ਐੱਸ.ਓ.ਪੀ.ਯੂ.) ਨਾਲ ਜੁੜੇ ਨੌਜਵਾਨਾਂ ਦੇ ਇੱਕ ਸਮੂਹ ਨੇ ਕਾਲਜ ਦੇ ਪਿਛਲੇ ਗੇਟ ਦਾ ਤਾਲਾ ਤੋੜ ਦਿੱਤਾ ਅਤੇ ਅੰਦਰ ਦਾਖਲ ਹੋ ਗਏ। ਫਿਰ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ (ਪੀ.ਯੂ.ਐੱਸ.ਯੂ.) ਦੇ ਸਮਰਥਕਾਂ 'ਤੇ ਹਮਲਾ ਕੀਤਾ।

ਇਸ ਹਮਲੇ ਵਿਚ ਨਾ ਸਿਰਫ਼ ਗੋਲੀਆਂ ਚਲਾਈਆਂ ਗਈਆਂ, ਸਗੋਂ ਤੇਜ਼ਧਾਰ ਹਥਿਆਰਾਂ ਅਤੇ ਡੰਡਿਆਂ ਦੀ ਵਰਤੋਂ ਵੀ ਕੀਤੀ ਗਈ। ਕਈ ਵਿਦਿਆਰਥੀਆਂ ਨੂੰ ਸੱਟਾਂ ਲੱਗੀਆਂ। ਇਹ ਦੋਸ਼ ਲਗਾਇਆ ਗਿਆ ਸੀ ਕਿ ਹਮਲੇ ਦੌਰਾਨ ਪੀ.ਯੂ.ਐੱਸ.ਯੂ. ਮੈਂਬਰ ਚਰਨਦੇਵ ਸਿੰਘ ਨੂੰ ਗੋਲੀ ਲੱਗੀ ਸੀ। ਸੈਕਟਰ-3 ਪੁਲਿਸ ਸਟੇਸ਼ਨ ਵਿਚ ਕੇਸ ਦਰਜ ਕੀਤਾ ਗਿਆ ਸੀ। ਹਾਲਾਂਕਿ, ਗਵਾਹਾਂ ਦੇ ਮੁੱਕਰ ਜਾਣ ਅਤੇ ਸਬੂਤਾਂ ਦੀ ਘਾਟ ਕਾਰਨ, ਹੇਠਲੀ ਅਦਾਲਤ ਨੇ 6 ਵਿਅਕਤੀਆਂ ਨੂੰ ਬਰੀ ਕਰ ਦਿੱਤਾ, ਜਿਨ੍ਹਾਂ ਵਿਚ ਅਮਨਦੀਪ ਸਿੰਘ ਮੁਲਤਾਨੀ, ਵਿਕਰਮਜੀਤ ਸਿੰਘ, ਤਰਸੇਮ ਸਿੰਘ ਅਤੇ ਰਣਜੋਤ ਸਿੰਘ ਸ਼ਾਮਲ ਹਨ।

# ਕੈਨੇਡੀਅਨ ਸਰਕਾਰ ਵੱਲੋਂ ਐਕਸਪ੍ਰੈੱਸ ਐਂਟਰੀ 'ਚ ਵੱਡੇ ਬਦਲਾਅ ਦੀਆਂ ਯੋਜਨਾਵਾਂ ਦਾ ਐਲਾਨ

**ਚੰਡੀਗੜ੍ਹ, (ਪੰਜਾਬ ਮੇਲ)-** ਕੈਨੇਡਾ ਵਿਚ ਵਸਣ ਦੀ ਇੱਛਾ ਰੱਖਣ ਵਾਲੇ ਹਜ਼ਾਰਾਂ ਪੰਜਾਬੀਆਂ ਨੂੰ ਪ੍ਰਭਾਵਿਤ ਕਰਨ ਵਾਲੀ ਇੱਕ ਵੱਡੀ ਖਬਰ ਸਾਹਮਣੇ ਆਈ ਹੈ। ਕੈਨੇਡੀਅਨ ਸਰਕਾਰ ਨੇ ਐਕਸਪ੍ਰੈਸ ਐਂਟਰੀ ਦੇ ਅਧੀਨ ਮੌਜੂਦਾ ਤਿੰਨ ਸੰਘੀ ਆਰਥਿਕ ਇਮੀਗ੍ਰੇਸ਼ਨ ਪ੍ਰੋਗਰਾਮਾਂ ਨੂੰ ਇੱਕ ਸੰਯੁਕਤ ਮਾਰਗ ਵਿੱਚ ਬਦਲਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ।

ਹਾਲ ਹੀ ਵਿਚ ਜਾਰੀ ਕੀਤੇ ਗਏ ਸਰਕਾਰ ਦੇ ਫੋਰਵਰਡ ਰੈਗੂਲੇਟਰੀ ਪਲਾਨ 2026-2028 ਮੁਤਾਬਕ, ਹੁਣ ਫੈਡਰਲ ਸਕਿਲਡ ਵਰਕਰ ਪ੍ਰੋਗਰਾਮ (ਐੱਫ.ਐੱਸ.ਡਬਲਯੂ.ਪੀ.), ਕੈਨੇਡੀਅਨ ਐਕਸਪੀਰੀਅੰਸ ਕਲਾਸ (ਸੀ.ਈ.ਸੀ.) ਅਤੇ ਫੈਡਰਲ ਸਕਿਲਡ ਟ੍ਰੇਡਸ ਪ੍ਰੋਗਰਾਮ (ਐੱਫ.ਐੱਸ.ਟੀ.ਪੀ.) ਨੂੰ ਰੱਦ ਕਰ ਦਿੱਤਾ ਜਾਵੇਗਾ ਅਤੇ ਇੱਕ ਫੈਡਰਲ ਹਾਈ-ਸਕਿਲਡ ਇਮੀਗ੍ਰੇਸ਼ਨ ਕਲਾਸ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ।

ਇਹ ਜਾਣਕਾਰੀ 8 ਅਪਰੈਲ ਨੂੰ ਜਾਰੀ ਕੀਤੇ ਗਏ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਦੇ ਅਧਿਕਾਰਤ ਫੋਰਵਰਡ ਰੈਗੂਲੇਟਰੀ ਪਲਾਨ 2026-2028 'ਤੇ ਅਧਾਰਿਤ ਹੈ।

ਇਸ ਵਿਚ ਦੱਸਿਆ ਗਿਆ ਹੈ ਕਿ ਇਸ ਬਦਲਾਅ ਦਾ ਮਕਸਦ 2015 ਵਿਚ ਸ਼ੁਰੂ ਹੋਏ ਐਕਸਪ੍ਰੈਸ ਐਂਟਰੀ ਸਿਸਟਮ ਨੂੰ ਆਸਾਨ ਬਣਾਉਣਾ ਹੈ, ਕਿਉਂਕਿ ਇਹ ਦਿਨੋਂ-ਦਿਨ ਗੁੰਝਲਦਾਰ ਹੁੰਦਾ ਜਾ ਰਿਹਾ ਸੀ। ਇਸ ਦੇ ਨਾਲ ਹੀ ਇਸ ਨੂੰ ਕੈਨੇਡਾ ਦੀ ਮੌਜੂਦਾ ਲੇਬਰ ਮਾਰਕੀਟ ਦੀਆਂ ਲੋੜਾਂ ਮੁਤਾਬਕ ਢਾਲਣਾ ਹੈ।

ਪ੍ਰਸਤਾਵਿਤ ਬਦਲਾਵਾਂ ਦੇ ਤਹਿਤ, ਹੁਣ ਐਕਸਪ੍ਰੈੱਸ ਐਂਟਰੀ ਪੂਲ ਵਿਚ ਸ਼ਾਮਲ ਹੋਣ ਲਈ ਯੋਗਤਾ ਦੇ ਨਿਯਮ ਸਾਰਿਆਂ ਵਾਸਤੇ ਇੱਕੋ ਜਿਹੇ ਕਰ ਦਿੱਤੇ ਜਾਣਗੇ। ਉਮੀਦਵਾਰਾਂ ਕੋਲ ਘੱਟੋ-ਘੱਟ ਇੱਕ ਸਾਲ ਦਾ ਹੁਨਰਮੰਦ ਕੰਮ ਦਾ ਤਜ਼ਰਬਾ (ਚਾਹੇ ਕੈਨੇਡਾ ਦਾ ਹੋਵੇ ਜਾਂ ਕਿਸੇ ਹੋਰ ਦੇਸ਼ ਦਾ), ਘੱਟੋ-ਘੱਟ ਸੀ.ਐੱਲ.ਬੀ. 6 ਦੀ ਭਾਸ਼ਾ ਮੁਹਾਰਤ ਅਤੇ ਬੁਨਿਆਦੀ ਪੜ੍ਹਾਈ ਵਜੋਂ ਹਾਈ ਸਕੂਲ ਪਾਸ ਹੋਣਾ ਜ਼ਰੂਰੀ ਹੋਵੇਗਾ। ਹਰੇਕ ਪ੍ਰੋਗਰਾਮ ਲਈ ਮੌਜੂਦਾ ਵੱਖੋ-ਵੱਖਰੇ ਨਿਯਮਾਂ ਨੂੰ ਹੁਣ ਖ਼ਤਮ ਕਰ ਦਿੱਤਾ ਜਾਵੇਗਾ।

ਉਮੀਦਵਾਰਾਂ ਨੂੰ ਸੱਦਾ ਦੇਣ ਲਈ ਵਰਤੇ ਜਾਂਦੇ ਕੰਪਰੀਹੈਂਸਿਵ ਰੈਂਕਿੰਗ ਸਿਸਟਮ (ਸੀ.ਆਰ.ਐੱਸ.) ਵਿਚ ਵੀ ਬਦਲਾਅ ਹੋਣ ਦੀ ਉਮੀਦ ਹੈ। ਹੁਣ ਵੱਧ ਕਮਾਈ, ਮੰਗ ਵਾਲੇ ਕਿੱਤਿਆਂ 'ਚ ਵੈਧ ਨੌਕਰੀਆਂ ਦੀ ਪੇਸ਼ਕਸ਼ ਅਤੇ ਲੇਬਰ ਮਾਰਕੀਟ ਵਿਚ ਮਜ਼ਬੂਤ ਕੰਮ ਨੂੰ ਜ਼ਿਆਦਾ ਅਹਿਮੀਅਤ ਦਿੱਤੇ ਜਾਣ ਦੀ ਸੰਭਾਵਨਾ ਹੈ, ਜਦੋਂ ਕਿ ਪਹਿਲਾਂ ਜੋ ਕੈਨੇਡਾ ਵਿਚ ਪੜ੍ਹਾਈ ਕਰਨ ਜਾਂ ਉੱਥੇ ਰਹਿ ਰਹੇ ਸਕੇ ਭੈਣ-ਭਰਾ ਹੋਣ ਦੇ ਵਾਧੂ ਨੰਬਰ ਮਿਲਦੇ ਸਨ, ਉਹ ਹੁਣ ਘਟਾਏ ਜਾ ਸਕਦੇ ਹਨ ਜਾਂ ਪੂਰੀ ਤਰ੍ਹਾਂ ਖ਼ਤਮ ਕੀਤੇ ਜਾ ਸਕਦੇ ਹਨ।

ਇਸ ਸੁਧਾਰ ਨੂੰ ਇੱਕ ਦਹਾਕੇ ਤੋਂ ਵੱਧ ਸਮੇਂ 'ਚ ਕੈਨੇਡਾ ਦੇ ਹੁਨਰਮੰਦ ਇਮੀਗ੍ਰੇਸ਼ਨ ਸਿਸਟਮ 'ਚ ਸਭ ਤੋਂ ਮਹੱਤਵਪੂਰਨ ਢਾਂਚਾਗਤ ਤਬਦੀਲੀਆਂ ਵਜੋਂ ਦੇਖਿਆ ਜਾ ਰਿਹਾ ਹੈ। ਇਹ ਪ੍ਰਸਤਾਵ ਵਰਤਮਾਨ ਵਿਚ ਯੋਜਨਾਬੰਦੀ ਦੇ ਪੜਾਅ 'ਤੇ ਹੈ। ਜਦੋਂ ਤੱਕ ਬਦਲਾਵਾਂ ਨੂੰ ਅੰਤਿਮ ਰੂਪ ਨਹੀਂ ਦਿੱਤਾ ਜਾਂਦਾ ਅਤੇ ਲਾਗੂ ਨਹੀਂ ਕੀਤਾ ਜਾਂਦਾ, ਮੌਜੂਦਾ ਐਕਸਪ੍ਰੈੱਸ ਐਂਟਰੀ ਸ਼੍ਰੇਣੀਆਂ ਪਹਿਲਾਂ ਵਾਂਗ ਹੀ ਚਲਦੀਆਂ ਰਹਿਣਗੀਆਂ।

# ਗਗਨਦੀਪ ਰੰਧਾਵਾ ਖ਼ੁਦਕੁਸ਼ੀ ਮਾਮਲਾ : ਅਧਿਕਾਰੀ ਦਾ ਪਰਿਵਾਰ ਪੁਲਿਸ ਦੀ ਜਾਂਚ ਤੋਂ ਅਸੰਤੁਸ਼ਟ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਰਾਜ ਗੁਦਾਮ ਨਿਗਮ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੇ ਖ਼ੁਦਕੁਸ਼ੀ ਮਾਮਲੇ ਵਿਚ ਪੀੜਤ ਪਰਿਵਾਰ ਨੇ ਦੋਸ਼ ਲਗਾਇਆ ਕਿ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਪਰਿਵਾਰ ਵੱਲੋਂ ਇਸ ਮਾਮਲੇ ਵਿਚ ਸਮਝੌਤਾ ਕਰਨ ਲਈ ਉਨ੍ਹਾਂ 'ਤੇ ਦਬਾਅ ਪਾਇਆ ਜਾ ਰਿਹਾ ਹੈ। ਰੰਧਾਵਾ ਦੀ ਪਤਨੀ ਓਪਿੰਦਰ ਕੌਰ ਰੰਧਾਵਾ ਨੇ ਕਿਹਾ ਕਿ ਪਰਿਵਾਰ ਨੂੰ ਇਸ ਸਬੰਧੀ ਸੁਨੇਹੇ ਮਿਲ ਰਹੇ ਹਨ ਪਰ ਉਹ ਸਮਝੌਤਾ ਨਹੀਂ ਕਰਨਗੇ ਕਿਉਂਕਿ ਇਸ ਘਟਨਾ ਨੇ ਉਨ੍ਹਾਂ ਦੇ ਪਰਿਵਾਰ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ।



*ਮੀਡੀਆ ਨਾਲ ਗੱਲਬਾਤ ਕਰਦਾ ਹੋਇਆ ਮਰਹੂਮ ਰੰਧਾਵਾ ਦਾ ਪਰਿਵਾਰ।*

ਉਨ੍ਹਾਂ ਦੋਸ਼ ਲਾਇਆ ਕਿ ਸਾਬਕਾ ਮੰਤਰੀ ਨੇ ਭ੍ਰਿਸ਼ਟਾਚਾਰ ਰਾਹੀਂ ਵੱਡੀ ਜਾਇਦਾਦ ਇਕੱਠੀ ਕੀਤੀ ਹੈ। ਉਨ੍ਹਾਂ ਇਸ ਜਾਇਦਾਦ ਦੀ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਤੋਂ ਜਾਂਚ ਦੀ ਵੀ ਮੰਗ ਕੀਤੀ। ਸਰਕਾਰ ਦੀ ਚੱਲ ਰਹੀ ਜਾਂਚ ਦੌਰਾਨ ਹੁਣ ਤੱਕ ਕਿਸੇ ਨੇ ਵੀ ਪਰਿਵਾਰ ਨਾਲ ਸੰਪਰਕ ਨਹੀਂ ਕੀਤਾ, ਜਦੋਂਕਿ ਮੁੱਖ ਮੰਤਰੀ ਵੱਲੋਂ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਦੇ ਆਦੇਸ਼ ਦਿੱਤੇ ਗਏ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਕਈ ਦਿਨ ਬੀਤ ਜਾਣ ਦੇ ਬਾਵਜੂਦ ਪੁਲਿਸ ਨੇ ਭੁੱਲਰ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਅਤੇ ਉਸ ਦੇ ਨਿੱਜੀ ਸਹਾਇਕ ਦਿਲਬਾਗ ਸਿੰਘ ਨੂੰ ਗ੍ਰਿਫਤਾਰ ਨਹੀਂ ਕੀਤਾ, ਜਦੋਂਕਿ ਉਹ ਤਰਨ ਤਾਰਨ ਵਿਚ ਪੁਲਿਸ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਵਿਚ ਹੈ। ਉਨ੍ਹਾਂ ਕੋਲ ਇਸ ਸਬੰਧੀ ਲੋੜੀਂਦੇ ਸਬੂਤ ਵੀ ਹਨ। ਦਿਲਬਾਗ ਸਿੰਘ, ਜੋ ਪੱਟੀ ਦਾ ਬਲਾਕ ਸਮਿਤੀ ਮੁਖੀ ਹੈ, ਪੁਲਿਸ ਅਧਿਕਾਰੀਆਂ ਦੇ ਸੰਪਰਕ ਵਿਚ ਸੀ। ਉਨ੍ਹਾਂ ਆਖਿਆ ਕਿ ਪਤੀ ਨਾਲ ਵਾਪਰੀਆਂ ਘਟਨਾਵਾਂ ਸਮੇਂ ਉੱਥੇ ਹੋਰ ਵੀ ਕਈ ਵਿਅਕਤੀ ਮੌਜੂਦ ਸਨ, ਜਿਨ੍ਹਾਂ ਬਾਰੇ ਪੁਲਿਸ ਨੂੰ ਜਾਣਕਾਰੀ ਵੀ ਦਿੱਤੀ ਗਈ ਪਰ ਇਸ ਦੇ ਬਾਵਜੂਦ ਉਨ੍ਹਾਂ ਦਾ ਨਾਂ ਐੱਫ.ਆਈ.ਆਰ. ਵਿਚ ਸ਼ਾਮਲ ਨਹੀਂ ਕੀਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਇਸ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਸਾਬਕਾ ਮੰਤਰੀ ਨੂੰ ਜੇਲ੍ਹ ਵਿਚ ਵੀ.ਆਈ.ਪੀ. ਟਰੀਟਮੈਂਟ ਦਿੱਤੀ ਜਾ ਰਹੀ ਹੈ।

# ਪੰਜਾਬ ਨਗਰ ਨਿਗਮਾਂ ਚੋਣਾਂ: ਰਾਜ ਚੋਣ ਕਮਿਸ਼ਨ ਵੱਲੋਂ ਚੋਣਾਂ ਦੀ ਪ੍ਰਕਿਰਿਆ ਸ਼ੁਰੂ

**■ ਵੋਟਰ ਸੂਚੀਆਂ ਦੀ ਸੁਧਾਈ ਲਈ ਨਿਰਦੇਸ਼ ਜਾਰੀ; 5 ਮਈ ਨੂੰ ਹੋਵੇਗੀ ਵੋਟਰ ਸੂਚੀ ਦੀ ਪ੍ਰਕਾਸ਼ਨਾ ਜਾਰੀ**



**ਚੰਡੀਗੜ੍ਹ, (ਪੰਜਾਬ ਮੇਲ)-** ਰਾਜ ਚੋਣ ਕਮਿਸ਼ਨ ਨੇ ਨਗਰ ਨਿਗਮ ਚੋਣਾਂ ਲਈ ਪ੍ਰਕਿਰਿਆ ਵਿੱਢ ਦਿੱਤੀ ਹੈ। ਪੰਜਾਬ ਦੀਆਂ ਨੌਂ ਨਗਰ ਨਿਗਮਾਂ ਅਤੇ 104 ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੀਆਂ ਚੋਣਾਂ ਹੋਣੀਆਂ ਹਨ, ਜਿਨ੍ਹਾਂ ਨਿਗਮਾਂ ਤੇ ਕੌਂਸਲਾਂ ਦੀ ਮਿਆਦ ਪੂਰੀ ਹੋ ਰਹੀ ਹੈ, ਉਨ੍ਹਾਂ ਲਈ ਪਹਿਲਾਂ ਹੀ ਪ੍ਰਸ਼ਾਸਕ ਨਿਯੁਕਤ ਕਰ ਦਿੱਤੇ ਗਏ ਹਨ। ਰਾਜ ਚੋਣ ਕਮਿਸ਼ਨ ਨੇ ਵੋਟਰ ਸੂਚੀਆਂ ਦੀ ਸੁਧਾਈ ਲਈ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਪੰਜਾਬ ਦੇ ਸਮੂਹ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਨੂੰ ਜਾਰੀ ਦਿਸ਼ਾ ਨਿਰਦੇਸ਼ਾਂ ਦੇ ਨਾਲ ਭਾਰਤੀ ਚੋਣ ਕਮਿਸ਼ਨ ਤੋਂ ਪ੍ਰਾਪਤ ਮੌਜੂਦਾ ਵੋਟਰ ਸੂਚੀਆਂ ਵੀ ਮੁਹੱਈਆ ਕਰਵਾ ਦਿੱਤੀਆਂ ਗਈਆਂ ਹਨ।

ਰਾਜ ਚੋਣ ਕਮਿਸ਼ਨ ਨੇ ਦੱਸਿਆ ਕਿ ਵੋਟਰ ਸੂਚੀਆਂ ਦੀ ਸੁਧਾਈ ਸਥਾਨਕ ਸਰਕਾਰਾਂ ਵਿਭਾਗ ਵਲੋਂ ਅੰਤਿਮ ਕੀਤੀ ਗਈ ਹੱਦਬੰਦੀ ਅਨੁਸਾਰ ਕੀਤੀ ਜਾਵੇਗੀ। ਵੇਰਵਿਆਂ ਅਨੁਸਾਰ ਨਗਰ ਨਿਗਮ ਅਬੋਹਰ, ਬਠਿੰਡਾ, ਬਰਨਾਲਾ, ਮੁਹਾਲੀ, ਹੁਸ਼ਿਆਰਪੁਰ, ਬਟਾਲਾ, ਪਠਾਨਕੋਟ, ਕਪੂਰਥਲਾ ਅਤੇ ਮੋਗਾ ਦੀ ਚੋਣ ਹੋਣੀ ਹੈ, ਜਦੋਂਕਿ ਪਟਿਆਲਾ, ਜਲੰਧਰ, ਲੁਧਿਆਣਾ, ਅੰਮ੍ਰਿਤਸਰ ਅਤੇ ਫਗਵਾੜਾ ਦੇ ਨਗਰ ਨਿਗਮ ਦੀ ਚੋਣ ਪਹਿਲਾਂ ਹੀ ਹੋ ਚੁੱਕੀ ਹੈ। ਮਈ ਮਹੀਨੇ 'ਚ ਨਿਗਮ ਅਤੇ ਕੌਂਸਲ ਚੋਣਾਂ ਹੋਣ ਦੀ ਸੰਭਾਵਨਾ ਹੈ।

ਪੰਜਾਬ ਸਰਕਾਰ ਵੱਲੋਂ ਵਾਰਡਬੰਦੀ ਦਾ ਕਾਫ਼ੀ ਕੰਮ ਮੁਕੰਮਲ ਕਰ ਲਿਆ ਗਿਆ ਹੈ। ਰਾਜ ਚੋਣ ਕਮਿਸ਼ਨ ਨੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਡਰਾਫ਼ਟ ਵੋਟਰ ਸੂਚੀ ਵਿਚ ਆਪਣੇ ਨਾਮ ਅਤੇ ਵੇਰਵਿਆਂ ਦੀ ਪੁਸ਼ਟੀ ਕਰਨ, ਜੋ 15 ਅਪ੍ਰੈਲ ਨੂੰ ਸਬੰਧਿਤ ਜ਼ਿਲ੍ਹਿਆਂ ਦੀ ਵੈੱਬਸਾਈਟ 'ਤੇ ਪਾਈ ਜਾਵੇਗੀ। ਕਾਨੂੰਨੀ ਤੌਰ 'ਤੇ ਦਾਅਵੇ ਅਤੇ ਇਤਰਾਜ਼ ਦਾਇਰ ਕਰਨ ਲਈ 7 ਦਿਨ (17 ਅਪ੍ਰੈਲ ਤੋਂ 23 ਅਪ੍ਰੈਲ 2026) ਨਿਰਧਾਰਿਤ ਕੀਤੇ ਗਏ ਹਨ। ਡਿਪਟੀ ਕਮਿਸ਼ਨਰਾਂ ਨੂੰ 20 ਅਪ੍ਰੈਲ ਅਤੇ 21 ਅਪ੍ਰੈਲ ਨੂੰ ਵੋਟਾਂ ਬਣਾਉਣ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਉਣ ਦੇ ਨਿਰਦੇਸ਼ ਵੀ ਦਿੱਤੇ ਗਏ ਹਨ।

ਰਾਜ ਚੋਣ ਕਮਿਸ਼ਨ ਨੇ ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾ 30 ਅਪ੍ਰੈਲ ਤੱਕ ਕਰਨ ਲਈ ਕਿਹਾ ਹੈ ਅਤੇ ਵੋਟਰ ਸੂਚੀਆਂ ਦੀ ਪ੍ਰਕਾਸ਼ਨਾਂ 5 ਮਈ ਨੂੰ ਜਾਰੀ ਹੋਵੇਗੀ। ਕਮਿਸ਼ਨ ਨੇ ਕਿਹਾ ਹੈ ਕਿ ਜੋ ਵਿਅਕਤੀ 23 ਅਪ੍ਰੈਲ ਨੂੰ 18 ਸਾਲ ਦੀ ਉਮਰ ਦਾ ਹੋਵੇਗਾ, ਉਹ ਆਪਣੀ ਵੋਟ ਬਣਾਉਣ ਲਈ ਅਪਲਾਈ ਕਰ ਸਕੇਗਾ। ਦਾਅਵੇ ਅਤੇ ਇਤਰਾਜ਼ ਦਾਇਰ ਕਰਨ ਲਈ ਫਾਰਮ ਸਬੰਧਿਤ ਐੱਸ.ਡੀ.ਐੱਮ. ਦਫ਼ਤਰਾਂ 'ਚ ਮਿਲਣਗੇ। ਚੋਣ ਕਮਿਸ਼ਨ ਦੀ ਤਿਆਰੀ ਤੋਂ ਜਾਪਦਾ ਹੈ ਕਿ ਨਿਗਮ ਚੋਣਾਂ ਮਈ ਮਹੀਨੇ 'ਚ ਹੋ ਸਕਦੀਆਂ ਹਨ।

# ਭਾਰਤ ਵਿਚ ਅਮਰੀਕੀ ਮਿਸ਼ਨ ਯਾਤਰੀਆਂ ਨੂੰ ਇਲੈਕਟ੍ਰਾਨਿਕ ਆਗਮਨ ਫਾਰਮ ਭਰਨ ਦੀ ਅਪੀਲ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਵਿਚ ਅਮਰੀਕੀ ਮਿਸ਼ਨ ਨੇ ਇੱਕ ਐਡਵਾਈਜ਼ਰੀ ਜਾਰੀ ਕੀਤੀ, ਜਿਸ ਵਿਚ ਅਮਰੀਕੀ ਨਾਗਰਿਕਾਂ ਨੂੰ ਵਿਦੇਸ਼ੀ ਯਾਤਰੀਆਂ ਲਈ ਇੱਕ ਲਾਜ਼ਮੀ ਇਲੈਕਟ੍ਰਾਨਿਕ ਆਗਮਨ ਫਾਰਮ ਵਿਚ ਭਾਰਤ ਦੇ ਸ਼ਿਫਟ ਹੋਣ ਬਾਰੇ ਸੂਚਿਤ ਕੀਤਾ ਗਿਆ, ਕਿਉਂਕਿ ਅਧਿਕਾਰੀ ਕਾਗਜ਼-ਆਧਾਰਿਤ ਉਤਰਨ ਕਾਰਡਾਂ ਨੂੰ ਪੜਾਅਵਾਰ ਖਤਮ ਕਰਨ ਵੱਲ ਵਧ ਰਹੇ ਹਨ।

9 ਅਪ੍ਰੈਲ ਨੂੰ ਜਾਰੀ ਕੀਤੇ ਗਏ ਨੋਟਿਸ ਵਿਚ, ਮਿਸ਼ਨ ਨੇ ਕਿਹਾ ਕਿ ਅਕਤੂਬਰ 2025 ਵਿਚ ਭਾਰਤ ਸਰਕਾਰ ਦੁਆਰਾ ਪੇਸ਼ ਕੀਤੇ ਗਏ ਡਿਜ਼ੀਟਲ ਸਿਸਟਮ ਲਈ ਵਿਦੇਸ਼ੀ ਨਾਗਰਿਕਾਂ ਨੂੰ ਦੇਸ਼ ਵਿਚ ਦਾਖਲ ਹੋਣ ਤੋਂ 72 ਘੰਟਿਆਂ ਦੇ ਅੰਦਰ ਇੱਕ ਆਨਲਾਈਨ ਆਗਮਨ ਫਾਰਮ ਜਮ੍ਹਾ ਕਰਨਾ ਜ਼ਰੂਰੀ ਹੈ।

ਮਿਸ਼ਨ ਨੇ ਕਿਹਾ, "ਭਾਰਤ ਆਉਣ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਭਾਰਤ ਪਹੁੰਚਣ ਤੋਂ 72 ਘੰਟਿਆਂ ਦੇ ਅੰਦਰ ਇੱਕ ਇਲੈਕਟ੍ਰਾਨਿਕ ਆਗਮਨ ਫਾਰਮ ਭਰਨਾ ਚਾਹੀਦਾ ਹੈ। ਇਹ ਫਾਰਮ ਭਾਰਤ ਸਰਕਾਰ ਦੇ ਵੀਜ਼ਾ ਪੋਰਟਲ ਜਾਂ ਭਾਰਤੀ ਵੀਜ਼ਾ ਸੁ-ਸਵਾਗਤਮ ਮੋਬਾਈਲ ਐਪ ਰਾਹੀਂ ਜਮ੍ਹਾ ਕੀਤਾ ਜਾ ਸਕਦਾ ਹੈ।" ਇਸ ਵਿਚ ਕਿਹਾ ਗਿਆ ਹੈ ਕਿ ਜਮ੍ਹਾਂ ਕਰਵਾਉਣ ਲਈ ਕੋਈ ਫੀਸ ਨਹੀਂ ਹੈ। "ਅਸੀਂ ਸਮਝਦੇ ਹਾਂ ਕਿ ਰਵਾਇਤੀ ਕਾਗਜ਼ੀ ਆਗਮਨ ਫਾਰਮ ਜਲਦੀ ਹੀ ਇੱਕ ਆਗਮਨ ਦਸਤਾਵੇਜ਼ ਵਜੋਂ ਇੱਕ ਵਿਕਲਪ ਨਹੀਂ ਰਹੇਗਾ," ਮਿਸ਼ਨ ਨੇ ਸਪੱਸ਼ਟ ਕਰਦੇ ਹੋਏ ਕਿਹਾ ਕਿ ਆਗਮਨ ਫਾਰਮ ਦੀ ਜ਼ਰੂਰਤ ਭਾਰਤ ਦੀ ਵੀਜ਼ਾ ਪ੍ਰਕਿਰਿਆ ਤੋਂ ਵੱਖਰੀ ਹੈ ਅਤੇ ਮੌਜੂਦਾ ਪ੍ਰਵੇਸ਼ ਨਿਯਮਾਂ ਨੂੰ ਨਹੀਂ ਬਦਲਦੀ ਹੈ।

ਸਲਾਹਕਾਰ ਨੇ ਕਿਹਾ, "ਅਮਰੀਕੀ ਨਾਗਰਿਕਾਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਇਹ ਆਗਮਨ ਫਾਰਮ ਤਬਦੀਲੀ ਕਿਸੇ ਵੀ ਭਾਰਤੀ ਵੀਜ਼ਾ ਅਰਜ਼ੀ ਪ੍ਰਕਿਰਿਆ ਤੋਂ ਵੱਖਰੀ ਹੈ। ਅਮਰੀਕੀ ਨਾਗਰਿਕਾਂ ਨੂੰ ਅਜੇ ਵੀ ਭਾਰਤ ਦੀ ਯਾਤਰਾ ਕਰਨ ਤੋਂ ਪਹਿਲਾਂ ਢੁਕਵਾਂ ਵੀਜ਼ਾ ਪ੍ਰਾਪਤ ਕਰਨ ਦੀ ਜ਼ਰੂਰਤ ਹੈ (ਜਦੋਂ ਤੱਕ ਕਿ ਉਨ੍ਹਾਂ ਨੂੰ ਵੀਜ਼ਾ ਲੋੜ ਤੋਂ ਛੋਟ ਨਾ ਦਿੱਤੀ ਜਾਵੇ)।" ਭਾਰਤ ਦੇ ਅਧਿਕਾਰਤ ਈ-ਆਗਮਨ ਪੋਰਟਲ ਲਈ ਯਾਤਰੀਆਂ ਨੂੰ ਆਉਣ ਤੋਂ ਪਹਿਲਾਂ ਪਾਸਪੋਰਟ ਵੇਰਵੇ, ਰਾਸ਼ਟਰੀਅਤਾ, ਉਡਾਣ ਜਾਣਕਾਰੀ ਅਤੇ ਹੋਰ ਯਾਤਰਾ-ਸਬੰਧਤ ਡੇਟਾ ਜਮ੍ਹਾ ਕਰਨ ਦੀ ਲੋੜ ਹੁੰਦੀ ਹੈ। ਏਅਰਲਾਈਨ ਅਤੇ ਇਮੀਗ੍ਰੇਸ਼ਨ ਮਾਰਗਦਰਸ਼ਨ ਨੇ ਯਾਤਰੀਆਂ ਨੂੰ ਯਾਤਰਾ ਦੌਰਾਨ ਜਮ੍ਹਾਂ ਕਰਵਾਉਣ ਦਾ ਸਬੂਤ ਰੱਖਣ ਦੀ ਸਲਾਹ ਵੀ ਦਿੱਤੀ ਹੈ। ਇਹ ਸਲਾਹ ਉਦੋਂ ਆਈ ਹੈ, ਜਦੋਂ ਭਾਰਤ ਦਾ ਕਾਗਜ਼ੀ ਆਗਮਨ ਕਾਰਡਾਂ ਤੋਂ ਦੂਰੀ ਆਪਣੇ ਆਖਰੀ ਪੜਾਅ ਵਿਚ ਦਾਖਲ ਹੁੰਦਾ ਜਾਪਦਾ ਹੈ। ਜਦੋਂ ਕਿ ਪਿਛਲੇ ਸਾਲ ਡਿਜ਼ੀਟਲ ਸਿਸਟਮ ਦੇ ਸ਼ੁਰੂ ਹੋਣ ਤੋਂ ਬਾਅਦ ਇੱਕ ਤਬਦੀਲੀ ਦੀ ਮਿਆਦ ਦੌਰਾਨ ਕਾਗਜ਼ੀ ਉਤਰਨ ਫਾਰਮ ਉਪਲਬਧ ਰਿਹਾ, ਹਾਲ ਹੀ ਵਿਚ ਯਾਤਰਾ ਅਤੇ ਇਮੀਗ੍ਰੇਸ਼ਨ ਮਾਰਗਦਰਸ਼ਨ ਨੇ ਸੰਕੇਤ ਦਿੱਤਾ ਹੈ ਕਿ ਪ੍ਰਮੁੱਖ ਐਂਟਰੀ ਪੁਆਇੰਟਾਂ 'ਤੇ ਕਾਗਜ਼ੀ ਵਿਕਲਪ ਨੂੰ ਪੜਾਅਵਾਰ ਬੰਦ ਕੀਤਾ ਜਾ ਰਿਹਾ ਹੈ। ਸਲਾਹ ਨੇ ਯਾਤਰੀਆਂ ਨੂੰ ਵਾਸ਼ਿੰਗਟਨ ਡੀ.ਸੀ. ਵਿਚ ਭਾਰਤ ਦੇ ਦੂਤਾਵਾਸ ਨਾਲ ਵੀਜ਼ਾ ਜ਼ਰੂਰਤਾਂ ਦੀ ਪੁਸ਼ਟੀ ਕਰਨ ਅਤੇ ਟਿਕਟ ਖਰੀਦਦੇ ਸਮੇਂ ਆਪਣੀ ਏਅਰਲਾਈਨ ਨਾਲ ਐਂਟਰੀ ਸ਼ਰਤਾਂ ਦੀ ਪੁਸ਼ਟੀ ਕਰਨ ਲਈ ਨਿਰਦੇਸ਼ ਦਿੱਤਾ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਕੇਂਦਰ ਵੱਲੋਂ ਭਾਖੜਾ ਬੋਰਡ 'ਚੋਂ ਪੰਜਾਬ ਦੀ ਸਥਾਈ ਮੈਂਬਰੀ ਖਤਮ

**■ ਵਿਸਾਖੀ ਵਾਲੇ ਦਿਨ ਨੋਟੀਫਿਕੇਸ਼ਨ ਜਾਰੀ; ਸਿਰਫ਼ ਬੋਰਡ ਮੈਂਬਰਾਂ ਦੀ ਚੋਣ ਮੌਕੇ ਮਿਲੇਗੀ ਤਰਜੀਹ**

**ਚੰਡੀਗੜ੍ਹ, (ਪੰਜਾਬ ਮੇਲ)-** ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਚੋਂ ਸ਼ਰਤੀਆ ਨੁਮਾਇੰਦਗੀ ਖ਼ਤਮ ਕੀਤੇ ਜਾਣ ਮਗਰੋਂ ਪੰਜਾਬ ਅਤੇ ਕੇਂਦਰ ਵਿਚਾਲੇ ਮੁੜ ਟਕਰਾਅ ਦਾ ਮੁੱਢ ਬੱਝਣ ਲੱਗਾ ਹੈ। ਭਾਖੜਾ ਬੋਰਡ 'ਚ ਪੰਜਾਬ ਦੀ ਸਥਾਈ ਮੈਂਬਰੀ 'ਤੇ ਚਾਰ ਵਰ੍ਹਿਆਂ ਤੋਂ ਤਲਵਾਰ ਲਟਕ ਰਹੀ ਸੀ। ਕੇਂਦਰੀ ਬਿਜਲੀ ਮੰਤਰਾਲੇ ਨੇ ਆਖ਼ਰ ਹੁਣ ਵਿਸਾਖੀ ਵਾਲੇ ਦਿਨ ਨੋਟੀਫਿਕੇਸ਼ਨ ਜਾਰੀ ਕਰ ਕੇ ਭਾਖੜਾ ਬੋਰਡ 'ਚੋਂ ਪੰਜਾਬ ਤੇ ਹਰਿਆਣਾ ਦੀ ਪੱਕੀ ਮੈਂਬਰੀ ਖ਼ਤਮ ਕਰ ਦਿੱਤੀ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਨੇ ਕੇਂਦਰ ਸਰਕਾਰ ਇਸ ਫ਼ੈਸਲੇ ਖ਼ਿਲਾਫ ਆਵਾਜ਼ ਉਠਾਈ ਹੈ।

ਪੁਰਾਣੀ ਰਵਾਇਤ ਅਨੁਸਾਰ ਆਮ ਸਹਿਮਤੀ ਨਾਲ ਹਮੇਸ਼ਾ ਬੀ.ਬੀ.ਐੱਮ.ਬੀ. 'ਚ ਮੈਂਬਰ (ਪਾਵਰ) ਪੰਜਾਬ 'ਚੋਂ ਲਗਦਾ ਰਿਹਾ ਹੈ ਤੇ ਮੈਂਬਰ (ਸਿੰਜਾਈ) ਹਰਿਆਣਾ 'ਚੋਂ ਤਾਇਨਾਤ ਹੁੰਦਾ ਰਿਹਾ ਹੈ ਪਰ ਹੁਣ ਜ਼ਰੂਰੀ ਨਹੀਂ ਰਿਹਾ ਹੈ ਕਿ ਇਹ ਦੋਵੇਂ ਮੈਂਬਰਾਂ ਦੀ ਤਾਇਨਾਤੀ ਪੰਜਾਬ ਤੇ ਹਰਿਆਣਾ 'ਚੋਂ ਹੀ ਹੋਵੇ। ਕੇਂਦਰੀ ਬਿਜਲੀ ਮੰਤਰਾਲੇ ਨੇ 23 ਫਰਵਰੀ 2022 ਨੂੰ 'ਭਾਖੜਾ ਬਿਆਸ ਮੈਨੇਜਮੈਂਟ ਬੋਰਡ ਰੂਲਜ਼-1974' 'ਚ ਸੋਧ ਲਈ ਨੋਟੀਫਿਕੇਸ਼ਨ ਦਾ ਖਰੜਾ ਜਾਰੀ ਕਰ ਕੇ ਭਾਖੜਾ ਬੋਰਡ 'ਚੋਂ ਸਥਾਈ ਨੁਮਾਇੰਦਗੀ ਖੋਹ ਲਈ ਸੀ। ਉਸ ਵਕਤ ਪੰਜਾਬ ਨੇ ਇਸ ਕੇਂਦਰੀ ਫ਼ੈਸਲੇ ਦਾ ਸਖ਼ਤ ਵਿਰੋਧ ਕੀਤਾ ਸੀ, ਜਿਸ ਦੇ ਨਤੀਜੇ ਵਜੋਂ ਕੇਂਦਰ ਸਰਕਾਰ ਨੇ ਸਤੰਬਰ 2025 'ਚ ਸੋਧਿਆ ਹੋਇਆ ਡਰਾਫਟ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ, ਜਿਸ 'ਤੇ ਬੋਰਡ 'ਚ ਹਿੱਸੇਦਾਰ ਮੈਂਬਰਾਂ ਤੋਂ ਟਿੱਪਣੀਆਂ ਮੰਗੀਆਂ ਸਨ। ਪੰਜਾਬ ਸਰਕਾਰ ਨੇ ਇਸ ਦਾ ਵਿਰੋਧ ਕੀਤਾ ਪਰ ਆਖ਼ਰ ਹੁਣ ਕੇਂਦਰੀ ਬਿਜਲੀ ਮੰਤਰਾਲੇ ਨੇ ਆਖ਼ਰੀ ਨੋਟੀਫਿਕੇਸ਼ਨ ਜਾਰੀ ਕਰਕੇ ਪੰਜਾਬ-ਹਰਿਆਣਾ ਤੋਂ ਭਾਖੜਾ ਬੋਰਡ 'ਚੋਂ ਪੱਕੀ ਨੁਮਾਇੰਦਗੀ ਖੋਹ ਲਈ ਹੈ। ਨਵੇਂ ਨੋਟੀਫ਼ਿਕੇਸ਼ਨ ਅਨੁਸਾਰ ਸਿਰਫ਼ ਪੰਜਾਬ ਤੇ ਹਰਿਆਣਾ ਨੂੰ ਭਾਖੜਾ ਬੋਰਡ ਦੇ ਮੈਂਬਰਾਂ ਦੀ ਚੋਣ ਮੌਕੇ ਤਰਜੀਹ ਦਿੱਤੀ ਜਾਵੇਗੀ। ਕੇਂਦਰ ਨੇ 'ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਸੋਧ) ਰੂਲਜ਼-2025' ਲਈ ਡਰਾਫਟ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਅਤੇ ਹੁਣ ਫਾਈਨਲ 'ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਸੋਧ) ਰੂਲਜ਼-2026' ਬਣਾ ਦਿੱਤੇ ਗਏ ਹਨ।

# ਹਰਮੀਤ ਪਠਾਣਮਾਜਰਾ ਬਠਿੰਡਾ ਜੇਲ੍ਹ 'ਚ ਤਬਦੀਲ



**ਬਠਿੰਡਾ, (ਪੰਜਾਬ ਮੇਲ)-** ਸਨੌਰ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਕੇਂਦਰੀ ਜੇਲ੍ਹ ਪਟਿਆਲਾ ਤੋਂ ਬਠਿੰਡਾ ਜੇਲ੍ਹ 'ਚ ਤਬਦੀਲ ਕਰ ਦਿੱਤਾ ਗਿਆ ਹੈ। ਉਨ੍ਹਾਂ ਦੀ ਦੂਜੀ ਪਤਨੀ ਦੱਸੀ ਜਾਂਦੀ ਇੱਕ ਮਹਿਲਾ ਦੀ ਸ਼ਿਕਾਇਤ 'ਤੇ ਧਾਰਾ ਧਾਰਾ 376 (2)(ਐੱਨ), 420 ਅਤੇ 506 ਤਹਿਤ ਦਰਜ ਹੋਏ ਕੇਸ ਅਧੀਨ ਗਵਾਲੀਅਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਪਠਾਣਮਾਜਰਾ ਨੂੰ ਅਦਾਲਤੀ ਆਦੇਸ਼ਾਂ 'ਤੇ ਅਜੇ ਤਿੰਨ ਦਿਨ ਪਹਿਲਾਂ ਹੀ ਪਟਿਆਲਾ ਜੇਲ੍ਹ 'ਚ ਭੇਜਿਆ ਗਿਆ ਸੀ। ਉੱਚ ਜੇਲ੍ਹ ਅਧਿਕਾਰੀਆਂ ਦੇ ਆਦੇਸ਼ਾਂ 'ਤੇ ਉਸ ਨੂੰ ਇਥੋਂ ਬਠਿੰਡਾ ਜੇਲ੍ਹ 'ਚ ਤਬਦੀਲ ਕਰ ਦਿੱਤਾ ਗਿਆ ਹੈ। ਪਟਿਆਲਾ ਜੇਲ੍ਹ ਦੇ ਸੁਪਰਡੈਂਟ ਗੁਰਚਰਨ ਸਿੰਘ ਧਾਲੀਵਾਲ ਦਾ ਕਹਿਣਾ ਸੀ ਕਿ ਅਜਿਹੀ ਕਾਰਵਾਈ ਸੁਰੱਖਿਆ ਕਾਰਨਾਂ ਕਰਕੇ ਅਮਲ 'ਚ ਲਿਆਂਦੀ ਗਈ ਹੈ। ਉਧਰ, ਪਠਾਣਮਾਜਰਾ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪ੍ਰੇਸ਼ਾਨ ਕਰਨ ਲਈ ਅਜਿਹਾ ਕੀਤਾ ਗਿਆ ਹੈ।

# ਪਾਰਲੀਮੈਂਟ ਬਜਟ ਸੈਸ਼ਨ: ਅਮਰ ਸਿੰਘ ਹਾਜ਼ਰੀ ਵਿਚ ਸਭ ਤੋਂ ਅੱਗੇ

**■ ਸਤਨਾਮ ਸੰਧੂ ਨੇ ਪੁੱਛੇ ਸਭ ਤੋਂ ਵੱਧ ਸਵਾਲ**



*ਸੰਸਦ ਮੈਂਬਰ ਅਮਰ ਸਿੰਘ ਫਾਈਲ ਫੋਟੋ।*

**ਨਵੀਂ ਦਿੱਲੀ, (ਪੰਜਾਬ ਮੇਲ)-** ਪਾਰਲੀਮੈਂਟ ਦੇ ਬਜਟ ਸੈਸ਼ਨ 'ਚ ਇਸ ਵਾਰ ਪੰਜਾਬ ਦੇ ਰਾਜ ਸਭਾ ਮੈਂਬਰਾਂ 'ਚੋਂ ਹਾਜ਼ਰੀ ਅਤੇ ਸੁਆਲ ਪੁੱਛਣ 'ਚ ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਮੋਹਰੀ ਰਹੇ, ਜਦੋਂਕਿ ਲੋਕ ਸਭਾ 'ਚ ਹਾਜ਼ਰੀ ਦੇ ਮਾਮਲੇ 'ਚ ਕਾਂਗਰਸ ਦੇ ਸੰਸਦ ਮੈਂਬਰ ਡਾ. ਅਮਰ ਸਿੰਘ ਨੇ ਬਾਜ਼ੀ ਮਾਰੀ। ਬਜਟ ਸੈਸ਼ਨ ਦੌਰਾਨ ਲੋਕ ਸਭਾ ਤੇ ਰਾਜ ਸਭਾ ਦੀਆਂ 31-31 ਬੈਠਕਾਂ ਹੋਈਆਂ। ਬਤੌਰ ਵਿਧਾਨਕਾਰ ਸੰਸਦ 'ਚ ਭਾਗੀਦਾਰੀ ਬਣਾਉਣ 'ਚ ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ 96.7 ਫ਼ੀਸਦੀ ਹਾਜ਼ਰੀ ਭਰੀ, ਜਦੋਂਕਿ 'ਆਪ' ਦੇ ਰਾਘਵ ਚੱਢਾ ਦੀ ਹਾਜ਼ਰੀ 96.7 ਫ਼ੀਸਦੀ ਅਤੇ ਅਸ਼ੋਕ ਮਿੱਤਲ ਦੀ 87.09 ਫ਼ੀਸਦੀ ਹਾਜ਼ਰੀ ਦਰਜ ਕੀਤੀ ਗਈ।

ਰਾਜ ਸਭਾ 'ਚ ਡਿਪਟੀ ਲੀਡਰ ਦੇ ਅਹੁਦੇ ਤੋਂ ਹਟਾਏ ਸੰਸਦ ਮੈਂਬਰ ਰਾਘਵ ਚੱਢਾ ਨੇ ਸੰਸਦ 'ਚ ਹਰ ਤਰ੍ਹਾਂ ਦੇ 48 ਸੁਆਲ ਪੁੱਛੇ ਜਦੋਂ ਕਿ 51 ਸੁਆਲ ਪੁੱਛਣ ਵਾਲੇ ਸਤਨਾਮ ਸੰਧੂ ਸਿਖਰ 'ਤੇ ਰਹੇ। ਸੰਧੂ ਨੇ ਪੰਜਾਬ ਦੇ ਭਖਦੇ ਮਸਲਿਆਂ ਨੂੰ ਲੈ ਕੇ ਸੰਸਦ 'ਚ ਸਵਾਲ ਚੁੱਕੇ ਅਤੇ ਸਮਾਜਿਕ ਮੁੱਦਿਆਂ ਨੂੰ ਤਰਜੀਹੀ ਆਧਾਰ 'ਤੇ ਰੱਖਿਆ। ਉਨ੍ਹਾਂ ਸਿੱਖ ਭਾਈਚਾਰੇ ਨਾਲ ਸਬੰਧ ਰੱਖਦੇ ਅਤੇ ਸੂਬੇ ਲਈ ਚੁਣੌਤੀ ਬਣ ਰਹੇ ਮੁੱਦਿਆਂ ਨੂੰ ਆਵਾਜ਼ ਦਿੱਤੀ। ਉਨ੍ਹਾਂ ਕਰੀਬ 25 ਵੱਖ-ਵੱਖ ਮੰਤਰਾਲਿਆਂ ਨਾਲ ਸਬੰਧਿਤ ਸੁਆਲ ਪੁੱਛੇ। ਸਿਫ਼ਰ ਕਾਲ ਦੌਰਾਨ ਸੱਤ ਵਾਰ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ। ਰਾਘਵ ਚੱਢਾ ਨੇ ਮੱਧ ਵਰਗੀ ਜਮਾਤ ਦੀ ਤਰਜਮਾਨੀ ਕੀਤੀ।

'ਆਪ' ਦੇ ਰਾਜ ਸਭਾ ਮੈਂਬਰ ਰਜਿੰਦਰ ਗੁਪਤਾ ਦੀ ਹਾਜ਼ਰੀ ਤਾਂ 35.48 ਫ਼ੀਸਦੀ ਰਹੀ ਰਹੀ ਪਰ ਉਨ੍ਹਾਂ ਸੁਆਲ ਪੁੱਛਣ ਦੇ ਮਾਮਲੇ 'ਚ ਸਭ ਤੋਂ ਵੱਧ 28 ਮੰਤਰਾਲੇ ਕਵਰ ਕੀਤੇ। ਰਾਜ ਸਭਾ 'ਚ 'ਆਪ' ਦੇ ਸੰਸਦ ਮੈਂਬਰ ਹਰਭਜਨ ਸਿੰਘ ਦੀ ਹਾਜ਼ਰੀ ਸਭ ਤੋਂ ਘੱਟ 25.8 ਫ਼ੀਸਦੀ ਰਹੀ ਅਤੇ ਉਨ੍ਹਾਂ ਸਿਰਫ਼ ਚਾਰ ਸੁਆਲ ਹੀ ਕੀਤੇ। ਲੋਕ ਸਭਾ 'ਚ ਸਭ ਤੋਂ ਘੱਟ ਹਾਜ਼ਰੀ ਫ਼ਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਦੀ ਸਿਰਫ਼ 20 ਫ਼ੀਸਦੀ ਹੀ ਰਹੀ ਅਤੇ ਉਨ੍ਹਾਂ ਕੋਈ ਲਿਖਤੀ ਸੁਆਲ ਨਹੀਂ ਉਠਾਇਆ ਪਰ ਉਹ ਸਿਫ਼ਰ ਕਾਲ ਦੌਰਾਨ ਇੱਕ ਵਾਰ ਬੋਲੇ।

**Editorial Board**

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਵਿਸਾਖੀ ਨੂੰ ਸਮਰਪਿਤ "ਅੰਤਰਰਾਸ਼ਟਰੀ ਕਾਵਿ ਮਿਲਣੀ" ਪ੍ਰਭਾਵਸ਼ਾਲੀ ਹੋ ਨਿਬੜੀ

**ਬਰੈਂਪਟਨ, (ਪੰਜਾਬ ਮੇਲ)-** ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਫ਼ਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਅਤੇ ਸਮੁੱਚੀ ਪ੍ਰਬੰਧਕੀ ਟੀਮ ਵੱਲੋਂ ਵਿਸਾਖੀ ਪੁਰਬ ਨੂੰ ਸਮਰਪਿਤ ਕਾਵਿ ਮਿਲਣੀ ਦਾ 12 ਅਪ੍ਰੈਲ ਨੂੰ ਆਯੋਜਨ ਕੀਤਾ ਗਿਆ। ਰਮਿੰਦਰ ਰੰਮੀ ਨੇ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਾਰਿਆਂ ਨੂੰ ਜੀ ਆਇਆਂ ਕਹਿੰਦਿਆਂ ਕੀਤੀ। ਸ਼੍ਰੀਮਤੀ ਰਿੰਟੂ ਭਾਟੀਆ ਨੇ ਸਭ ਨਾਲ ਫਤਹਿ ਦੀ ਸਾਂਝ ਪਾਉਂਦਿਆਂ ਦੱਸਿਆ ਕਿ ਰਮਿੰਦਰ ਰੰਮੀ ਜੀ ਸਮੁੱਚੀ ਪ੍ਰਬੰਧਕੀ ਟੀਮ ਨਾਲ ਲਗਾਤਾਰ ਪੰਜ ਸਾਲਾਂ ਤੋਂ ਪ੍ਰੋਗਰਾਮ ਕਰ ਰਹੇ ਹਨ ਤੇ 800 ਦੇ ਕਰੀਬ ਸ਼ਾਇਰਾਂ ਨੂੰ ਇਸ ਪ੍ਰੋਗਰਾਮ 'ਚ ਸ਼ਾਮਲ ਕਰ ਚੁੱਕੇ ਹਨ। ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਨੇ ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸੁਰਜੀਤ ਜੀ ਨੇ ਵਿਸਾਖੀ ਦੀਆਂ ਸ਼ੁਭ ਕਾਮਨਾਵਾਂ ਦਿੰਦਿਆਂ ਪ੍ਰੋਗਰਾਮ ਵਿਚ ਸ਼ਾਮਲ ਸਾਰੀਆਂ ਸ਼ਖਸੀਅਤਾਂ ਦਾ ਨਿੱਘਾ ਸੁਆਗਤ ਕਰਦਿਆਂ ਪ੍ਰੋਗਰਾਮ ਦਾ ਸੰਚਾਲਨ ਡਾ. ਰਾਜਬੀਰ ਕੌਰ ਗਰੇਵਾਲ ਨੂੰ ਸੌਂਪਿਆ। ਡਾ. ਰਾਜਬੀਰ ਕੌਰ ਬੀਰ ਗਰੇਵਾਲ ਨੇ ਰਮਿੰਦਰ ਰੰਮੀ ਜੀ ਦੀ ਸ਼ਲਾਘਾ ਕਰਦਿਆਂ ਤੇ ਪ੍ਰਬੰਧਕੀ ਟੀਮ ਨਾਲ ਪਛਾਣ ਕਰਾਉਂਦਿਆਂ ਪ੍ਰੋਗਰਾਮ ਦਾ ਆਗਾਜ਼ ਕੀਤਾ। ਸਭ ਤੋਂ ਪਹਿਲਾਂ ਅਮਰਜੀਤ ਸਿੰਘ ਕਸਕ ਜੋ ਆਰਮੀ ਵਿਚ ਸੇਵਾ ਨਿਭਾਅ ਚੁੱਕੇ ਹਨ, ਜੋ ਕਿ ਲੇਖਕ ਹੋਣ ਦੇ ਨਾਲ ਫ਼ਿਲਮਾਂ ਦੀ ਪ੍ਰੋਡਕਸਨ ਵੀ ਕਰ ਚੁੱਕੇ ਹਨ, ਨੇ ਆਪਣੀ "ਸੋਚਣਾ ਬਣਦਾ ਹੈ" ਕਵਿਤਾ ਪੇਸ਼ ਕੀਤੀ, ਜੋ ਕਿ ਖ਼ਾਲਸਾ ਪੰਥ ਦੇ ਆਗਾਜ਼ ਬਾਰੇ ਸੀ। ਗੁਰਚਰਨ ਸਿੰਘ ਜੋਗੀ ਨੇ ਸਮੇਂ ਦੀ




ਨਜ਼ਾਕਤ ਅਨੁਸਾਰ ਵਿਸਾਖੀ ਬਾਰੇ ਇੱਕ ਖ਼ੂਬਸੂਰਤ ਬੰਦ ਪੇਸ਼ ਕੀਤਾ। .. ਜੀ ਨੇ ਪੰਜ ਆਬਾ ਵਾਲੇ ਪੰਜਾਬ ਦੀ ਤਸਵੀਰ ਪੇਸ਼ ਕਰਦਿਆਂ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰੀਆਂ। ਮਨਜੀਤ ਸਿੰਘ ਚਾਤ੍ਰਿਕ ਨੇ ਹਿੰਦੁਸਤਾਨ ਦੀ ਧਰਤੀ 'ਤੇ ਜਬਰ ਜ਼ੁਲਮ ਦੇ ਜ਼ਮਾਨੇ ਦਾ ਚਿੱਤਰ ਪੇਸ਼ ਕਰਦਿਆਂ ਗੁਰੂ ਸਾਹਿਬਾਨ ਦੀ ਤੇ ਗੁਰੂ ਭਗਤਾਂ ਦੀ ਬਾਣੀ ਦੇ ਪ੍ਰਸੰਗ ਵਿਚ ਆਮਦ ਨੂੰ ਚਿਤਰਦੀ ਰਚਨਾ ਪੇਸ ਕੀਤੀ। ਖ਼ਾਲਸੇ ਦੇ ਉਦਭਵ ਤੇ ਚੜ੍ਹਦੀ ਕਲਾ ਸੰਬੰਧੀ ਬਾਰੇ ਬਹੁਤ ਹੀ ਭਾਵਪੂਰਤ ਕਵਿਤਾ ਪੇਸ਼ ਕੀਤੀ। ਨੌਜਵਾਨ ਕਵਿਤਰੀ ਦਿਲਪ੍ਰੀਤ ਗੁਰੀ ਨੇ ਖ਼ਾਲਸੇ ਦੀ ਵਿਲੱਖਣ ਪਛਾਣ ਦਰਸਾਉਂਦੀ ਰਚਨਾ ਪੇਸ਼ ਕੀਤੀ। ਸਤਬੀਰ ਸਿੰਘ ਜੋ ਕਿ ਮਾਂ ਬੋਲੀ ਨੂੰ ਸਮਰਪਿਤ ਸਮਾਜ ਸੇਵੀ ਹਨ, ਨੇ ਵਿਸਾਖੀ ਦੀ ਵਧਾਈ ਦਿੰਦਿਆਂ ਆਪਣੀ ਰਚਨਾ ਪੇਸ਼ ਕੀਤੀ ਅਤੇ ਅਜੋਕੇ ਸਮੇਂ ਦੇ ਸੰਦਰਭ ਵਿਚ ਸਿੱਖ ਪੰਥ ਦੀਆਂ ਕੁਰਬਾਨੀਆਂ ਦਾ ਚਿਤਰਨ ਪੇਸ਼ ਕੀਤਾ। ਜਸਵਿੰਦਰ ਸਿੰਘ ਝਬਾਲ ਨੇ ਵਿਸਾਖੀ ਦੇ ਇਤਿਹਾਸਕ ਤੇ ਸੱਭਿਆਚਾਰਕ ਸੰਦਰਭ ਨਾਲ ਆਪਣੀ ਰਚਨਾ "ਚੜ੍ਹਦਾ ਹੈ ਚਾਅ" ਪੇਸ਼ ਕੀਤੀ। ਲਾਡੀ ਭੁੱਲਰ ਨੇ ਆਪਣੀ ਰਚਨਾ ਖ਼ਾਲਸਾ ਪਿਆਰੀ ਕੌਮ ਦੇ ਸੰਦਰਭ ਨਾਲ ਪੰਜਾਬ ਦੇ ਖੇਤੀ ਪ੍ਰਧਾਨ ਸੂਬੇ ਦੇ ਹਵਾਲੇ ਨਾਲ ਕਵਿਤਾ ਦੀ ਸਾਂਝ ਪੁਆਈ। ਇੰਦਰਜੀਤ ਕੌਰ ਨੇ "ਆਈ ਵਿਸਾਖੀ" ਕਵਿਤਾ ਪੇਸ਼ ਕੀਤੀ। ਮੁੱਖ ਮਹਿਮਾਨ ਬਿਕਰਮ ਸੋਹੀ ਨੇ ਵਿਸਾਖੀ ਨਾਲ ਸਬੰਧਤ, ਖ਼ਾਲਸਾ ਉਦਭਵ ਦੇ ਹਵਾਲੇ ਨਾਲ "ਗੋਬਿੰਦ ਰੂਹ ਪੰਜਾਬ ਦੀ" ਖ਼ੂਬਸੂਰਤ ਰਚਨਾ ਨਾਲ ਸਮੁੱਚਾ ਮਾਹੌਲ ਖਾਲਸਾਈ ਰੰਗ 'ਚ ਰੰਗ ਦਿੱਤਾ।

ਸਤਵੀਰ ਰਾਜੇਆਣਾ ਨੇ "ਅਸੀਂ ਆਖ ਰਹੇ ਤੂੰ ਵੇਖ ਲਵੀਂ" ਰਚਨਾ ਪੇਸ਼ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਵਰਗੀ ਲਾਸਾਨੀ ਸ਼ਖਸੀਅਤ ਦੇ ਮੁੜ ਫੇਰ ਆਉਣ ਦੀ ਆਸ ਬਾਖ਼ੂਬੀ ਜਿਤਾਈ। ਖੁਸ਼ਵੀਰ ਕੌਰ ਢਿੱਲੋਂ ਨੇ ਆਪਣੀ ਰਚਨਾ "ਵੱਡਿਆ ਘਮੁੱਕੜਾ" ਰਚਨਾ ਪੇਸ਼ ਕੀਤੀ। ਮੁੱਖ ਮਹਿਮਾਨ, ਸਾਇਦਾ ਆਇਸ਼ਾ ਗਫਾਰ ਨੇ ਆਪਣੀ ਰਚਨਾ "ਸਾਰੀਆਂ ਗੱਲਾਂ ਹੋਣ ਤੋਂ ਪਹਿਲਾਂ" ਖ਼ੂਬਸੂਰਤ ਨਜ਼ਮ ਦੇ ਨਾਲ ਉਰਦੂ ਗ਼ਜ਼ਲ ਵੀ ਪੇਸ਼ ਕੀਤੀ। ਪੰਕਜ ਸ਼ਰਮਾ ਨੇ ਦੱਸਿਆ ਕਿ ਉਹ ਪਹਿਲੀ ਵਾਰੀ ਆਪਣੀ ਰਚਨਾ ਇਸ ਮੰਚ ਤੋਂ ਸਾਂਝੀ ਕਰ ਰਹੇ ਹਨ। ਜਤਿੰਦਰ ਕੌਰ ਨੇ ਆਪਣੀ ਰਚਨਾ "ਵਿਸਾਖੀ" ਖ਼ੂਨੀ ਸਾਕੇ ਅਤੇ ਖ਼ਾਲਸਾ ਪੰਥ ਦੀ ਸਾਜਨਾ ਤੇ ਕਿਸਾਨੀ ਜੀਵਨ ਦੇ ਸੰਦਰਭ ਵਿਚ ਸਾਂਝੀ ਕੀਤੀ। ਰਮਿੰਦਰ ਰੰਮੀ ਨੇ ਰਾਜਬੀਰ ਜੀ ਦੇ ਸੁਯੋਗ ਸੰਚਾਲਨ ਦੀ ਦਾਦ ਦਿੱਤੀ। ਰਮਨਪ੍ਰੀਤ ਕੌਰ ਨੇ ਵਿਸਾਖੀ ਸੰਬੰਧੀ ਅੰਮ੍ਰਿਤ ਸੰਚਾਰ ਦੀ ਮਹੱਤਤਾ ਦਰਸਾਉਂਦੀ ਖ਼ੂਬਸੂਰਤ ਰਚਨਾ ਸੁਣਾਈ। ਸੁਰਜੀਤ ਨੇ ਆਪਣੀ ਕਵਿਤਾ "ਪਹਿਚਾਣ" ਬਹੁਤ ਹੀ ਵਿਲੱਖਣ ਅੰਦਾਜ਼ ਵਿਚ ਪੇਸ਼ ਕੀਤੀ। ਰਿੰਟੂ ਭਾਟੀਆ ਨੇ ਆਪਣੀ ਮਿੱਠੀ ਆਵਾਜ਼ 'ਚ "ਮਿੱਤਰ ਪਿਆਰੇ ਨੂੰ" ਸ਼ਬਦ ਸਰੋਤਿਆਂ ਨਾਲ ਸਾਂਝਾ ਕਰਕੇ ਆਨੰਦਮਈ ਅਧਿਆਤਮਕ ਮਾਹੌਲ ਸਿਰਜਿਆ। ਵਿਜੇਤਾ ਭਾਰਦਵਾਜ ਨੇ ਬਚਪਨ ਤੋਂ ਜਵਾਨੀ ਤੱਕ ਦੇ ਸਫ਼ਰ ਨੂੰ ਪੇਂਡੂ ਜੀਵਨ ਦੇ ਮੋਹ ਭਰੇ ਮਾਹੌਲ ਨੂੰ ਖ਼ੂਬਸੂਰਤ ਅੰਦਾਜ਼ ਵਿਚ ਪੇਸ਼ ਕੀਤਾ। ਪ੍ਰੋਗਰਾਮ ਦੇ ਅੰਤ 'ਤੇ ਚੇਅਰਮੈਨ ਪਿਆਰਾ ਸਿੰਘ ਕੁੱਦੋਵਾਲ ਨੇ ਆਪਣੇ ਵਿਲੱਖਣ ਤੇ ਵਿਸਤ੍ਰਿਤ ਅੰਦਾਜ਼ ਸਮੁੱਚਾ ਪ੍ਰੋਗਰਾਮ ਕੰਜੀਵਤ ਰੂਪ ਵਿਚ ਸਾਰਾਂਸ਼ ਪੇਸ਼ ਕੀਤਾ ਅਤੇ ਆਸ਼ਾ ਭੌਸਲੇ ਜੀ ਨੂੰ ਭਾਵਪੂਰਤ ਸ਼ਰਧਾਂਜਲੀ ਪੇਸ਼ ਕੀਤੀ। ਅੱਜ ਦੇ ਸਮੇਂ ਵਿਚ ਚੱਲ ਰਹੀ ਜੰਗ ਨੂੰ ਰੋਕਣ ਲਈ ਲੀਡਰਾਂ ਨੂੰ ਅਪੀਲ ਕੀਤੀ ਅਤੇ ਸੁਮੱਤ ਬਖ਼ਸ਼ਣ ਲਈ ਅਰਦਾਸ ਕੀਤੀ। "ਖ਼ਾਲਸਾ ਨਿਆਰਾ" ਨਜ਼ਮ ਤੁਰਨਮ ਵਿਚ ਪੇਸ਼ ਕੀਤੀ। ਰਮਿੰਦਰ ਰੰਮੀ ਦੀ ਮਿਹਨਤ ਸਦਕਾ ਸਮੁੱਚਾ ਪ੍ਰੋਗਰਾਮ ਬਹੁਤ ਹੀ ਵਧੀਆ ਤੇ ਸਫਲ ਰਿਹਾ। ਡਾ. ਰਾਜਬੀਰ ਕੌਰ ਬੀਰ ਗਰੇਵਾਲ ਨੇ ਬਹੁਤ ਹੀ ਵਧੀਆ ਢੰਗ ਨਾਲ ਸੰਚਾਲਨ ਕੀਤਾ। ਇਸ ਪ੍ਰੋਗਰਾਮ ਨੂੰ ਅਨੇਕਾਂ ਸ਼ਖ਼ਸੀਅਤਾਂ ਨੇ ਜ਼ੂਮ ਤੇ ਫੇਸਬੁੱਕ ਮਾਧਿਅਮ ਨਾਲ ਮਾਣਿਆ। ਦੇਸ਼-ਵਿਦੇਸ਼ ਤੋਂ ਬਹੁਤ ਸਾਰੀਆਂ ਨਾਮਵਰ ਸ਼ਖ਼ਸੀਅਤਾਂ ਨੇ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ। ਧੰਨਵਾਦ ਸਹਿਤ। ਇਹ ਰਿਪੋਰਟ ਡਾ. ਪੁਸ਼ਵਿੰਦਰ ਕੌਰ ਖੋਖਰ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।

# ਵਾਰਤਾ ਫੇਲ ਹੋਣ ਮਗਰੋਂ ਟਰੰਪ ਨੇ ਈਰਾਨ ਵਿਰੁੱਧ ਕੀਤਾ ਸਖਤ ਰੁਖ ਅਖਤਿਆਰ!



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਵਿਰੁੱਧ ਸਖ਼ਤ ਰੁਖ਼ ਅਖਤਿਆਰ ਕਰਦਿਆਂ ਹੁਣ ਉਸ ਦੇ ਸਮੁੰਦਰੀ ਰਸਤਿਆਂ ਦੀ ਘੇਰਾਬੰਦੀ ਕਰਨ ਦੇ ਵਿਕਲਪ 'ਤੇ ਵਿਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਘਟਨਾਕ੍ਰਮ ਇਸਲਾਮਾਬਾਦ ਵਿਚ ਹੋਈ ਸ਼ਾਂਤੀ ਵਾਰਤਾ ਦੇ ਬਿਨਾਂ ਕਿਸੇ ਨਤੀਜੇ ਦੇ ਖ਼ਤਮ ਹੋਣ ਤੋਂ ਬਾਅਦ ਸਾਹਮਣੇ ਆਇਆ ਹੈ। ਇਸਲਾਮਾਬਾਦ ਵਿਚ ਹੋਈਆਂ ਬੈਠਕਾਂ ਦੌਰਾਨ ਅਮਰੀਕਾ ਅਤੇ ਈਰਾਨ ਵਿਚਾਲੇ ਹੋਰਮੁਜ਼ ਜਲਡਮਰੂ ਅਤੇ ਈਰਾਨ ਦੀ ਪਰਮਾਣੂ ਸਮਰੱਥਾ ਨੂੰ ਲੈ ਕੇ ਗੰਭੀਰ ਮਤਭੇਦ ਪੈਦਾ ਹੋ ਗਏ। ਦੋਵਾਂ ਧਿਰਾਂ ਵਿਚਾਲੇ ਰਾਏ ਦੀ ਭਿੰਨਤਾ ਕਾਰਨ ਗੱਲਬਾਤ ਕਿਸੇ ਸਿਰੇ ਨਹੀਂ ਚੜ੍ਹ ਸਕੀ ਅਤੇ ਅੰਤ ਵਿੱਚ ਵਾਰਤਾ ਬਿਨਾਂ ਕਿਸੇ ਸਮਝੌਤੇ ਦੇ ਖ਼ਤਮ ਹੋ ਗਈ।

ਰਾਸ਼ਟਰਪਤੀ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇੱਕ ਲੇਖ ਸਾਂਝਾ ਕੀਤਾ ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਅਮਰੀਕਾ ਕੋਲ ਈਰਾਨ ਦੀ ਘੇਰਾਬੰਦੀ ਕਰਨ ਦੀ ਪੂਰੀ ਸਮਰੱਥਾ ਹੈ। ਵੈਨੇਜ਼ੁਏਲਾ ਦੀ ਘੇਰਾਬੰਦੀ ਦੀ ਅਗਵਾਈ ਕਰਨ ਵਾਲਾ ਅਮਰੀਕੀ ਜੰਗੀ ਜਹਾਜ਼ ਯੂ.ਐੱਸ.ਐੱਸ. ਗੈਰਾਲਡ ਫੋਰਡ ਹੁਣ ਫਾਰਸ ਦੀ ਖਾੜੀ ਵਿਚ ਪਹੁੰਚ ਚੁੱਕਿਆ ਹੈ। ਇਸ ਦੇ ਨਾਲ ਹੀ ਯੂ.ਐੱਸ.ਐੱਸ. ਅਬ੍ਰਾਹਮ ਲਿੰਕਨ ਅਤੇ ਹੋਰ ਵੱਡੇ ਜਲ ਸੈਨਾ ਦੇ ਜਹਾਜ਼ ਵੀ ਖੇਤਰ ਵਿਚ ਤਾਇਨਾਤ ਹਨ।


# ਈਰਾਨ ਨਾਲ ਜੰਗ ਹੁਣ ਆਪਣੇ ਅੰਤ ਦੇ ਬਹੁਤ ਨੇੜੇ : ਡੋਨਾਲਡ ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨਾਲ ਚੱਲ ਰਹੇ ਟਕਰਾਅ ਨੂੰ ਲੈ ਕੇ ਇੱਕ ਅਹਿਮ ਬਿਆਨ ਦਿੱਤਾ ਹੈ। ਵ੍ਹਾਈਟ ਹਾਊਸ ਵਿਚ ਦਿੱਤੇ ਇੰਟਰਵਿਊ ਵਿਚ ਟਰੰਪ ਨੇ ਸੰਕੇਤ ਦਿੱਤਾ ਕਿ ਇਹ ਜੰਗ ਹੁਣ ਆਪਣੇ ਅੰਤ ਦੇ ਬਹੁਤ ਕਰੀਬ ਹੈ। ਰਾਸ਼ਟਰਪਤੀ ਟਰੰਪ ਨੇ ਦਾਅਵਾ ਕੀਤਾ ਹੈ ਕਿ ਈਰਾਨ ਨਾਲ ਚੱਲ ਰਹੀ ਜੰਗ ਹੁਣ ਆਪਣੇ ਅੰਤ ਦੇ ਬਹੁਤ ਨੇੜੇ ਹੈ। ਮੈਨੂੰ ਲੱਗਦਾ ਹੈ ਕਿ ਇਹ (ਜੰਗ) ਲਗਭਗ ਖ਼ਤਮ ਹੋਣ ਵਾਲੀ ਹੈ... ਮੇਰੇ ਨਜ਼ਰੀਏ ਤੋਂ ਇਹ ਬਹੁਤ ਜਲਦ ਖ਼ਤਮ ਹੋ ਜਾਵੇਗੀ।

ਇੰਟਰਵਿਊ ਦੌਰਾਨ ਜਦੋਂ ਟਰੰਪ ਤੋਂ ਪੁੱਛਿਆ ਗਿਆ ਕਿ ਕੀ ਜੰਗ ਖ਼ਤਮ ਹੋ ਗਈ ਹੈ, ਤਾਂ ਉਨ੍ਹਾਂ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਇਹ ਖ਼ਤਮ ਹੋਣ ਦੇ ਕੰਢੇ ਹੈ। ਮੈਂ ਇਸਨੂੰ ਖ਼ਤਮ ਹੋਣ ਦੇ ਬਹੁਤ ਕਰੀਬ ਮੰਨਦਾ ਹਾਂ।" ਟਰੰਪ ਨੇ ਅੱਗੇ ਕਿਹਾ ਕਿ ਜੇਕਰ ਉਹ ਸਖ਼ਤ ਕਦਮ ਨਾ ਚੁੱਕਦੇ ਤਾਂ ਈਰਾਨ ਕੋਲ ਹੁਣ ਤੱਕ ਪ੍ਰਮਾਣੂ ਹਥਿਆਰ ਹੁੰਦੇ। ਉਨ੍ਹਾਂ ਤੰਜ਼ ਕੱਸਦਿਆਂ ਕਿਹਾ ਕਿ ਜੇਕਰ ਈਰਾਨ ਪ੍ਰਮਾਣੂ ਤਾਕਤ ਬਣ ਜਾਂਦਾ, ਤਾਂ ਦੁਨੀਆਂ ਨੂੰ ਉਨ੍ਹਾਂ ਨੂੰ 'ਸਰ-ਸਰ' ਕਹਿ ਕੇ ਸੰਬੋਧਨ ਕਰਨਾ ਪੈਂਦਾ। ਟਰੰਪ ਇੱਕ ਹੋਰ ਬਿਆਨ ਵਿਚ ਦੱਸਿਆ ਕਿ ਪਾਕਿਸਤਾਨ ਵਿਚ ਹੋਈਆਂ ਪਿਛਲੀਆਂ ਗੱਲਬਾਤਾਂ ਦੇ ਅਸਫਲ ਰਹਿਣ ਤੋਂ ਬਾਅਦ ਹੁਣ ਅਗਲੇ ਦੋ ਦਿਨਾਂ ਦੇ ਅੰਦਰ ਅਮਰੀਕਾ-ਈਰਾਨ ਜੰਗਬੰਦੀ ਵਾਰਤਾ ਮੁੜ ਸ਼ੁਰੂ ਹੋਣ ਦੀ ਉਮੀਦ ਹੈ।







# ਨਿਊਯਾਰਕ 'ਚ ਜੰਗ ਖਿਲਾਫ਼ ਪ੍ਰਦਰਸ਼ਨ ਦੌਰਾਨ 100 ਪ੍ਰਦਰਸ਼ਨਕਾਰੀ ਗ੍ਰਿਫ਼ਤਾਰ




ਨਿਊਯਾਰਕ, (ਪੰਜਾਬ ਮੇਲ)- ਅਮਰੀਕਾ ਵਿਚ ਇਰਾਨ ਜੰਗ ਅਤੇ ਇਜ਼ਰਾਈਲ ਨੂੰ ਹਥਿਆਰ ਦੇਣ ਦੇ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ 100 ਲੋਕਾਂ ਨੂੰ ਨਿਊਯਾਰਕ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਪ੍ਰਦਰਸ਼ਨਕਾਰੀਆਂ ਨੇ ਮੈਨਹਟਨ 'ਚ ਸੜਕਾਂ 'ਤੇ ਉਤਰ ਕੇ ਨਾਅਰੇਬਾਜ਼ੀ ਕੀਤੀ ਅਤੇ ਆਵਾਜਾਈ ਵਿਚ ਰੁਕਾਵਟ ਪਾਈ, ਜਿਸ ਤੋਂ ਬਾਅਦ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ। 'ਜਿਊਇਸ਼ ਵਾਇਸ ਫਾਰ ਪੀਸ' ਮੁਤਾਬਕ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿਚ ਚੈਲਸੀ ਮੈਨਿੰਗ, ਐਕਟਰ ਹਰੀ ਨੇਫ ਅਤੇ ਨਿਊਯਾਰਕ ਸਿਟੀ ਕੌਂਸਲ ਦੀ ਮੈਂਬਰ ਅਲੈਕਸਾ ਅਵਿਲੇਸ ਵੀ ਸ਼ਾਮਲ ਹਨ। ਇਸ ਤੋਂ ਪਹਿਲਾਂ ਪ੍ਰਦਰਸ਼ਨਕਾਰੀਆਂ ਨੇ ਚੱਕ ਸ਼ੂਮਰ ਅਤੇ ਕ੍ਰਿਸਟਨ ਗਿਲੀਬ੍ਰੈਂਡ ਦੇ ਦਫ਼ਤਰਾਂ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਪਰ ਰੋਕੇ ਜਾਣ 'ਤੇ ਉਨ੍ਹਾਂ ਨੇ ਸੜਕ 'ਤੇ ਵਿਰੋਧ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਸਫਾ 1 ਦਾ ਬਾਕੀ

## ਅਮਰੀਕਾ 'ਚ 'ਬਰਥ ਟੂਰਿਜ਼ਮ' 'ਤੇ ਸਖਤੀ: ICE ਵੱਲੋਂ ਨਵੀਂ...

ਵਿਭਾਗ ਨੇ ਕਿਹਾ ਕਿ ਅਮਰੀਕਾ ਵਿਚ ਬੱਚੇ ਨੂੰ ਜਨਮ ਦੇਣਾ ਆਪਣੇ ਆਪ ਵਿਚ ਗੈਰਕਾਨੂੰਨੀ ਨਹੀਂ ਹੈ, ਪਰ ਜੇਕਰ ਇਸ ਲਈ ਵੀਜ਼ਾ ਅਰਜ਼ੀ ਵਿਚ ਗਲਤ ਜਾਣਕਾਰੀ ਦਿੱਤੀ ਜਾਂਦੀ ਹੈ ਜਾਂ ਫੈਡਰਲ ਕਾਨੂੰਨ ਦੀ ਉਲੰਘਣਾ ਹੁੰਦੀ ਹੈ, ਤਾਂ ਕਾਰਵਾਈ ਕੀਤੀ ਜਾਵੇਗੀ।

ਅਮਰੀਕਾ ਵਿਚ ਬਰਥ ਟੂਰਿਜ਼ਮ 'ਤੇ ਸਿੱਧਾ ਪੂਰਨ ਪ੍ਰਤੀਬੰਧ ਨਹੀਂ ਹੈ। ਪਰ 2020 ਵਿਚ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਲਾਗੂ ਕੀਤੇ ਗਏ ਨਿਯਮ ਤਹਿਤ, ਟੂਰਿਸਟ ਜਾਂ ਬਿਜ਼ਨਸ ਵੀਜ਼ਾ ਦਾ ਇਸਤੇਮਾਲ ਮੁੱਖ ਤੌਰ 'ਤੇ ਬੱਚੇ ਨੂੰ ਅਮਰੀਕੀ ਨਾਗਰਿਕਤਾ ਦਿਵਾਉਣ ਦੇ ਮਕਸਦ ਨਾਲ ਨਹੀਂ ਕੀਤਾ ਜਾ ਸਕਦਾ।

ਜੇਕਰ ਕੋਈ ਵਿਅਕਤੀ ਇਸ ਮਕਸਦ ਲਈ ਝੂਠੀ ਜਾਣਕਾਰੀ ਦੇ ਕੇ ਵੀਜ਼ਾ ਲੈਂਦਾ ਹੈ, ਤਾਂ ਉਸ 'ਤੇ ਧੋਖਾਧੜੀ ਜਾਂ ਹੋਰ ਸੰਬੰਧਿਤ ਅਪਰਾਧਾਂ ਹੇਠ ਕੇਸ ਚਲਾਇਆ ਜਾ ਸਕਦਾ ਹੈ।

ਅਮਰੀਕਾ ਵਿਚ ਹਰ ਸਾਲ ਕਿੰਨੀ ਵਿਦੇਸ਼ੀ ਮਹਿਲਾਵਾਂ ਸਿਰਫ਼ ਬੱਚੇ ਨੂੰ ਜਨਮ ਦੇਣ ਲਈ ਆਉਂਦੀਆਂ ਹਨ, ਇਸ ਬਾਰੇ ਕੋਈ ਅਧਿਕਾਰਕ ਅੰਕੜੇ ਮੌਜੂਦ ਨਹੀਂ ਹਨ। ਹਾਲਾਂਕਿ, ਘੱਟ ਇਮੀਗ੍ਰੇਸ਼ਨ ਦਾ ਸਮਰਥਨ ਕਰਨ ਵਾਲੀ ਸੰਸਥਾ ਸੈਂਟਰ ਫਾਰ ਇਮੀਗ੍ਰੇਸ਼ਨ ਸਟੱਡੀਜ਼ ਨੇ 2020 ਦੀ ਇੱਕ ਰਿਪੋਰਟ ਵਿਚ ਅਨੁਮਾਨ ਲਗਾਇਆ ਸੀ ਕਿ 2016-17 ਦੇ ਇੱਕ ਸਾਲ ਦੇ ਅਰਸੇ ਵਿਚ 20,000 ਤੋਂ 25,000 ਮਹਿਲਾਵਾਂ ਇਸ ਮਕਸਦ ਨਾਲ ਅਮਰੀਕਾ ਆਈਆਂ ਸਨ।

ਇਸ ਦੇ ਮੁਕਾਬਲੇ, 2025 ਵਿਚ ਅਮਰੀਕਾ ਵਿਚ ਕੁੱਲ 36 ਲੱਖ ਜਨਮ ਦਰਜ ਕੀਤੇ ਗਏ ਸਨ, ਇਸ ਲਈ ਬਰਥ ਟੂਰਿਜ਼ਮ ਕੁੱਲ ਜਨਮਾਂ ਦਾ ਇੱਕ ਛੋਟਾ ਹਿੱਸਾ ਹੀ ਮੰਨਿਆ ਜਾਂਦਾ ਹੈ। ਰਿਪਬਲਿਕਨ ਨੇਤਾ ਲੰਮੇ ਸਮੇਂ ਤੋਂ ਬਰਥ ਟੂਰਿਜ਼ਮ ਨੂੰ ਜਨਮਸਿੱਧ ਨਾਗਰਿਕਤਾ (ਬਰਥਰਾਈਟ ਸਿਟੀਜ਼ਨਸ਼ਿਪ) ਨੂੰ ਸੀਮਿਤ ਕਰਨ ਦੇ ਤਰਕ ਵਜੋਂ ਪੇਸ਼ ਕਰਦੇ ਆ ਰਹੇ ਹਨ। ਅਮਰੀਕਾ ਵਿਚ ਸੰਵਿਧਾਨ ਦੇ ਇੱਕ ਸੋਧ ਤਹਿਤ ਲੰਮੇ ਸਮੇਂ ਤੋਂ ਇਹ ਪ੍ਰਾਵਧਾਨ ਹੈ ਕਿ ਅਮਰੀਕੀ ਧਰਤੀ 'ਤੇ ਜਨਮ ਲੈਣ ਵਾਲਾ ਬੱਚਾ ਨਾਗਰਿਕ ਮੰਨਿਆ ਜਾਂਦਾ ਹੈ।

ਟਰੰਪ ਨੇ ਜਨਵਰੀ 2025 ਵਿਚ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਹੀ ਇੱਕ ਕਾਰਜਕਾਰੀ ਹੁਕਮ ਜਾਰੀ ਕੀਤਾ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਜੇਕਰ ਬੱਚੇ ਦੇ ਮਾਪੇ ਅਮਰੀਕੀ ਨਾਗਰਿਕ ਜਾਂ ਕਾਨੂੰਨੀ ਸਥਾਈ ਨਿਵਾਸੀ ਨਹੀਂ ਹਨ, ਤਾਂ ਅਜਿਹੇ ਬੱਚਿਆਂ ਨੂੰ ਨਾਗਰਿਕਤਾ ਨਾ ਦਿੱਤੀ ਜਾਵੇ।

ਹਾਲਾਂਕਿ, ਕਈ ਫੈਡਰਲ ਜੱਜਾਂ ਨੇ ਇਸ ਹੁਕਮ 'ਤੇ ਰੋਕ ਲਾ ਦਿੱਤੀ ਹੈ ਅਤੇ ਇਹ ਮਾਮਲਾ ਹੁਣ ਅਮਰੀਕੀ ਸੁਪਰੀਮ ਕੋਰਟ ਤੱਕ ਪਹੁੰਚ ਚੁੱਕਾ ਹੈ।

ਟਰੰਪ ਪ੍ਰਸ਼ਾਸਨ ਵੱਲੋਂ ਸੁਪਰੀਮ ਕੋਰਟ ਵਿਚ ਪੇਸ਼ ਹੋਏ ਸਾਲਿਸਟਰ ਜਨਰਲ ਡੀ. ਜੌਨ ਸਾਵਰ ਨੇ ਦਲੀਲ ਦਿੱਤੀ ਕਿ ਜਨਮਸਿੱਧ ਨਾਗਰਿਕਤਾ ਦੀ ਮੌਜੂਦਾ ਪ੍ਰਥਾ ਨੇ "ਬਰਥ ਟੂਰਿਜ਼ਮ" ਦੇ ਇੱਕ ਵੱਡੇ ਉਦਯੋਗ ਨੂੰ ਜਨਮ ਦਿੱਤਾ ਹੈ।

ICE ਦਾ ਕਹਿਣਾ ਹੈ ਕਿ ਇਸ ਦਾ ਨਵਾਂ ਅਭਿਆਨ ਮੁੱਖ ਤੌਰ 'ਤੇ ਧੋਖਾਧੜੀ, ਵਿੱਤੀ ਅਪਰਾਧ ਅਤੇ ਕਾਨੂੰਨੀ ਇਮੀਗ੍ਰੇਸ਼ਨ ਪ੍ਰਕਿਰਿਆ ਦਾ ਗਲਤ ਫਾਇਦਾ ਚੁੱਕਣ ਵਾਲੇ ਸੰਗਠਿਤ ਨੈੱਟਵਰਕਾਂ 'ਤੇ ਕੇਂਦ੍ਰਿਤ ਹੋਵੇਗਾ। ਹਾਲਾਂਕਿ, ਅਜੇ ਇਹ ਸਪੱਸ਼ਟ ਨਹੀਂ ਹੈ ਕਿ ਇਸ ਮੁਹਿੰਮ ਤੋਂ ਕਿੰਨੇ ਮਾਮਲੇ ਸਾਹਮਣੇ ਆਉਣਗੇ। ਇਸ ਤੋਂ ਪਹਿਲਾਂ 2019 ਵਿਚ ਦੱਖਣੀ ਕੈਲੀਫੋਰਨੀਆ ਵਿਚ "ਬਰਥ ਹਾਊਸ" ਚਲਾਉਣ ਵਾਲੇ ਇੱਕ ਵੱਡੇ ਗਿਰੋਹ ਖ਼ਿਲਾਫ਼ ਕਾਰਵਾਈ ਕੀਤੀ ਗਈ ਸੀ। ਇਸ ਮਾਮਲੇ ਵਿਚ ਚੀਨੀ ਨਾਗਰਿਕ ਡੋਂਗਯੁਆਨ ਲੀ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ ਅਤੇ ਉਸਨੂੰ 10 ਮਹੀਨੇ ਦੀ ਕੈਦ ਦੀ ਸਜ਼ਾ ਹੋਈ ਸੀ। ਇੱਕ ਹੋਰ ਦੋਸ਼ੀ ਚਾਓ "ਐਡਵਿਨ" ਚੈਨ ਨੂੰ 2020 ਵਿਚ ਤਿੰਨ ਸਾਲ ਦੀ ਸਜ਼ਾ ਸੁਣਾਈ ਗਈ ਸੀ, ਪਰ ਉਹ ਅਮਰੀਕਾ ਛੱਡ ਕੇ ਚੀਨ ਭੱਜ ਗਿਆ ਸੀ।

ਇਹ ਨਵੀਂ ਮੁਹਿੰਮ ਅਮਰੀਕਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਹੋਰ ਸਖ਼ਤ ਬਣਾਉਣ ਅਤੇ ਵੀਜ਼ਾ ਧੋਖਾਧੜੀ 'ਤੇ ਰੋਕ ਲਗਾਉਣ ਲਈ ਟਰੰਪ ਪ੍ਰਸ਼ਾਸਨ ਦੀ ਵੱਡੀ ਨੀਤੀ ਦਾ ਹਿੱਸਾ ਮੰਨੀ ਜਾ ਰਹੀ ਹੈ।

ਸਫਾ 1 ਦਾ ਬਾਕੀ

## ਅਮਰੀਕੀ ਨਾਗਰਿਕਤਾ ਹਾਸਲ ਕਰਨ ਦੇ ਇੱਛੁਕ ਲੋਕਾਂ...

ਇਮੀਗ੍ਰੇਸ਼ਨ ਮਾਹਰਾਂ ਦਾ ਮੰਨਣਾ ਹੈ ਕਿ 2025 ਦੀ ਇਸ ਉਥਲ-ਪੁਥਲ ਤੋਂ ਬਾਅਦ ਹੁਣ 2026 'ਚ ਸਿਸਟਮ ਵਿਚ ਕੁਝ ਸੁਧਾਰ ਹੋਣ ਦੀ ਉਮੀਦ ਹੈ। ਹਾਲਾਂਕਿ, ਬਿਨੈਕਾਰਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਆਪਣੀਆਂ ਅਰਜ਼ੀਆਂ ਦਿੰਦੇ ਸਮੇਂ ਕਾਨੂੰਨੀ ਮਾਹਰਾਂ ਦੀ ਸਲਾਹ ਜ਼ਰੂਰ ਲੈਣ, ਤਾਂ ਜੋ ਕਿਸੇ ਵੀ ਤਰ੍ਹਾਂ ਦੀ ਤਕਨੀਕੀ ਗਲਤੀ ਤੋਂ ਬਚਿਆ ਜਾ ਸਕੇ।

ਅਮਰੀਕੀ ਇਮੀਗ੍ਰੇਸ਼ਨ ਵਿਭਾਗ ਵੱਲੋਂ ਆਉਣ ਵਾਲੇ ਮਹੀਨਿਆਂ 'ਚ ਕੁਝ ਨਵੀਆਂ ਗਾਈਡਲਾਈਨਜ਼ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ, ਜਿਸ ਨਾਲ ਪ੍ਰਕਿਰਿਆ ਵਿਚ ਪਾਰਦਰਸ਼ਤਾ ਲਿਆਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਸਫਾ 1 ਦਾ ਬਾਕੀ

## ਅਮਰੀਕਾ 'ਚ ਸਿੱਖਾਂ ਖਿਲਾਫ ਨਫ਼ਰਤੀ ਅਪਰਾਧਾਂ 'ਚ ਇੱਕ...

ਇਸ ਸੂਚੀ ਵਿਚ ਯਹੂਦੀ ਅਤੇ ਮੁਸਲਿਮ ਕੌਮ ਪਹਿਲੇ ਅਤੇ ਦੂਜੇ ਸਥਾਨ 'ਤੇ ਰਹੇ। ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਕਿ ਹਾਲ ਹੀ ਵਿਚ ਸੰਘੀ ਹੇਟ ਕ੍ਰਾਈਮ ਡਾਟਾ ਵਿਚ ਸਿੱਖ ਪਛਾਣ ਨੂੰ ਵੱਖਰੇ ਤੌਰ 'ਤੇ ਦਰਜ ਕੀਤਾ ਜਾਣ ਲੱਗਾ ਹੈ, ਜਿਸ ਨਾਲ ਇਸ ਕੌਮ ਖ਼ਿਲਾਫ਼ ਅਪਰਾਧਾਂ ਦੀ ਅਸਲ ਸਥਿਤੀ ਹੁਣ ਹੋਰ ਵੱਧ ਸਪੱਸ਼ਟ ਹੋ ਰਹੀ ਹੈ। ਰਿਪੋਰਟ ਮੁਤਾਬਕ ਅਮਰੀਕਾ ਵਿਚ ਲਾਤੀਨੀਆ ਅਤੇ ਸਿੱਖਾਂ ਨੂੰ ਬਹੁਤ ਜ਼ਿਆਦਾ ਨਿਸ਼ਾਨਾ ਬਣਾਇਆ ਗਿਆ, ਜਿਸ ਨਾਲ ਵੱਧਦੀ ਅਸਹਿਣਸ਼ੀਲਤਾ ਅਤੇ ਕਮਜ਼ੋਰ ਸਮੂਹਾਂ ਲਈ ਸੁਰੱਖਿਆ ਵਿਚ ਕਮੀਆਂ ਬਾਰੇ ਨਵੀਆਂ ਚਿੰਤਾਵਾਂ ਪੈਦਾ ਹੋ ਗਈਆਂ ਹਨ।

# ਅਮਰੀਕਾ ਵੱਲੋਂ ਈਰਾਨੀ ਬੰਦਰਗਾਹਾਂ ਦੀ ਨਾਕਾਬੰਦੀ ਲਈ 10 ਹਜ਼ਾਰ ਤੋਂ ਵੱਧ ਜਵਾਨ ਤਾਇਨਾਤ

ਵਾਸ਼ਿੰਗਟਨ/ਤਹਿਰਾਨ, (ਪੰਜਾਬ ਮੇਲ)- ਅਮਰੀਕਾ ਨੇ ਈਰਾਨ ਦੇ ਸਾਰੇ ਬੰਦਰਗਾਹਾਂ ਦੀ ਨਾਕਾਬੰਦੀ ਲਾਗੂ ਕਰਨ ਲਈ 10,000 ਤੋਂ ਵੱਧ ਜਲ ਸੈਨਾ ਦੇ ਜਵਾਨ, ਮਰੀਨ ਅਤੇ ਏਅਰਮੈਨ ਤਾਇਨਾਤ ਕਰ ਦਿੱਤੇ ਹਨ। ਇਸ ਮਿਸ਼ਨ ਤਹਿਤ ਸਮੁੰਦਰ ਵਿਚ ਇੱਕ ਦਰਜਨ ਤੋਂ ਵੱਧ ਜੰਗੀ ਜਹਾਜ਼ ਅਤੇ ਆਸਮਾਨ ਵਿਚ ਦਰਜਨਾਂ ਲੜਾਕੂ ਜਹਾਜ਼ ਤਾਇਨਾਤ ਕੀਤੇ ਗਏ ਹਨ, ਤਾਂ ਜੋ ਈਰਾਨ 'ਤੇ ਆਰਥਿਕ ਦਬਾਅ ਵਧਾਇਆ ਜਾ ਸਕੇ।

ਅਮਰੀਕੀ ਸੈਂਟਰਲ ਕਮਾਂਡ (CENTCOM) ਅਨੁਸਾਰ, ਨਾਕਾਬੰਦੀ ਦੇ ਪਹਿਲੇ 24 ਘੰਟਿਆਂ ਦੌਰਾਨ ਕੋਈ ਵੀ ਜਹਾਜ਼ ਅਮਰੀਕੀ ਘੇਰੇ ਨੂੰ ਪਾਰ ਨਹੀਂ ਕਰ ਸਕਿਆ। ਇਸ ਦੌਰਾਨ 6 ਮਾਲਵਾਹਕ ਜਹਾਜ਼ਾਂ ਨੂੰ ਅਮਰੀਕੀ ਫੌਜ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਵਾਪਸ ਓਮਾਨ ਦੀ ਖਾੜੀ ਸਥਿਤ ਈਰਾਨੀ ਬੰਦਰਗਾਹਾਂ ਵੱਲ ਮੁੜਨਾ ਪਿਆ। ਅਮਰੀਕਾ ਨੇ ਸਾਫ਼ ਚਿਤਾਵਨੀ ਦਿੱਤੀ ਹੈ ਕਿ ਈਰਾਨੀ ਬੰਦਰਗਾਹਾਂ ਨਾਲ ਵਪਾਰ ਕਰਨ ਵਾਲੇ ਜਹਾਜ਼ਾਂ ਨੂੰ ਸਮੁੰਦਰ ਵਿਚ ਡੁਬੋ ਦਿੱਤਾ ਜਾਵੇਗਾ। ਇਸ ਨਾਕਾਬੰਦੀ ਦਾ ਮੁੱਖ ਉਦੇਸ਼ ਈਰਾਨੀ ਬੰਦਰਗਾਹਾਂ ਜਿਵੇਂ ਕਿ ਬੰਦਰ ਅੱਬਾਸ, ਬੁਸ਼ਹਿਰ ਅਤੇ ਚਾਬਹਾਰ ਵਿਚ ਆਉਣ-ਜਾਣ ਵਾਲੇ ਜਹਾਜ਼ਾਂ ਨੂੰ ਰੋਕਣਾ ਹੈ, ਤਾਂ ਜੋ ਈਰਾਨ ਦਾ ਤੇਲ ਨਿਰਯਾਤ ਪੂਰੀ ਤਰ੍ਹਾਂ ਠੱਪ ਕੀਤਾ ਜਾ ਸਕੇ।

# 2029 ਦੀਆਂ ਚੋਣਾਂ ਤੱਕ 33 ਫ਼ੀਸਦੀ ਮਹਿਲਾ ਰਾਖਵਾਂਕਰਨ ਲਾਗੂ ਕਰਨ ਲਈ ਕਾਨੂੰਨਾਂ 'ਚ ਸੋਧਾਂ ਕਰਨ ਦੀ ਤਿਆਰੀ



ਨਵੀਂ ਦਿੱਲੀ, (ਪੰਜਾਬ ਮੇਲ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਕੈਬਨਿਟ ਨੇ ਮੌਜੂਦਾ ਕਾਨੂੰਨਾਂ ਵਿਚ ਸੋਧਾਂ ਨੂੰ ਮਨਜ਼ੂਰੀ ਦੇਣ ਲਈ ਤਿਆਰ ਖਿੱਚ ਲਈ ਹੈ, ਤਾਂ ਜੋ ਲੰਮੇ ਸਮੇਂ ਤੋਂ ਲਟਕ ਰਹੇ 33 ਫੀਸਦੀ ਮਹਿਲਾ ਰਾਖਵੇਂਕਰਨ ਨੂੰ 2029 ਦੀਆਂ ਲੋਕ ਸਭਾ ਚੋਣਾਂ ਤੱਕ ਲਾਗੂ ਕੀਤਾ ਜਾ ਸਕੇ।

ਇਸ ਉਦੇਸ਼ ਲਈ ਦੋ ਬਿੱਲਾਂ ਨੂੰ ਮਨਜ਼ੂਰੀ ਮਿਲਣ ਦੀ ਉਮੀਦ ਹੈ। ਪਹਿਲਾ ਬਿੱਲ 2023 ਦੇ 'ਨਾਰੀ ਸ਼ਕਤੀ ਵੰਦਨ ਕਾਨੂੰਨ' ਵਿਚ ਬਦਲਾਅ ਕਰਨ ਲਈ ਹੈ। ਮੌਜੂਦਾ ਕਾਨੂੰਨ ਮੁਤਾਬਕ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ ਔਰਤਾਂ ਲਈ ਇੱਕ ਤਿਹਾਈ ਸੀਟਾਂ ਉਦੋਂ ਹੀ ਰਾਖਵੀਆਂ ਹੋ ਸਕਦੀਆਂ ਹਨ, ਜਦੋਂ 2026 ਦੀ ਮਰਦਮਸ਼ੁਮਾਰੀ ਤੋਂ ਬਾਅਦ ਸੀਟਾਂ ਦੀ ਨਵੀਂ ਹੱਦਬੰਦੀ ਦਾ ਕੰਮ ਪੂਰਾ ਹੋ ਜਾਵੇਗਾ।

ਦੂਜੇ ਬਿੱਲ ਰਾਹੀਂ ਸੰਵਿਧਾਨ ਦੀ 84ਵੀਂ ਸੋਧ ਵਿਚ ਬਦਲਾਅ ਕਰਨ ਦੀ ਲੋੜ ਪਵੇਗੀ, ਜੋ ਭਾਰਤ ਵਿਚ 2026 ਤੱਕ ਸੀਟਾਂ ਦੀ ਹੱਦਬੰਦੀ ਦੀ ਪ੍ਰਕਿਰਿਆ 'ਤੇ ਰੋਕ ਲਗਾਉਂਦੀ ਹੈ। ਹੁਣ ਹੱਦਬੰਦੀ ਦੇ ਕੰਮ ਨੂੰ ਜਲਦੀ ਸ਼ੁਰੂ ਕਰਨ ਲਈ ਸਰਕਾਰ ਨੂੰ ਇਸ ਰੋਕ ਨੂੰ ਖ਼ਤਮ ਕਰਨਾ ਹੋਵੇਗਾ।

ਸਰਕਾਰ ਦੀ ਯੋਜਨਾ ਲੋਕ ਸਭਾ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿਚ ਸੀਟਾਂ ਦੀ ਗਿਣਤੀ 50 ਫੀਸਦੀ ਵਧਾਉਣ ਅਤੇ ਇਨ੍ਹਾਂ ਸਦਨਾਂ ਦੇ ਵਧੇ ਹੋਏ ਮੈਂਬਰਾਂ ਦੀ ਗਿਣਤੀ ਦੇ ਆਧਾਰ 'ਤੇ ਔਰਤਾਂ ਨੂੰ ਰਾਖਵਾਂਕਰਨ ਦੇਣ ਦੀ ਹੈ।

ਮਹਿਲਾ ਰਾਖਵਾਂਕਰਨ ਬਿੱਲ 1990 ਦੇ ਦਹਾਕੇ ਤੋਂ ਲਟਕ ਰਿਹਾ ਸੀ। ਸਾਲ 2023 ਵਿਚ ਨਵੇਂ ਸੰਸਦ ਭਵਨ ਵਿਚ ਸੰਸਦ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਜਾਣ ਵਾਲਾ ਇਹ ਪਹਿਲਾ ਵਿਧਾਨਿਕ ਬਿੱਲ ਸੀ।


RESIDENTIAL, COMMERCIAL AND SOLAR FARMS
with Singhsloar High performance Bifacial Smart Panels
ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ





ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ
ਸਿਰਫ਼ ਇਕ ਕਾਲ - ਵੱਡੀ ਬੱਚਤ
510-706-1300
singhsolarusa@gmail.com

# ਬਰਥਰਾਈਟ ਸਿਟੀਜ਼ਨਸ਼ਿਪ ਖਿਲਾਫ ਟਰੰਪ ਦੀ ਵੱਡੀ ਕਾਰਵਾਈ : ਕੀ ਬਦਲੇਗਾ ਅਮਰੀਕਾ ਦਾ ਕਾਨੂੰਨ?



ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



ਅਮਰੀਕਾ ਵਿਚ ਡੋਨਾਲਡ ਟਰੰਪ ਦੀ ਅਗਵਾਈ ਹੇਠ ਇਮੀਗ੍ਰੇਸ਼ਨ ਨੀਤੀਆਂ ਇੱਕ ਵੱਡੇ ਬਦਲਾਅ ਦੇ ਦੌਰ ਵਿਚੋਂ ਲੰਘ ਰਹੀਆਂ ਹਨ, ਜਿੱਥੇ "ਬਰਥ ਟੂਰਿਜ਼ਮ" ਅਤੇ "ਬਰਥਰਾਈਟ ਸਿਟੀਜ਼ਨਸ਼ਿਪ" ਦੋਵੇਂ ਹੀ ਗਰਮ ਮਸਲੇ ਬਣੇ ਹੋਏ ਹਨ। ਹਾਲੀਆ ਦਿਨਾਂ ਵਿਚ ਸਰਕਾਰ ਵੱਲੋਂ ਇਸ ਮਾਮਲੇ 'ਤੇ ਸਖ਼ਤੀ ਵਧਾਈ ਗਈ ਹੈ ਅਤੇ ਦੇਸ਼ ਭਰ ਵਿਚ ਨਵੀਆਂ ਜਾਂਚ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ, ਜਿਸ ਨਾਲ ਇਮੀਗ੍ਰੇਸ਼ਨ ਸਿਸਟਮ ਨੂੰ ਹੋਰ ਕੜਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

"ਬਰਥ ਟੂਰਿਜ਼ਮ" ਉਹ ਸਥਿਤੀ ਹੁੰਦੀ ਹੈ, ਜਦੋਂ ਕੋਈ ਵਿਦੇਸ਼ੀ ਮਹਿਲਾ ਅਮਰੀਕਾ ਵਿਚ ਸਿਰਫ਼ ਇਸ ਲਈ ਆਉਂਦੀ ਹੈ ਕਿ ਉਹ ਇੱਥੇ ਬੱਚੇ ਨੂੰ ਜਨਮ ਦੇਵੇ, ਤਾਂ ਜੋ ਉਸਦੇ ਬੱਚੇ ਨੂੰ ਅਮਰੀਕੀ ਨਾਗਰਿਕਤਾ ਮਿਲ ਜਾਵੇ। ਅਮਰੀਕਾ ਦਾ ਕਾਨੂੰਨ ਇਸ ਗੱਲ ਦੀ ਇਜਾਜ਼ਤ ਦਿੰਦਾ ਹੈ ਕਿ ਜਿਹੜਾ ਵੀ ਬੱਚਾ ਅਮਰੀਕਾ ਵਿਚ ਜਨਮ ਲੈਂਦਾ ਹੈ, ਉਹ ਆਪਣੇ ਆਪ ਨਾਗਰਿਕ ਬਣ ਜਾਂਦਾ ਹੈ।

ਇਹ ਨਿਯਮ ਬਰਥਰਾਈਟ ਸਿਟੀਜ਼ਨਸ਼ਿਪ ਦੇ ਅਧੀਨ ਆਉਂਦਾ ਹੈ, ਜੋ ਅਮਰੀਕਾ ਦੇ ਸੰਵਿਧਾਨ ਦੀ 14ਵੀਂ ਸੋਧ (**Fourteenth Amendment**) ਵਿਚ ਦਿੱਤਾ ਗਿਆ ਹੈ। ਇਸ ਸੋਧ ਮੁਤਾਬਕ, "ਅਮਰੀਕਾ ਵਿਚ ਜਨਮ ਲੈਣ ਵਾਲਾ ਹਰ ਵਿਅਕਤੀ ਨਾਗਰਿਕ ਹੈ।" ਇਹ ਕਾਨੂੰਨ ਕਈ ਸਾਲਾਂ ਤੋਂ ਲਾਗੂ ਹੈ ਅਤੇ ਇਸ ਨੇ ਲੱਖਾਂ ਲੋਕਾਂ ਨੂੰ ਨਾਗਰਿਕਤਾ ਦਿੱਤੀ ਹੈ। 14ਵੀਂ ਸੋਧ ਅਨੁਸਾਰ, "ਜੋ ਵੀ ਵਿਅਕਤੀ ਅਮਰੀਕਾ ਦੀ ਧਰਤੀ 'ਤੇ ਜਨਮ ਲੈਂਦਾ ਹੈ ਅਤੇ ਜਿਸ 'ਤੇ ਅਮਰੀਕਾ ਦੀ ਅਧਿਕਾਰ ਖੇਤਰ ਲਾਗੂ ਹੁੰਦੀ ਹੈ, ਉਹ ਅਮਰੀਕੀ ਨਾਗਰਿਕ ਹੈ।" ਇਹ ਕਾਨੂੰਨ 1868 ਵਿਚ ਲਾਗੂ ਕੀਤਾ ਗਿਆ ਸੀ ਅਤੇ ਇਸਦਾ ਮੁੱਖ ਮਕਸਦ ਗੁਲਾਮੀ ਖ਼ਤਮ ਹੋਣ ਤੋਂ ਬਾਅਦ ਸਾਰੇ ਲੋਕਾਂ ਨੂੰ ਬਰਾਬਰ ਨਾਗਰਿਕਤਾ ਦੇ ਹੱਕ ਦੇਣਾ ਸੀ।

ਇਸ ਕਾਨੂੰਨ ਦੇ ਤਹਿਤ, ਅੱਜ ਵੀ ਅਮਰੀਕਾ ਵਿਚ ਜਨਮ ਲੈਣ ਵਾਲਾ ਬੱਚਾ ਆਪਣੇ ਆਪ ਨਾਗਰਿਕ ਬਣ ਜਾਂਦਾ ਹੈ, ਚਾਹੇ ਉਸਦੇ ਮਾਪੇ ਕਿਸੇ ਵੀ ਦੇਸ਼ ਦੇ ਹੋਣ ਜਾਂ ਉਨ੍ਹਾਂ ਦਾ ਇਮੀਗ੍ਰੇਸ਼ਨ ਸਟੇਟਸ ਕੋਈ ਵੀ ਹੋਵੇ। ਇਹੀ ਕਾਰਨ ਹੈ ਕਿ ਦੁਨੀਆਂ ਭਰ ਤੋਂ ਕਈ ਲੋਕ ਅਮਰੀਕਾ ਨੂੰ ਇੱਕ ਮੌਕੇ ਦੇ ਦੇਸ਼ ਵਜੋਂ ਦੇਖਦੇ ਹਨ ਅਤੇ ਕਈ ਵਾਰੀ ਆਪਣੇ ਬੱਚਿਆਂ ਦੇ ਭਵਿੱਖ ਲਈ ਇੱਥੇ ਆ ਕੇ ਜਨਮ ਦਿਵਾਉਂਦੇ ਹਨ।

ਪਰ ਡੋਨਾਲਡ ਟਰੰਪ ਇਸ ਪ੍ਰਥਾ ਦੇ ਖ਼ਿਲਾਫ਼ ਕਾਫ਼ੀ ਸਮੇਂ ਤੋਂ ਖੁੱਲ੍ਹ ਕੇ ਬੋਲਦੇ ਆ ਰਹੇ ਹਨ। ਉਨ੍ਹਾਂ ਨੇ ਆਪਣੇ ਦੂਜੇ ਕਾਰਜਕਾਲ ਦੇ ਪਹਿਲੇ ਦਿਨ ਹੀ ਇੱਕ ਕਾਰਜਕਾਰੀ ਹੁਕਮ ਜਾਰੀ ਕਰਕੇ ਇਹ ਐਲਾਨ ਕੀਤਾ ਸੀ ਕਿ ਜਿਨ੍ਹਾਂ ਮਾਪਿਆਂ ਕੋਲ ਅਮਰੀਕੀ ਨਾਗਰਿਕਤਾ ਜਾਂ ਗ੍ਰੀਨ ਕਾਰਡ ਨਹੀਂ ਹੈ, ਉਨ੍ਹਾਂ ਦੇ ਬੱਚਿਆਂ ਨੂੰ ਆਟੋਮੈਟਿਕ ਨਾਗਰਿਕਤਾ ਨਾ ਦਿੱਤੀ ਜਾਵੇ। ਟਰੰਪ ਦਾ ਮੰਨਣਾ ਹੈ ਕਿ ਮੌਜੂਦਾ ਪ੍ਰਣਾਲੀ ਨੇ "ਬਰਥ ਟੂਰਿਜ਼ਮ" ਨੂੰ ਇੱਕ ਉਦਯੋਗ ਬਣਾਇਆ ਹੈ, ਜੋ ਅਮਰੀਕੀ ਕਾਨੂੰਨ ਦੀ ਆਤਮਾ ਦੇ ਖ਼ਿਲਾਫ਼ ਹੈ।

ਹੁਣ ਗੱਲ ਕਰੀਏ ਮੌਜੂਦਾ ਸਖ਼ਤੀ ਦੀ।

ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਵੱਲੋਂ ਸ਼ੁਰੂ ਕੀਤੀ ਗਈ "**Birth Tourism Initiative**" ਇਸ ਸਮੇਂ ਚਰਚਾ ਦਾ ਕੇਂਦਰ ਬਣੀ ਹੋਈ ਹੈ। ਇਸ ਮੁਹਿੰਮ ਦੀ ਅਗਵਾਈ ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨ ਕਰ ਰਹੀ ਹੈ, ਜੋ ਖ਼ਾਸ ਤੌਰ 'ਤੇ ਉਨ੍ਹਾਂ ਨੈੱਟਵਰਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ, ਜੋ ਵਿਦੇਸ਼ੀ ਗਰਭਵਤੀ ਮਹਿਲਾਵਾਂ ਨੂੰ ਅਮਰੀਕਾ ਲਿਆਉਣ ਲਈ ਝੂਠੀ ਜਾਣਕਾਰੀ, ਫਰਜ਼ੀ ਡਾਕੂਮੈਂਟ ਅਤੇ ਗਲਤ ਵੀਜ਼ਾ ਕਾਰਵਾਈ ਵਰਤਦੇ ਹਨ। ਇਹ ਨੈੱਟਵਰਕ ਕਈ ਵਾਰੀ ਹਜ਼ਾਰਾਂ ਡਾਲਰ ਲੈ ਕੇ ਪੂਰੇ ਪੈਕੇਜ ਤਿਆਰ ਕਰਦੇ ਹਨ—ਰਿਹਾਇਸ਼ ਤੋਂ ਲੈ ਕੇ ਹਸਪਤਾਲ ਤੱਕ— ਤਾਂ ਜੋ ਬੱਚੇ ਦਾ ਜਨਮ ਅਮਰੀਕਾ ਵਿਚ ਹੋਵੇ ਅਤੇ ਉਸਨੂੰ ਸਿੱਧੀ ਨਾਗਰਿਕਤਾ ਮਿਲ ਜਾਵੇ।

ਡੋਨਾਲਡ ਟਰੰਪ ਦਾ ਮੰਨਣਾ ਹੈ ਕਿ ਇਸ ਪ੍ਰਣਾਲੀ ਦਾ ਕਈ ਲੋਕ ਗਲਤ ਫਾਇਦਾ ਲੈ ਰਹੇ ਹਨ। ਇਸ ਲਈ ਉਨ੍ਹਾਂ ਨੇ ਇੱਕ ਕਾਰਜਕਾਰੀ ਹੁਕਮ ਜਾਰੀ ਕਰਕੇ ਕਿਹਾ ਸੀ ਕਿ ਜਿਹੜੇ ਮਾਪੇ ਅਮਰੀਕੀ ਨਾਗਰਿਕ ਜਾਂ ਗ੍ਰੀਨ ਕਾਰਡ ਹੋਲਡਰ ਨਹੀਂ ਹਨ, ਉਨ੍ਹਾਂ ਦੇ ਬੱਚਿਆਂ ਨੂੰ ਨਾਗਰਿਕਤਾ ਨਾ ਦਿੱਤੀ ਜਾਵੇ। ਪਰ ਇਹ ਹੁਕਮ ਅਦਾਲਤਾਂ ਨੇ ਰੋਕ ਦਿੱਤਾ, ਕਿਉਂਕਿ ਇਹ ਸਿੱਧਾ ਸੰਵਿਧਾਨ ਨਾਲ ਟਕਰਾਉਂਦਾ ਹੈ।

ਹੁਣ ਸਭ ਤੋਂ ਜ਼ਰੂਰੀ ਸਵਾਲ — ਕੀ 14ਵੀਂ ਸੋਧ ਨੂੰ ਬਦਲਿਆ ਜਾ ਸਕਦਾ ਹੈ?

ਜਵਾਬ ਹੈ — ਹਾਂ, ਪਰ ਬਹੁਤ ਮੁਸ਼ਕਲ ਹੈ। ਅਮਰੀਕਾ ਵਿਚ ਕਿਸੇ ਵੀ ਸੰਵਿਧਾਨਕ ਸੋਧ ਨੂੰ ਬਦਲਣ ਲਈ ਕਾਂਗਰਸ (ਹਾਊਸ ਅਤੇ ਸੈਨੇਟ) ਵਿਚ 2/3 ਬਹੁਮਤ ਚਾਹੀਦਾ ਹੁੰਦਾ ਹੈ। ਫਿਰ 50 ਵਿਚੋਂ 38 ਸੂਬਿਆਂ ਦੀ ਮਨਜ਼ੂਰੀ ਲੱਗਦੀ ਹੈ

ਇਸ ਕਰਕੇ ਇਹ ਪ੍ਰਕਿਰਿਆ ਬਹੁਤ ਲੰਮੀ ਅਤੇ ਮੁਸ਼ਕਲ ਹੈ। ਇਸ ਵੇਲੇ ਤੱਕ ਕੋਈ ਵੀ ਪੱਕਾ ਸੰਕੇਤ ਨਹੀਂ ਕਿ ਇੰਨਾ ਵੱਡਾ ਬਹੁਮਤ ਮਿਲ ਸਕਦਾ ਹੈ।

ਕਾਂਗਰਸ ਦੀ ਮੌਜੂਦਾ ਸਥਿਤੀ ਵੀ ਵੰਡੀ ਹੋਈ ਹੈ। ਰਿਪਬਲਿਕਨ ਪਾਰਟੀ ਦੇ ਕਈ ਨੇਤਾ ਬਰਥਰਾਈਟ ਸਿਟੀਜ਼ਨਸ਼ਿਪ ਨੂੰ ਸੀਮਤ ਕਰਨ ਦੇ ਹੱਕ ਵਿਚ ਹਨ। ਉਹ ਕਹਿੰਦੇ ਹਨ ਕਿ ਇਸ ਨਾਲ ਗਲਤ ਤਰੀਕੇ ਨਾਲ ਨਾਗਰਿਕਤਾ ਮਿਲ ਰਹੀ ਹੈ। ਦੂਜੇ ਪਾਸੇ, ਡੈਮੋਕ੍ਰੈਟਿਕ ਪਾਰਟੀ ਇਸਦਾ ਵਿਰੋਧ ਕਰਦੀ ਹੈ ਅਤੇ ਕਹਿੰਦੀ ਹੈ ਕਿ ਇਹ ਸੰਵਿਧਾਨਕ ਹੱਕ ਹੈ ਅਤੇ ਇਸਨੂੰ ਖਤਮ ਨਹੀਂ ਕੀਤਾ ਜਾ ਸਕਦਾ।

ਇਸ ਕਰਕੇ ਕਾਂਗਰਸ ਵਿਚ ਇਸ ਮਸਲੇ 'ਤੇ ਕੋਈ ਸਹਿਮਤੀ ਨਹੀਂ ਬਣ ਰਹੀ। ਇਸੇ ਲਈ ਇਹ ਮਾਮਲਾ ਹੁਣ ਜ਼ਿਆਦਾਤਰ ਅਦਾਲਤਾਂ ਵਿਚ ਲੜਿਆ ਜਾ ਰਿਹਾ ਹੈ, ਖ਼ਾਸ ਕਰਕੇ ਸੁਪਰੀਮ ਕੋਰਟ ਵਿਚ।

ਜੇ ਸੁਪਰੀਮ ਕੋਰਟ ਸਰਕਾਰ ਦੇ ਹੱਕ ਵਿਚ ਫੈਸਲਾ ਕਰਦੀ ਹੈ, ਤਾਂ ਬਰਥਰਾਈਟ ਸਿਟੀਜ਼ਨਸ਼ਿਪ 'ਤੇ ਕੁਝ ਪਾਬੰਦੀਆਂ ਆ ਸਕਦੀਆਂ ਹਨ। ਜੇ ਕੋਰਟ ਇਸਨੂੰ ਰੱਦ ਕਰਦੀ ਹੈ, ਤਾਂ ਮੌਜੂਦਾ ਕਾਨੂੰਨ ਜਿਵੇਂ ਦਾ ਤਿਵੇਂ ਰਹੇਗਾ। ਕਾਂਗਰਸ ਵੱਲੋਂ ਵੱਡਾ ਬਦਲਾਅ ਤੁਰੰਤ ਆਉਣਾ ਮੁਸ਼ਕਲ ਲੱਗਦਾ ਹੈ।

ਹਾਲਾਂਕਿ, ਇਹ ਮਾਮਲਾ ਇੰਨਾ ਸੌਖਾ ਨਹੀਂ ਹੈ। ਕਈ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ 14ਵੀਂ ਸੋਧ ਨੂੰ ਬਦਲੇ ਬਿਨਾਂ ਬਰਥਰਾਈਟ ਸਿਟੀਜ਼ਨਸ਼ਿਪ ਨੂੰ ਖਤਮ ਕਰਨਾ ਸੰਭਵ ਨਹੀਂ। ਇਸ ਕਾਰਨ ਕਈ ਫੈਡਰਲ ਅਦਾਲਤਾਂ ਨੇ ਟਰੰਪ ਦੇ ਇਸ ਹੁਕਮ 'ਤੇ ਰੋਕ ਲਾ ਦਿੱਤੀ ਹੈ ਅਤੇ ਹੁਣ ਇਹ ਮਾਮਲਾ ਸੁਪਰੀਮ ਕੋਰਟ ਵਿਚ ਵਿਚਾਰਧੀਨ ਹੈ। ਜੇਕਰ ਕੋਰਟ ਇਸ 'ਤੇ ਫੈਸਲਾ ਕਰਦੀ ਹੈ, ਤਾਂ ਇਹ ਅਮਰੀਕਾ ਦੇ ਇਮੀਗ੍ਰੇਸ਼ਨ ਇਤਿਹਾਸ ਦਾ ਇੱਕ ਸਭ ਤੋਂ ਵੱਡਾ ਫੈਸਲਾ ਹੋ ਸਕਦਾ ਹੈ।

ਦੁਨੀਆਂ ਦੇ ਹੋਰ ਦੇਸ਼ਾਂ ਨਾਲ ਤੁਲਨਾ ਕਰੀਏ, ਤਾਂ ਅਮਰੀਕਾ ਉਨ੍ਹਾਂ ਗਿਣਤੀ ਦੇ ਕੁਝ ਦੇਸ਼ਾਂ ਵਿਚੋਂ ਇੱਕ ਹੈ, ਜਿੱਥੇ ਜਨਮ ਦੇ ਆਧਾਰ 'ਤੇ ਨਾਗਰਿਕਤਾ ਮਿਲਦੀ ਹੈ। ਕੈਨੇਡਾ ਵੀ ਇਸ ਨੀਤੀ ਨੂੰ ਮੰਨਦਾ ਹੈ, ਪਰ ਯੂਰਪ ਦੇ ਬਹੁਤ ਸਾਰੇ ਦੇਸ਼ਾਂ ਵਿਚ ਇਹ ਪ੍ਰਣਾਲੀ ਨਹੀਂ ਹੈ। ਇਸ ਲਈ ਅਮਰੀਕਾ ਵਿਚ ਇਹ ਨਿਯਮ ਕਾਫ਼ੀ ਵਿਲੱਖਣ ਮੰਨਿਆ ਜਾਂਦਾ ਹੈ।

ਅੰਕੜਿਆਂ ਦੇ ਹਿਸਾਬ ਨਾਲ "ਬਰਥ ਟੂਰਿਜ਼ਮ" ਕੁੱਲ ਜਨਮਾਂ ਦਾ ਇੱਕ ਛੋਟਾ ਹਿੱਸਾ ਹੀ ਹੈ, ਪਰ ਰਾਜਨੀਤਿਕ ਤੌਰ 'ਤੇ ਇਹ ਇੱਕ ਵੱਡਾ ਮੁੱਦਾ ਬਣ ਗਿਆ ਹੈ। ਕੁਝ ਅੰਦਾਜ਼ਿਆਂ ਮੁਤਾਬਕ ਹਰ ਸਾਲ ਹਜ਼ਾਰਾਂ ਮਹਿਲਾਵਾਂ ਇਸ ਮਕਸਦ ਨਾਲ ਅਮਰੀਕਾ ਆਉਂਦੀਆਂ ਹਨ, ਜਦਕਿ ਕੁੱਲ ਜਨਮਾਂ ਦੀ ਗਿਣਤੀ ਲੱਖਾਂ ਵਿਚ ਹੁੰਦੀ ਹੈ। ਫਿਰ ਵੀ, ਇਸ ਮਸਲੇ ਨੂੰ ਲੈ ਕੇ ਡਿਬੇਟ ਜਾਰੀ ਹੈ ਕਿ ਕੀ ਇਹ ਪ੍ਰਥਾ ਕਾਨੂੰਨੀ ਪ੍ਰਣਾਲੀ ਦਾ ਗਲਤ ਇਸਤੇਮਾਲ ਹੈ ਜਾਂ ਨਹੀਂ।

ਪਿਛਲੇ ਕੁਝ ਸਾਲਾਂ ਵਿਚ ਸਰਕਾਰ ਨੇ ਇਸ ਤਰ੍ਹਾਂ ਦੇ ਕੇਸਾਂ 'ਤੇ ਕਾਰਵਾਈ ਵੀ ਕੀਤੀ ਹੈ। ਕੈਲੀਫੋਰਨੀਆ ਵਿਚ "ਬਰਥ ਹਾਊਸ" ਚਲਾਉਣ ਵਾਲੇ ਗਿਰੋਹਾਂ 'ਤੇ ਛਾਪੇ ਮਾਰੇ ਗਏ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਵੀ ਹੋਈਆਂ। ਇਹ ਸਾਰੇ ਕੇਸ ਇਸ ਗੱਲ ਦਾ ਸੰਕੇਤ ਦਿੰਦੇ ਹਨ ਕਿ ਸਰਕਾਰ ਇਸ ਮਾਮਲੇ ਨੂੰ ਹੁਣ ਗੰਭੀਰਤਾ ਨਾਲ ਲੈ ਰਹੀ ਹੈ। ਮੌਜੂਦਾ ਸਮੇਂ ਵਿਚ, ਅਮਰੀਕਾ ਵਿਚ ਰਹਿ ਰਹੇ ਲੱਖਾਂ ਪ੍ਰਵਾਸੀ ਪਰਿਵਾਰਾਂ ਲਈ ਇਹ ਮਾਮਲਾ ਬਹੁਤ ਮਹੱਤਵਪੂਰਨ ਹੈ। ਕਈ ਲੋਕ ਇੱਥੇ ਕਾਨੂੰਨੀ ਤੌਰ 'ਤੇ ਰਹਿ ਰਹੇ ਹਨ, ਕੰਮ ਕਰ ਰਹੇ ਹਨ ਅਤੇ ਆਪਣੇ ਬੱਚਿਆਂ ਦਾ ਭਵਿੱਖ ਇੱਥੇ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਲਈ ਬਰਥਰਾਈਟ ਸਿਟੀਜ਼ਨਸ਼ਿਪ ਇੱਕ ਸੁਰੱਖਿਆ ਅਤੇ ਮੌਕੇ ਦੀ ਨਿਸ਼ਾਨੀ ਹੈ।

ਇਸ ਪੂਰੇ ਮਾਮਲੇ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਅਮਰੀਕਾ ਦੀ ਇਮੀਗ੍ਰੇਸ਼ਨ ਨੀਤੀ ਇੱਕ ਵੱਡੇ ਬਦਲਾਅ ਦੇ ਦੌਰ ਵਿਚ ਹੈ। ਇੱਕ ਪਾਸੇ ਸਰਕਾਰ ਕਾਨੂੰਨੀ ਖਾਮੀਆਂ ਨੂੰ ਬੰਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਦੂਜੇ ਪਾਸੇ ਸੰਵਿਧਾਨਕ ਹੱਕਾਂ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਵੀ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ। ਆਉਣ ਵਾਲੇ ਸਮੇਂ ਵਿਚ ਸੁਪਰੀਮ ਕੋਰਟ ਦਾ ਫੈਸਲਾ ਇਹ ਤੈਅ ਕਰੇਗਾ ਕਿ ਬਰਥਰਾਈਟ ਸਿਟੀਜ਼ਨਸ਼ਿਪ ਦਾ ਭਵਿੱਖ ਕੀ ਹੋਵੇਗਾ ਅਤੇ ਇਹ ਅਮਰੀਕਾ ਦੇ ਇਮੀਗ੍ਰੇਸ਼ਨ ਸਿਸਟਮ ਨੂੰ

**ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਵੱਲੋਂ ਸ਼ੁਰੂ ਕੀਤੀ ਗਈ "Birth Tourism Initiative" ਇਸ ਸਮੇਂ ਚਰਚਾ ਦਾ ਕੇਂਦਰ ਬਣੀ ਹੋਈ ਹੈ। ਇਸ ਮੁਹਿੰਮ ਦੀ ਅਗਵਾਈ ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨ ਕਰ ਰਹੀ ਹੈ, ਜੋ ਖ਼ਾਸ ਤੌਰ 'ਤੇ ਉਨ੍ਹਾਂ ਨੈੱਟਵਰਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ, ਜੋ ਵਿਦੇਸ਼ੀ ਗਰਭਵਤੀ ਮਹਿਲਾਵਾਂ ਨੂੰ ਅਮਰੀਕਾ ਲਿਆਉਣ ਲਈ ਝੂਠੀ ਜਾਣਕਾਰੀ, ਫਰਜ਼ੀ ਡਾਕੂਮੈਂਟ ਅਤੇ ਗਲਤ ਵੀਜ਼ਾ ਕਾਰਵਾਈ ਵਰਤਦੇ ਹਨ। ਇਹ ਨੈੱਟਵਰਕ ਕਈ ਵਾਰੀ ਹਜ਼ਾਰਾਂ ਡਾਲਰ ਲੈ ਕੇ ਪੂਰੇ ਪੈਕੇਜ ਤਿਆਰ ਕਰਦੇ ਹਨ—ਰਿਹਾਇਸ਼ ਤੋਂ ਲੈ ਕੇ ਹਸਪਤਾਲ ਤੱਕ— ਤਾਂ ਜੋ ਬੱਚੇ ਦਾ ਜਨਮ ਅਮਰੀਕਾ ਵਿਚ ਹੋਵੇ ਅਤੇ ਉਸਨੂੰ ਸਿੱਧੀ ਨਾਗਰਿਕਤਾ ਮਿਲ ਜਾਵੇ।**

# ਖਾਲਸਾ ਹੋਵੈ ਖੁਦ ਖੁਦਾ ਜਿਮ ਖੂਬੀ ਖੂਬ ਖੁਦਾਇ



-ਡਾ. ਸਤਿੰਦਰ ਪਾਲ ਸਿੰਘ
ਈ : 1716 , ਰਾਜਾਜੀਪੁਰਮ
ਲਖਨਊ : 226017
ਈ ਮੇਲ : akaalpurakh.7@gmail.com
ਪੰਜਾਬ ਮੇਲ USA



ਸੰਨ 1699 ਦੀ ਵਿਸਾਖੀ ਦੇ ਦਿਨ ਆਨੰਦਪੁਰ ਸਾਹਿਬ ਵਿਚ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਨੇ ਸਿਫਤੀ ਦੇ ਘਰ ਦੀ ਕਲਪਨਾ ਨੂੰ ਸਾਕਾਰ ਕਰਦੇ ਹੋਏ ਉੱਚੇ-ਸੁੱਚੇ ਆਦਰਸ਼ਾਂ ਵਾਲਾ ਮਨੁੱਖੀ ਸਮਾਜ ਸਿਰਜਿਆ ਸੀ, ਜਿਸ ਵਿਚ ਦਾਖਲ ਹੋਣ ਦੀ ਯੋਗਤਾ ਸੀ ਸੰਤ ਸਿਪਾਹੀ ਹੋਣਾ। ਦੇਸ਼ ਕਾਲ ਦੇ ਵਿਗੜੇ ਹੋਏ ਹਾਲਾਤ ਨੇ ਆਤਮ ਹੀਣਤਾ ਦਾ ਜੋ ਵਿਆਪਕ ਵਾਤਾਵਰਨ ਬਣਾ ਦਿੱਤਾ ਸੀ। ਉਹ ਬੇਬਸ ਤੇ ਘੋਰ ਨਿਰਾਸ਼ ਕਰ ਰਿਹਾ ਸੀ। ਇਸ ਤੋਂ ਬਾਹਰ ਨਿਕਲਣ ਲਈ ਅਧਿਆਤਮਕ, ਸਮਾਜਿਕ ਹੀ ਨਹੀਂ, ਰਾਜਸੀ ਪੱਧਰ 'ਤੇ ਇੱਕ ਪ੍ਰਬਲ ਤੇ ਸੰਗਠਿਤ ਹਮਲੇ ਦੀ ਲੋੜ ਸੀ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਰਾਹੀਂ ਰੱਬੀ ਤਾਕਤ ਨੂੰ ਪ੍ਰਗਟ ਕੀਤਾ। ਖਾਲਸਾ ਇੱਕ ਸੰਕਲਪ ਸੀ, ਜੋ ਪ੍ਰਮਾਤਮਾ ਅੱਗੇ ਬਲ ਦੀ ਅਰਦਾਸ ਕਰਦਾ ਨਿਮਾਣਾ ਜਾਚਕ ਤੇ ਪ੍ਰਮਾਤਮਾ ਤੋਂ ਬੇਮੁਖਾਂ ਦੀ ਰਾਹ ਵਿਚ ਪਰਬਤ ਬਣ ਕੇ ਖੜ੍ਹਾ ਹੋਇਆ ਜੋਧਾ ਸੀ। ਲੱਖਾਂ ਹੀ ਲੋਕ ਕਮਜ਼ੋਰ, ਅਨਾਥ, ਦੁਖੀਏ, ਜਾਬਰਾਂ ਦੇ ਹੇਠ ਮਿੱਧੇ ਹੋਏ ਤੇ ਮਿੱਧੇ ਜਾ ਰਹੇ ਨਿਤਾਣੇ, ਨਿਮਾਣੇ, ਨਿਆਸਰੇ ਰੁੱਲ ਰਹੇ ਸਨ। ਖਾਲਸਾ ਦਾ ਜਨਮ ਉਨ੍ਹਾਂ ਦਾ ਆਸਰਾ ਬਣਨ ਤੇ ਜੀਵਨ ਬਦਲਣ ਲਈ ਹੋਇਆ ਸੀ। ਖਾਲਸਾ ਦਾ ਜ਼ੋਰ ਕਿਸੇ ਨੂੰ ਡਰਾਉਣ ਲਈ ਨਹੀਂ ਪਰ ਜਾਬਰ ਤੋਂ ਡਰਨ ਲਈ ਵੀ ਨਹੀਂ ਸੀ। ਖਾਲਸਾ ਦਾ ਨਿਸ਼ਚਾ ਜਬਰ ਨਾ ਹੋਣ ਦੇਣ ਦਾ ਸੀ। ਖਾਲਸਾ ਦੀ ਸਫਲਤਾ ਸੱਚ ਤੇ ਧਰਮ ਦਾ ਜੀਵਨ, ਸੱਚ ਆਚਰਣ ਤੇ ਪਰੋਪਕਾਰ ਕਰਨ ਵਿਚ ਸੀ। ਪ੍ਰਮਾਤਮਾ ਅੱਗੇ ਖਾਲਸਾ ਦਾ ਸਮਰਪਣ ਆਪਣੇ ਜੀਵਨ ਨੂੰ ਪ੍ਰਮਾਤਮਾ ਦੇ ਅਨੁਕੂਲ ਕਰ ਦੇਣਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਲੋਹੇ ਦੇ ਬਾਟੇ ਵਿਚ ਜਲ ਤੋਂ ਅੰਮ੍ਰਿਤ ਤਿਆਰ ਕਰ ਖਾਲਸਾ ਨੂੰ ਮਾਨਸ ਤੋਂ ਦੇਵਤਾ ਬਣਾਉਣ ਦਾ ਨਿਰਾਲਾ ਕੌਤਕ ਵਰਤਾਇਆ, ਜੋ ਮਨੁੱਖਤਾ ਤੇ ਮਹਾਨ ਉਪਕਾਰ ਸੀ। ਗੁਰੂ ਸਾਹਿਬ ਦਾ ਖਾਲਸਾ ਸਿਫਤਾਂ ਦਾ ਘਰ ਬਣਿਆ। ਉਹ ਧਰਮ ਤੇ ਦ੍ਰਿੜ੍ਹ ਰਹਿਣ ਵਾਲਾ ਨਿਰਭਉ ਸਿਪਾਹੀ ਸੀ, ਪ੍ਰਮਾਤਮਾ ਦੀ ਭਗਤੀ ਵਿਚ ਰਮਿਆ ਹੋਇਆ ਨਿਰਵੈਰ ਸਾਧਕ ਸੀ। ਖਾਲਸਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਵੱਖ ਪਛਾਣ ਬਖਸ਼ੀ। ਇਹ ਵੱਖ ਪਛਾਣ ਸਵਰੂਪ ਦੇ ਨਾਲ ਹੀ ਸੋਚ ਦੀ, ਜੀਵਨ ਜਾਚ ਦੀ ਤੇ ਧਾਰਮਿਕ, ਸਮਾਜਿਕ ਆਚਾਰ, ਵਿਵਹਾਰ ਦੀ ਵੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨੂੰ ਆਪਣੇ ਜਿਹਾ ਹੀ ਬਣਾਇਆ "ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ"। ਗੁਰੂ ਰਾਮਦਾਸ ਜੀ ਦੇ ਵਚਨ ਨੂੰ ਹਕੀਕਤ ਰੂਪ ਦਿੰਦੇ ਹੋਏ ਦਸਮ ਪਿਤਾ ਆਪ ਖਾਲਸਾ ਵਿਚ ਵਰਤੈ, ਆਪਣੇ ਸਾਰੇ ਗੁਣ ਖਾਲਸਾ ਵਿਚ ਬੀਜੇ। ਖਾਲਸਾ ਨੂੰ ਆਪਣੇ ਜਿਹਾ ਹੀ ਧੀਰ ਗੰਭੀਰ, ਧਰਮ ਲਈ ਸੰਕਲਪਬੱਧ, ਰਹਿਤਵੰਤ ਬਣਾਇਆ, ਜਿਸ ਦਾ ਕਾਰਜ ਗੁਰੂ ਸਾਹਿਬ ਨੇ ਸਾਲ ਦੀ ਆਯੂ ਵਿਚ ਗੁਰਗੱਦੀ 'ਤੇ ਵਿਰਾਜਮਾਨ ਹੁੰਦਿਆਂ ਹੀ ਆਰੰਭ ਕਰ ਦਿੱਤਾ ਸੀ। ਖਾਲਸਾ ਧਾਰਮਿਕ, ਅਧਿਆਤਮਕ ਗਿਆਨ ਵਿਚ ਪ੍ਰਵੀਨ, ਅਸਤਰ-ਸ਼ਸਤਰ ਵਿਦਿਆ ਵਿਚ ਮਾਹਿਰ, ਸਮਾਜਿਕ, ਆਰਥਿਕ ਜ਼ਿੰਮੇਵਾਰੀ ਪ੍ਰਤੀ ਸੁਚੇਤ ਪ੍ਰਮਾਤਮਾ ਭਗਤੀ ਵਿਚ ਰਮਿਆ ਹੋਇਆ ਇੱਕ ਅਜਿਹਾ ਮਨੁੱਖੀ ਕਿਰਦਾਰ ਸੀ, ਜਿਸ ਦੀ ਰਾਹ ਵਿਚ ਕਿਸੇ ਵੀ ਵਿਘਨ ਦਾ ਟਿਕ ਸਕਣਾ ਅਸੰਭਵ ਸੀ "ਨਿਸਚੈ ਕਰ ਅਪਨੀ ਜੀਤ ਕਰੋਂ"।

ਸੰਸਾਰ ਅੰਦਰ ਬਹੁਤ ਸਾਰੇ ਲੋਕ ਹੋਏ ਜੋ ਨਿਰਭੈ ਸਨ, ਜਿਨ੍ਹਾਂ ਅੰਦਰ ਜਿੱਤ ਦਾ ਜਜ਼ਬਾ ਸੀ ਪਰ ਸ਼ੁਭ ਕਰਮਾਂ ਲਈ ਜਿੱਤ ਪ੍ਰਾਪਤ ਕਰਨ ਦਾ ਸੰਕਲਪ ਕੇਵਲ ਖਾਲਸਾ ਅੰਦਰ ਹੀ ਪੈਦਾ ਹੋਇਆ। ਕਿਉਂਕਿ ਉਹ ਗੁਰੂ ਦਾ ਸਮਰਪਿਤ ਸਿੱਖ ਸੀ, ਜਿਸ ਦੀ ਪਹਿਲੀ ਤੇ ਅੰਤਿਮ ਇੱਛਾ ਪ੍ਰਮਾਤਮਾ ਭਗਤੀ ਵਿਚ ਲੀਨ ਰਹਿਣਾ ਸੀ "ਅਰੁ ਸਿੱਖ ਹੋ ਅਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ"। ਪ੍ਰਮਾਤਮਾ ਵਿਚ ਸਦਾ ਲਿਵ ਲੱਗੀ ਰਹਿਣ ਦੀ ਭਾਵਨਾ ਨੇ ਖਾਲਸਾ ਨੂੰ ਆਤਮ ਵਿਸ਼ਵਾਸ ਨਾਲ ਭਰਪੂਰ ਕਰ ਦਿੱਤਾ। ਉਸ ਦਾ ਭਰੋਸਾ ਸਦਾ ਲਈ ਪ੍ਰਮਾਤਮਾ 'ਤੇ ਟਿਕ ਗਿਆ। ਇਹ ਜਾਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਿਖਾਈ, ਜਦੋਂ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਉਨ੍ਹਾਂ ਪ੍ਰਮਾਤਮਾ ਦਾ ਹੁਕਮ ਮੰਨ ਕੇ ਸਹਿਜ ਭਾਵ ਨਾਲ ਸਵੀਕਾਰ ਕੀਤਾ, ਚਾਰੋਂ ਸਾਹਿਬਜ਼ਾਦੇ ਧਰਮ ਹਿੱਤ ਵਾਰ ਕੇ ਵਚਨ ਕੀਤਾ "ਕਮਾਲਿ ਕਰਾਮਾਤ ਕਾਯਮ ਕਰੀਮ, ਰਜ਼ਾ ਬਖ਼ਸ਼ ਰਾਜ਼ਕ ਰਿਹਾਕੋ ਰਹੀਮ"। ਸੰਸਾਰ ਵਿਚ ਦੂਜਾ ਕੋਈ ਵੀ ਹੁੰਦਾ, ਵਿਪਦਾ ਆਉਣ 'ਤੇ ਡੋਲ ਜਾਂਦਾ, ਨਿਰਾਸ਼ ਹੋ ਜਾਂਦਾ ਪਰ ਆਪਣੇ ਨਗਰ ਆਨੰਦਪੁਰ ਸਾਹਿਬ ਦੇ ਵਿਛੋੜੇ, ਚਾਰੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ, ਮਾਤਾ ਗੁਜਰੀ ਜੀ ਦੀ ਸ਼ਹੀਦੀ, ਪਰਿਵਾਰ, ਸਿੱਖਾਂ ਦੇ ਖਿੰਡਰ ਜਾਣ ਤੋਂ ਬਾਅਦ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਮਾਤਮਾ ਦੀ ਸ਼ਕਤੀਆਂ 'ਤੇ ਭਰੋਸਾ ਰੱਖਦੇ ਹੋਏ ਉਸ ਵਿਚ ਬਖਸ਼ੰਦ, ਆਨੰਦ ਦਾਤਾ, ਅੰਨਦਾਤਾ ਤੇ ਬੰਦੀਛੋੜ ਕ੍ਰਿਪਾਲੂ ਦਾ ਅਕਸ ਵੇਖਿਆ ਸੀ। ਅੰਮ੍ਰਿਤ ਪਾਨ ਤੋਂ ਬਾਅਦ ਸਜੇ ਖਾਲਸਾ ਵਿਚ ਵੀ ਇਹ ਗੁਣ ਵਿਕਸਿਤ ਹੋਣ ਲੱਗ ਪਏ ਸਨ। ਆਨੰਦਪੁਰ ਸਾਹਿਬ ਵਿਚ ਚਾਰ ਸਾਲ ਨਿਰੰਤਰ ਚੱਲੀਆਂ ਜੰਗਾਂ, ਸੀਮਤ ਹਥਿਆਰਾਂ, ਪਦਾਰਥਾਂ, ਗਿਣਤੀ ਦੇ ਬਾਵਜੂਦ ਸਿੱਖ ਪੂਰੇ ਹੌਂਸਲੇ ਨਾਲ ਜੂਝਦੇ ਰਹੇ, ਔਂਕੜਾਂ ਦਾ ਸਾਹਮਣਾ ਦਲੇਰੀ ਨਾਲ ਕਰਦੇ ਰਹੇ ਤੇ ਵੈਰੀ ਨੂੰ ਨੇੜੇ ਵੀ ਨਾ ਆਉਣ ਦਿੱਤਾ। ਆਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਅਚਨਚੇਤ ਹੋਏ ਹਮਲੇ ਦਾ ਮੂੰਹ ਤੋੜ ਜਵਾਬ ਦਿੱਤਾ, ਸਰਸਾ ਦੇ ਹੜ੍ਹ ਵਿਚ ਵੀ ਉਤਰ ਗਏ, ਚਾਲੀ ਸਿੱਖ ਬਚੇ, ਫਿਰ ਵੀ ਚਮਕੌਰ ਦੀ ਜੰਗ ਵਿਚ ਦੱਸ ਲੱਖ ਦੀ ਵੈਰੀ ਫੌਜ ਨੂੰ ਪੂਰਾ ਦਿਨ ਪੁਰਜ਼ੋਰ ਟਾਕਰਾ ਦਿੰਦੇ ਹੋਏ ਅਜਿੱਤ ਰਹੇ ਸਨ। ਇਹ ਪ੍ਰਮਾਤਮਾ 'ਤੇ ਅਡੋਲ ਟੇਕ, ਉਸ ਟੇਕ ਤੋਂ ਪੈਦਾ ਹੋਈ ਸ਼ੁਭ ਕਰਮਾਂ ਲਈ ਜਿੱਤ ਦੀ ਆਸ ਤੇ ਨਿਸ਼ਚਾ ਹੀ ਸੀ। ਖਾਲਸਾ ਦੀ ਇਹ ਰਿਵਾਇਤ ਬਣਦੀ ਗਈ ਹੈ। ਹਰ ਕਾਰਜ ਆਰੰਭ ਕਰਨ ਤੋਂ ਪਹਿਲਾਂ ਵਾਹਿਗੁਰੂ, ਅਕਾਲ ਪੁਰਖ ਅੱਗੇ ਅਰਦਾਸ ਕਰ ਹੁਕਮ ਲੈਣਾ ਸਿੱਖ ਦੇ ਕਾਰਜ ਨੂੰ ਮਰਿਆਦਾ ਵਿਚ ਬੰਨ੍ਹ ਦਿੰਦਾ ਹੈ। ਅਰਦਾਸ ਕੀਤਾ ਸਿੱਖ ਦਾ ਹਰ ਕਾਰਜ ਧਰਮ ਦਾ ਕਾਰਜ ਹੋ ਜਾਂਦਾ ਹੈ। ਉਹ ਸਚਿਆਰ, ਸ਼ੁਭ ਕਰਮ ਬਣ ਜਾਂਦਾ ਹੈ "ਏਕੋ ਧਰਮੁ ਦ੍ਰਿੜੈ ਸਚੁ ਕੋਈ"। ਸੱਚ ਧਾਰਨ ਕਰਨਾ, ਸੱਚ 'ਤੇ ਚੱਲਣਾ, ਸੱਚ ਲਈ ਖੜ੍ਹੇ ਹੋਣਾ ਹੀ ਖਾਲਸਾ ਦਾ ਧਰਮ ਹੈ। ਸੱਚ ਹਰ ਯੁੱਗ ਵਿਚ ਜਿੱਤਦਾ ਆਇਆ ਹੈ। ਵਰਤਮਾਨ ਯੁੱਗ ਵਿਚ ਸਿੱਖ - ਖਾਲਸਾ ਸੱਚ ਦਾ ਪ੍ਰਮੁੱਖ ਧਾਰਕ ਬਣ ਕੇ ਉਭਰਿਆ ਹੈ। ਗੁਰੂ ਕਾਲ ਤੋਂ ਬਾਅਦ ਵੀ ਸਿੱਖਾਂ ਦੇ ਰਾਜ ਆਏ ਤੇ ਗਏ, ਸਿੱਖਾਂ ਦੀ ਆਬਾਦੀ ਨੂੰ ਹੀ ਮਿਟਾਉਣ ਦੇ ਜਤਨ ਹੋਏ, ਭਿੰਨ-ਭਿੰਨ ਪਾਬੰਦੀਆਂ ਲਾ ਕੇ ਉਨ੍ਹਾਂ ਦਾ ਧਾਰਮਿਕ ਵਿਸ਼ਵਾਸ ਹੀ ਖਤਮ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ, ਸਿੱਖਾਂ ਦੀ ਆਸਥਾ ਦੇ ਸਭ ਤੋਂ ਵੱਡੇ ਕੇਂਦਰ ਨੂੰ ਵਾਰ-ਵਾਰ ਢਾਇਆ ਗਿਆ ਪਰ ਸਿੱਖ ਨੇ ਨਾ ਕਦੇ ਆਪਣੀ ਆਸ ਛੱਡੀ, ਨਾ ਹੀ ਨਿਰਾਸ਼ ਹੋ ਕੇ ਸਥਿਤੀਆਂ ਨਾਲ ਸਮਝੌਤਾ ਕੀਤਾ ਕਿਉਂਕਿ ਉਸ ਨੇ ਪ੍ਰਮਾਤਮਾ 'ਤੇ ਕਦੇ ਭਰੋਸਾ ਨਹੀਂ ਛੱਡਿਆ। ਅਰਦਾਸ ਨੂੰ ਖਾਲਸਾ ਨੇ ਆਪਣਾ ਧਾਰਮਿਕ ਹੀ ਨਹੀਂ, ਸਮਾਜਿਕ ਸੱਭਿਆਚਾਰ ਵੀ ਬਣਾ ਲਿਆ ਤੇ ਸਦਾ ਉਸ ਤੋਂ ਤਾਕਤ ਪ੍ਰਾਪਤ ਕਰ ਆਪਣੇ ਅੰਤਰ ਬਲ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਹੈ "ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ"। ਗੁਰੂ ਤੇਗ ਬਹਾਦਰ ਸਾਹਿਬ ਦੀ ਉਚਾਰੀ ਇਹ ਪੰਕਤੀ ਪ੍ਰਮਾਤਮਾ 'ਤੇ ਭਰੋਸੇ ਦਾ ਸ਼ਿਖਰ ਹੈ। ਪੂਰਾ ਸੰਸਾਰ ਸਿੱਖਾਂ ਦੀ ਸੰਕਲਪ ਸ਼ਕਤੀ ਨੂੰ ਵੇਖ ਕੇ ਅਚੰਭਿਤ ਰਹਿ ਜਾਂਦਾ ਹੈ ਪਰ ਦਰਅਸਲ ਉਹ ਸੰਕਲਪ ਸ਼ਕਤੀ ਪ੍ਰਮਾਤਮਾ ਦੇ ਸਦਾ ਅੰਗ-ਸੰਗ ਹੋਣ ਕਾਰਨ ਆਕਾਰ ਲੈਂਦੀ ਹੈ। ਪ੍ਰਮਾਤਮਾ ਦੇ ਸਦਾ ਅੰਗ-ਸੰਗ ਹੋਣ ਦੀ ਪ੍ਰਤੀਤ ਖਾਲਸਾ ਨੂੰ ਕਦੇ ਬੇਆਸ ਨਹੀਂ ਹੋਣ ਦਿੰਦੀ, ਕਦੇ ਸ਼ੁਭ ਕਰਮਾਂ ਤੋਂ ਡਿੱਗਣ ਨਹੀਂ ਦਿੰਦੀ। ਜਦੋਂ ਪੂਰਾ ਹਿੰਦੁਸਤਾਨ ਅਹਿਮਦ ਸ਼ਾਹ ਅਬਦਾਲੀ ਦੀ ਤਾਕਤ ਤੋਂ ਕੰਬ ਰਿਹਾ ਸੀ, ਸਹਿਮ ਕੇ ਆਤਮ ਸਮਰਪਣ ਕਰ ਚੁੱਕਿਆ ਸੀ, ਖਾਲਸਾ ਨੇ ਹੀ ਉਸ ਦੀ ਰਾਹ ਵਿਚ ਚੱਟਾਨ ਵਾਂਗੂੰ ਖੜ੍ਹੇ ਹੋ ਕੇ ਦੇਸ਼ ਦੀ ਪਤਿ ਬਚਾਈ ਸੀ। ਅਬਦਾਲੀ ਦੇ ਦੰਦ ਇੰਨੇ ਖੱਟੇ ਕੀਤੇ ਕਿ ਉਸ ਨੇ ਮੁੜ ਹਿੰਦੁਸਤਾਨ ਨਾ ਆਉਣ ਦੀ ਕਸਮ ਖਾ ਲਈ ਸੀ। ਖਾਲਸਾ ਦੇ ਕਾਰਜ ਦੀ ਸੱਚਾਈ ਨੇ ਉਸ ਨੂੰ ਅਜਿੱਤ ਬਣਾਇਆ ਹੈ "ਸਚਹੁ ਓਰੈ ਸਭੁ ਕੋ ਊਪਰਿ ਸਚੁ ਆਚਾਰੁ"। ਗੁਰੂ ਗੋਬਿੰਦ ਸਿੰਘ ਜੀ ਜਾਣਦੇ ਸਨ ਕਿ ਸੱਚ ਹੀ ਪ੍ਰਮਾਤਮਾ ਨਾਲ ਜੋੜੇ ਰੱਖਣ ਵਾਲੀ ਖਾਲਸਾ ਦੀ ਤਾਕਤ ਹੈ, ਇਸ ਕਾਰਨ ਹੀ ਉਨ੍ਹਾਂ ਜੀਵਨ ਰਹਿਤ, ਆਚਾਰ ਨੂੰ ਕੇਂਦਰ ਵਿਚ ਰੱਖ ਕੇ ਹੀ ਖਾਲਸਾ ਸਾਜਿਆ ਸੀ ਤੇ ਜੋ ਉਸ ਜੋਗ ਸਨ, ਉਨ੍ਹਾਂ ਨੂੰ ਹੀ ਅੰਮ੍ਰਿਤ ਪਾਨ ਕਰਾਇਆ ਸੀ "ਮੈ ਬਧੀ ਸਚੁ ਧਰਮ ਸਾਲ ਹੈ ਗੁਰਸਿਖਾ ਲਹਦਾ ਭਾਲਿ ਕੈ"। ਰਹਿਤ ਤੋਂ ਵੇਮੁਖ, ਆਚਾਰ ਤੋਂ ਵਿਹੀਨ ਖਾਲਸਾ ਗੁਰੂ ਸਾਹਿਬ ਨੂੰ ਪ੍ਰਤੀਤ ਵਿਚ ਵੀ ਪ੍ਰਵਾਨ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਜੀਵਨ ਰਹਿਤ ਮਰਿਆਦਾ ਦੀ ਪਰਿਭਾਸ਼ਾ ਹੈ। ਇਹ ਰਹਿਤ ਪ੍ਰਮਾਤਮਾ ਪ੍ਰਤੀ ਅਡੋਲ ਵਿਸ਼ਵਾਸ ਤੇ ਆਸ ਤੋਂ ਹੀ ਆਰੰਭ ਉਪਜੀ ਸੀ। ਮਰਿਆਦਾ ਵਿਚ ਬੰਨ੍ਹ ਕੇ ਲਾਏ ਗਏ ਸਾਰੇ ਮੋਰਚੇ ਸਫਲ ਹੋਏ ਹਨ। ਸੰਸਾਰ ਵਿਚ ਸਭ ਤੋਂ ਲੰਮਾ ਚੱਲਣ ਵਾਲਾ ਜੈਤੋ ਦਾ ਮੋਰਚਾ ਅਰਦਾਸ ਤੇ ਵਿਸ਼ਵਾਸ ਦੇ ਭਰੋਸੇ ਤੇ ਜਿੱਤ ਕੇ ਸਿੱਖਾਂ ਨੇ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਸੀ।

ਪ੍ਰਮਾਤਮਾ ਨਾਲ ਅਟੁੱਟ ਜੁੜ ਕੇ ਖਾਲਸਾ ਅੰਦਰ ਆਨੰਦ ਦੀ ਅਵਸਥਾ ਦਾ ਸਿਰਜਣ ਹੋਇਆ। ਇਸ ਨੂੰ ਚੜ੍ਹਦੀਕਲਾ ਵੀ ਕਿਹਾ ਜਾਂਦਾ ਹੈ ਕਿਉਂਕਿ ਪ੍ਰਮਾਤਮਾ ਨਾਲ ਅਟੁੱਟ ਸੰਬੰਧ ਸਦੀਵੀ ਆਸ ਦਾ ਕਾਰਨ ਬਣਿਆ। ਗੁਰਸਿੱਖ ਦਾ ਜੀਵਨ ਆਨੰਦ ਦਾ ਜੀਵਨ ਹੈ। ਉਹ ਜੰਗਲਾਂ, ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਰਿਹਾ। ਘੋੜਿਆਂ ਦੀਆਂ ਕਾਠੀਆਂ 'ਤੇ ਸੁੱਤਾ, ਕਈ-ਕਈ ਦਿਨ ਭੁੱਖਾ, ਤ੍ਰਿਹਾਇਆ ਰਿਹਾ ਤਾਂ ਵੀ ਆਨੰਦ ਵਿਚ ਸੀ ਤੇ ਖੋਤਿਆਂ, ਗੱਡਿਆਂ 'ਤੇ ਟੈਕਸ ਲਾ ਕੇ ਆਪਣੀ ਹੋਂਦ ਨੂੰ ਪ੍ਰਗਟ ਕੀਤਾ। ਜਿਸ ਨੇ ਇੱਕ ਨੂੰ ਸਵਾ ਲੱਖ, ਕੱਟੇ ਨੂੰ ਹਾਥੀ, ਹਰੇ ਛੋਲਿਆਂ ਨੂੰ ਸਾਊਗੀ, ਗੱਡੇ ਨੂੰ ਜਹਾਜ਼ ਤੇ ਟਿੰਡੇ ਨੂੰ ਲੱਡੂ ਕਹਿਣਾ ਸਿਖ ਲਿਆ ਹੋਵੇ, ਉਸ ਦੇ ਜੀਵਨ ਵਿਚ ਆਨੰਦ ਦਾ ਕਿੰਨਾ ਪ੍ਰਵਾਹ ਹੋਵੇਗਾ, ਇਸ ਨੂੰ ਸਹਿਜ ਹੀ ਸਮਝਿਆ ਜਾ ਸਕਦਾ ਹੈ। ਸਿੱਖ ਦੇ ਆਨੰਦ ਦਾ ਸ੍ਰੋਤ ਗੁਰੂ, ਗੁਰ ਸ਼ਬਦ ਹੈ "ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ"। ਆਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਖਾਲਸਾਈ ਤਾਕਤ ਨੂੰ ਇੱਕ ਤੋਂ ਬਾਅਦ ਇੱਕ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਕਦੇ ਨਾ ਪੂਰੀ ਹੋਣ ਵਾਲੀ ਘਾਟ ਸਹਿਣ ਕਰਨੀ ਪਈ ਪਰ ਪ੍ਰਮਾਤਮਾ 'ਤੇ ਭਰੋਸੇ ਨੇ ਛੇਤੀ ਹੀ ਇੱਕ ਵਾਰ ਫਿਰ ਖਾਲਸਾ ਦੀ ਚੜ੍ਹਦੀਕਲਾ ਪ੍ਰਗਟ ਕਰ ਦਿੱਤੀ। ਲੱਖੀ ਜੰਗਲ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਜੇ ਦਰਬਾਰ ਦੀ ਸ਼ੋਭਾ ਆਨੰਦਪੁਰ ਵਰਗੀ ਹੀ ਜਾਪਣ ਲੱਗ ਪਈ। ਖਾਲਸਾ ਫੌਜ ਮੁੜ ਸੰਗਠਿਤ ਹੋਈ ਤੇ ਮੁਕਤਸਰ ਦੀ ਜੰਗ ਵਿਚ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ। ਦਸਮ ਪਿਤਾ ਦਾ ਦਮਦਮਾ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨਤਾ ਪ੍ਰਦਾਨ ਕਰਨਾ, ਧਰਮ ਪ੍ਰਚਾਰ ਦਾ ਕਾਰਜ ਆਰੰਭ ਕੀਤਾ ਜਾਣਾ ਸਿੱਖਾਂ ਦੀ ਚੜ੍ਹਦੀਕਲਾ ਦੀ ਵੀ ਗਵਾਹੀ ਦਿੰਦਾ ਹੈ। ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਵਿਚ ਗੁਰੂ ਸਾਹਿਬ ਨੇ ਵੱਡੀ ਗਿਣਤੀ ਵਿਚ ਸਥਾਨਕ ਲੋਕਾਂ ਨੂੰ ਅੰਮ੍ਰਿਤ ਪਾਨ ਕਰਾ ਕੇ ਸਿੰਘ ਬਣਾਇਆ ਸੀ। ਪੂਰਾ ਸਿੱਖ ਇਤਿਹਾਸ ਜੰਗਾਂ, ਸੰਘਰਸ਼ਾਂ, ਮੋਰਚਿਆਂ, ਸ਼ਹੀਦੀਆਂ ਤੇ ਜਬਰ-ਜ਼ੁਲਮ ਨਾਲ ਲਗਾਤਾਰ ਟਾਕਰੇ ਦਾ ਇਤਿਹਾਸ ਹੈ ਪਰ ਸਿੱਖ ਕਦੇ ਵੀ ਗੁਰੂ, ਗੁਰ ਸ਼ਬਦ ਤੋਂ ਦੂਰ ਨਹੀਂ ਹੋਏ। ਜੋ ਵਰਤਿਆ ਉਸ 'ਤੇ ਸੋਗ ਮਨਾਉਣ ਦੀ ਥਾਂ ਵਰਤ ਚੁੱਕੇ ਨੂੰ ਉਲਟਣ, ਇਤਿਹਾਸ ਦਾ ਨਵਾਂ ਅਧਿਆਇ ਲਿੱਖਣ ਦਾ ਹੀ ਜਤਨ ਹੋਇਆ ਹੈ। ਸਿੱਖ ਦੇ ਮਨ ਅੰਦਰ ਵੱਸਿਆ ਗੁਰੂ, ਪ੍ਰਮਾਤਮਾ ਉਸ ਨੂੰ ਸਦਾ ਆਨੰਦ ਵਿਚ ਰੱਖਦਾ ਆਇਆ ਹੈ "ਅਨਦ ਬਿਨੋਦ ਪੇਖਿ ਪ੍ਰਭ ਦਰਸਨ ਮਨਿ ਮੰਗਲ ਗੁਨ ਗਾਵਤ"। ਆਦਿ ਤੋਂ ਹੀ ਪ੍ਰਮਾਤਮਾ ਸ੍ਰਿਸ਼ਟੀ ਦਾ ਸਿਰਜਣ , ਪ੍ਰਤਿਪਾਲਨ ਕਰਦਾ ਆ ਰਿਹਾ ਹੈ। ਉਸ ਦਾ ਵਿਧਾਨ ਨਾ ਰੁੱਕਣ, ਨਾ ਥੱਕਣ, ਨਾ ਬਦਲਣ, ਨਾ ਮੱਠਾ ਪੈਣ ਵਾਲਾ ਵਿਧਾਨ ਹੈ। ਪ੍ਰਮਾਤਮਾ ਦੇ ਰੰਗ ਵਿਚ ਰੰਗਿਆ ਹੋਇਆ ਗੁਰਸਿੱਖ ਵੀ ਗੁਰੂ ਦੀ ਸਿੱਖਿਆ ਤੋਂ ਨਾ ਟਲਣ ਵਾਲਾ, ਨਾ ਭਟਕਣ ਵਾਲਾ, ਨਾ ਅਵੇਸਲਾ ਹੋਣ ਵਾਲਾ ਸੰਤ ਹੈ। ਇਸ 'ਤੇ ਉਹ ਸਿਪਾਹੀ ਵਾਂਗੂੰ ਪਹਿਰਾ ਦਿੰਦਾ ਹੈ, ਤਾਂ ਹੀ ਉਸ ਦੇ ਮਨ ਅੰਦਰ ਦਾ ਅਨੰਦ ਸਦਾ ਬਣਿਆ ਰਹਿੰਦਾ ਹੈ।

ਖ਼ਾਲਸਾ ਦੀ ਚੇਤਨਾ, ਉਸ ਦਾ ਬਲ ਧਰਮ ਤੇ ਲੋੜਵੰਦ ਲਈ ਹੈ। ਖਾਲਸਾ ਦਾ ਧਰਮ ਸਰਬ ਕਲਿਆਣ, ਸਰਬ ਹਿੱਤ ਦਾ ਧਰਮ ਹੈ। ਸਰਬਤ ਦੇ ਭਲੇ ਵਿਚ ਉਹ ਆਪਣਾ ਭਲਾ ਵੇਖਦਾ ਹੈ। ਦੀਨ ਦੇ ਦੁੱਖ ਨੂੰ ਆਪਣਾ ਦੁੱਖ ਮੰਨ ਕੇ ਦੂਰ ਕਰਨਾ ਆਪਣਾ ਧਰਮ ਸਮਝਦਾ ਹੈ "ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥" ਦੀਨ ਦੀ ਰੱਖਿਆ ਖਾਲਸਾ ਦੀ ਪ੍ਰਤੀਬੱਧਤਾ ਹੈ। ਇਸ ਹਿੱਤ ਉਹ ਹਰ ਕੁਰਬਾਨੀ, ਤਿਆਗ ਲਈ ਤਿਆਰ ਰਹਿੰਦਾ ਹੈ, ਕਿਸੇ ਵੀ ਹਾਲ ਵਿਚ ਪਿੱਛੇ ਨਹੀਂ ਹੱਟਦਾ। ਗੁਰੂ ਕੇ ਲੰਗਰ ਇਸ ਦਾ ਪ੍ਰਤੱਖ ਪ੍ਰਮਾਣ ਹਨ, ਜੋ ਬਿਨਾ ਵਿਤਕਰੇ ਸਾਰੀਆਂ ਲਈ ਖੁੱਲ੍ਹੇ ਰਹਿੰਦੇ ਹਨ। ਇਹ ਭਾਵਨਾ ਪੂਰੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੀ ਹੈ। ਗੁਰੂ ਨਾਨਕ ਸਾਹਿਬ ਨੂੰ ਜਗਤ ਗੁਰੂ ਦੀ ਉਪਮਾ ਦਿੱਤੀ ਗਈ ਹੈ, ਗੁਰਸਿੱਖ ਸਾਰੇ ਸੰਸਾਰ ਦੇ ਦੁੱਖ, ਸੁੱਖ ਨਾਲ ਆਪਣੇ ਆਪ ਨੂੰ ਜੋੜਦਾ ਹੈ "ਪਰਦੇਸੀ ਸਿੰਘਨ ਜਬ ਦੇਖੈ। ਇਨ ਕੀ ਸੇਵ ਕਰੈ ਬਿਸੇਖੈ।" ਖਾਲਸਾ ਦੀ ਇੱਕ ਖਾਸ ਰਹਿਤ, ਜੋ ਉਸ ਨੂੰ ਖਾਸ ਬਣਾਉਣ ਵਾਲੀ ਹੈ ਕਿ ਉਹ ਕਦੇ ਵੀ ਕਿਸੇ ਦੀ ਭਾਵਨਾ ਦਾ ਨਿਰਾਦਰ ਨਹੀਂ ਕਰਦਾ "ਜਗਤ ਮਾਹਿ ਪੰਥ ਹੈਂ ਜੇਤੇ। ਕਬ ਹੀ ਨਿੰਦਹਿ ਨਾਹੀ ਤੇਤੇ।"

ਖਾਲਸਾ ਸਿਫ਼ਤੀਆਂ ਦਾ ਮਨੁੱਖੀ ਸਮਾਜ ਹੈ। ਉਹ ਸਿਫ਼ਤੀਆਂ ਜਿਨ੍ਹਾਂ ਦੀ ਬਖਸ਼ਿਸ਼ ਪ੍ਰਮਾਤਮਾ ਆਪਣੇ ਗੁਣਾਂ ਦੇ ਸਾਗਰ ਤੋਂ ਕਰਦਾ ਹੈ। ਸਿਫ਼ਤੀਆਂ ਕਾਇਮ ਹਨ ਤਾਂ ਹੀ ਖਾਲਸਾਈ ਹੈ। ਖਾਲਸਾਈ ਚੇਤਨਾ ਉਨ੍ਹਾਂ ਗੁਣਾਂ, ਸਿਫਤਾਂ ਦੀ ਠੀਕ ਉਸ ਤਰ੍ਹਾਂ ਦੀ ਪਹਿਰੇਦਾਰੀ ਹੈ, ਜੋ ਪ੍ਰਮਾਤਮਾ ਨੂੰ ਭਾਉਂਦੀ ਹੈ। ਖਾਲਸਾ ਜਗਤ ਅੰਦਰ ਪ੍ਰਮਾਤਮਾ ਦੇ ਗੁਣਾਂ ਦੀ ਪਹਿਰੇਦਾਰੀ ਪ੍ਰਮਾਤਮਾ ਦਾ ਖਾਸ ਦੂਤ ਬਣ ਕੇ ਕਰਦਾ ਹੈ।

ਪ੍ਰਮਾਤਮਾ ਅੱਗੇ ਖਾਲਸਾ ਦਾ ਸਮਰਪਣ ਆਪਣੇ ਜੀਵਨ ਨੂੰ ਪ੍ਰਮਾਤਮਾ ਦੇ ਅਨੁਕੂਲ ਕਰ ਦੇਣਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਲੋਹੇ ਦੇ ਬਾਟੇ ਵਿਚ ਜਲ ਤੋਂ ਅੰਮ੍ਰਿਤ ਤਿਆਰ ਕਰ ਖਾਲਸਾ ਨੂੰ ਮਾਨਸ ਤੋਂ ਦੇਵਤਾ ਬਣਾਉਣ ਦਾ ਨਿਰਾਲਾ ਕੌਤਕ ਵਰਤਾਇਆ, ਜੋ ਮਨੁੱਖਤਾ ਤੇ ਮਹਾਨ ਉਪਕਾਰ ਸੀ। ਗੁਰੂ ਸਾਹਿਬ ਦਾ ਖਾਲਸਾ ਸਿਫਤਾਂ ਦਾ ਘਰ ਬਣਿਆ।

# ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਦਾ ਨਤੀਜਾ ਹੀ ਹੈ ਦਸਮ ਪਾਤਸ਼ਾਹ ਜੀ ਵਲੋਂ ਖਾਲਸਾ ਪੰਥ ਦੀ ਸਾਜਣਾ ਕਰਨਾ

## 327ਵੇਂ ਖਾਲਸਾ ਪੰਥ ਸਾਜਣਾ ਦਿਵਸ 'ਤੇ ਵਿਸ਼ੇਸ਼

ਲੇਖਕ: ਬਾਬਾ ਬੁੱਢਾ ਜੀ ਵੰਸ਼ਜ
ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ
ਗੁਰੂ ਕੀ ਵਡਾਲੀ-ਛੇਹਰਟਾ
99880-66466
ਪੰਜਾਬ ਮੇਲ USA



ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ 1699 ਈ: ਦੀ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਾਲੇ ਅਸਥਾਨ 'ਤੇ ਖਾਲਸਾ ਸਜਾਉਣ ਦੇ ਕੀਤੇ ਅਗੰਮੀ ਕੌਤਕ ਦੇ ਪਿਛੋਕੜ ਦੇ ਇਤਿਹਾਸ 'ਤੇ ਝਾਤ ਮਾਰਨ ਉਪਰੰਤ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ 1675 ਈ: ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਉਪਰੰਤ ਹੀ ਦਸਵੇਂ ਪਾਤਸ਼ਾਹ ਜੀ ਵਲੋਂ ਖਾਲਸਾ ਪੰਥ ਸਾਜਣ ਦੀ ਤਿਆਰੀ ਆਰੰਭ ਕਰ ਦਿੱਤੀ ਸੀ, ਭਾਵ ਖਾਲਸਾ ਪੰਥ ਦੀ ਸਾਜਣਾ ਕਰਨਾ ਨੌਵੇਂ ਪਾਤਸ਼ਾਹ ਜੀ ਦੀ ਪਵਿੱਤਰ ਸ਼ਹੀਦੀ ਦਾ ਹੀ ਸਫਲ ਨਤੀਜਾ ਹੈ।

ਸਿੱਖ ਧਰਮ ਦੇ ਬਾਨੀ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਏ ਨਿਰਮਲ ਪੰਥ ਦੀ ਗੁਰਤਾਗੱਦੀ ਦੂਸਰੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ, ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ, ਚੌਥੇ ਗੁਰੂ ਸ੍ਰੀ ਰਾਮਦਾਸ ਜੀ, ਪੰਜਵੇਂ ਗੁਰੂ ਸ੍ਰੀ ਅਰਜਨ ਦੇਵ ਜੀ, ਛੇਵੇਂ ਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਜੀ, ਸੱਤਵੇਂ ਗੁਰੂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਅੱਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੋਂ ਬਾਅਦ ਜਦ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੱਕ ਪਹੁੰਚੀ, ਤਾਂ ਪਹਿਲੇ ਅੱਠ ਗੁਰੂ ਸਾਹਿਬਾਨਾਂ ਦੇ ਸਮਿਆਂ ਦੇ ਵੇਲੇ ਦੇ ਹਾਲਾਤ ਬਹੁਤ ਹੀ ਬਦਲ ਚੁੱਕੇ ਸਨ। ਪਰ ਫੇਰ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨੌਵੀਂ ਜੋਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਆਈ ਖੜੋਤ ਨੂੰ ਬਹੁਤ ਹੀ ਸਮਝਦਾਰੀ ਨਾਲ ਅੱਗੇ ਵਧਾਉਣ ਅਤੇ ਸਿੱਖੀ ਦੇ ਵਿਰੋਧੀਆਂ ਤੋਂ ਬਚਣ ਲਈ ਆਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਸਾਏ ਨਗਰ ਸ੍ਰੀ ਕੀਰਤਪੁਰ ਸਾਹਿਬ ਤੋਂ ਅੱਗੇ 8-10 ਕਿਲੋਮੀਟਰ ਦੂਰ ਪਹਾੜੀਆਂ 'ਚ ਮਾਖੋਵਾਲ ਆਦਿ ਪਿੰਡਾਂ ਦੀ ਧਰਤੀ ਦਾ ਟੁਕੜਾ ਖਰੀਦਕੇ ਆਪਣੀ ਮਾਤਾ ਜੀ ਦੇ ਨਾਮ ਦੇ ਨਗਰ 'ਚੱਕ ਨਾਨਕੀ' ਦਾ ਮੋਹੜਾ ਬਾਬਾ ਬੁੱਢਾ ਸਾਹਿਬ ਜੀ ਦੇ ਵੰਸ਼ਜ ਬਾਬਾ ਗੁਰਦਿੱਤਾ ਰੰਧਾਵਾ ਜੀ ਕੋਲੋਂ 19 ਜੂਨ 1665 ਈ: ਨੂੰ ਮੋਹੜਾ ਗੱਡਵਾਕੇ ਨਵੇਂ ਵਸਾਏ ਨਗਰ 'ਚ ਸ਼ਾਂਤਮਈ ਸਿੱਖੀ ਦਾ ਪ੍ਰਚਾਰ ਕਰਨਾ ਆਰੰਭਿਆ ਗਿਆ। ਦਸਮ ਪਾਤਸ਼ਾਹ ਜੀ ਵਲੋਂ ਬਾਅਦ ਵਿਚ ਇਸੇ ਚੱਕ ਨਾਨਕੀ ਦਾ ਨਵਾਂ ਨਾਮ ਸ੍ਰੀ ਅਨੰਦਪੁਰ ਸਾਹਿਬ ਰੱਖਿਆ ਗਿਆ ਸੀ।

ਹਿੰਦੁਸਤਾਨ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਸਤਾਏ ਕਸ਼ਮੀਰੀ ਪੰਡਿਤਾਂ ਦਾ 16 ਮੈਂਬਰੀ ਵਫਤ ਪੰਡਤ ਕਿਰਪਾ ਰਾਮ ਦੀ ਅਗਵਾਈ ਵਿਚ 25 ਮਈ 1675 ਈ: ਨੂੰ ਚੱਕ ਨਾਨਕੀ ਵਿਖੇ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਫਰਿਆਦ ਕਰਨ ਆਇਆ ਸੀ ਕਿ ਔਰੰਗਜ਼ੇਬ ਦੇ ਹੁਕਮ ਨਾਲ ਉਨ੍ਹਾਂ ਨੂੰ ਜਬਰੀ ਮੁਸਲਮਾਨ ਬਣਾਇਆ ਜਾ ਰਿਹਾ ਹੈ। ਨੌਵੇਂ ਪਾਤਸ਼ਾਹ ਜੀ ਨੇ ਜਦ ਗੰਭੀਰਤਾ ਨਾਲ ਸੋਚਕੇ ਕਸ਼ਮੀਰੀ ਪੰਡਿਤਾਂ ਨੂੰ ਕਿਹਾ ਕਿ ਆਪ ਸਭ ਦਾ ਧਰਮ ਬਚਾਉਣ ਲਈ ਕੋਈ ਬੰਦਗੀ ਵਾਲਾ ਪੁਰਸ਼ ਕੁਰਬਾਨੀ ਦੇਵੇ, ਤਾਂ ਧਰਮ ਬਚਾਇਆ ਜਾ ਸਕਦਾ ਹੈ, ਤਾਂ ਇਤਿਹਾਸ ਦੇ ਪੰਨਿਆਂ 'ਤੇ ਲਿਖਿਆ ਹੋਇਆ ਮਿਲਦਾ ਹੈ ਕਿ ਨੌਵੇਂ ਗੁਰੂ ਜੀ ਦੇ 9 ਸਾਲ ਦੀ ਉਮਰ ਦੇ ਬੇਟੇ ਗੋਬਿੰਦ ਰਾਏ ਨੇ ਪਿਤਾ ਜੀ ਨੂੰ ਓਸੇ ਵੇਲੇ ਬੋਲ ਬੋਲੇ ਕਿ ਇਸ ਸਮੇਂ ਆਪ ਜੀ ਤੋਂ ਹੋਰ ਵੱਡਾ ਕਿਹੜਾ ਬੰਦਗੀ ਵਾਲਾ ਮਹਾਂਪੁਰਸ਼ ਹੈ, ਜੋ ਕੁਰਬਾਨੀ ਦੇ ਕੇ ਹਿੰਦੂ ਧਰਮ ਨੂੰ ਬਚਾਵੇ? ਬਾਲਕ ਗੋਬਿੰਦ ਰਾਏ ਦੇ ਇਨ੍ਹਾਂ ਰੱਬੀ ਬੋਲਾਂ ਨੂੰ ਅਮਲੀਜਾਮਾ ਪਹਿਨਾਉਣ ਲਈ ਗੁਰੂ ਜੀ ਨੇ ਕਸ਼ਮੀਰੀ ਪੰਡਿਤਾਂ ਨੂੰ ਕਹਿ ਸੁਣਾਇਆ ਕਿ ਜਾਓ ਜਾਕੇ ਔਰੰਗਜ਼ੇਬ ਨੂੰ ਕਹਿ ਦਿਓ ਕਿ ਜੇ ਉਹ ਸਾਨੂੰ ਇਸਲਾਮ ਧਾਰਨ ਕਰਵਾਉਣ ਵਿਚ ਸਫਲ ਹੋ ਜਾਵੇ, ਤਾਂ ਆਪ ਸਭ ਇਸਲਾਮ ਧਰਮ ਨੂੰ ਧਾਰਨ ਕਰ ਲਵੋਗੇ।

ਇੰਜ ਔਰੰਗਜ਼ੇਬ ਨੇ ਨੌਵੇਂ ਪਾਤਸ਼ਾਹ ਜੀ ਨੂੰ ਇਸਲਾਮ ਧਰਮ ਧਾਰਨ ਕਰਵਾਉਣ ਲਈ ਗ੍ਰਿਫ਼ਤਾਰੀ ਦੇ ਹੁਕਮ ਚਾੜ੍ਹ ਦਿੱਤੇ। ਚੱਕ ਨਾਨਕੀ ਤੋਂ ਨੌਵੇਂ ਪਾਤਸ਼ਾਹ ਜੀ ਸ਼ਹੀਦੀ ਦੇਣ ਆਪਣੇ ਕੁਝ ਸਿੱਖ ਸੇਵਕਾਂ ਨਾਲ ਵੱਖ-ਵੱਖ ਪੜਾਵਾਂ ਤੋਂ ਹੁੰਦੇ ਹੋਏ ਜਦ ਆਗਰੇ ਪਹੁੰਚੇ, ਤਾਂ ਇਕ ਆਜੜੀ ਰਾਹੀਂ ਗ੍ਰਿਫ਼ਤਾਰ ਹੋ ਕੇ ਦਿੱਲੀ ਪਹੁੰਚਣਾ ਕੀਤਾ। ਆਪ ਜੀ ਅਤੇ ਆਪ ਜੀ ਦੇ ਤਿੰਨ ਸਿੱਖਾਂ ਨੂੰ ਇਸਲਾਮ ਧਰਮ ਧਾਰਨ ਕਰਨ ਲਈ ਕਾਜ਼ੀਆਂ ਵਲੋਂ ਸ਼ਰਤਾਂ ਰੱਖੀਆਂ ਗਈਆਂ ਕਿ ਜਾਂ ਇਸਲਾਮ ਧਰਮ ਧਾਰਨ ਕਰ ਲਵੋ ਜਾਂ ਕਰਾਮਾਤ ਦਿਖਾਓ ਅਤੇ ਜਾਂ ਸ਼ਹੀਦੀ ਲਈ ਤਿਆਰ ਹੋ ਜਾਓ। ਗੁਰੂ ਜੀ ਅਤੇ ਗੁਰੂ ਜੀ ਦੇ ਸਿੱਖਾਂ ਵਲੋਂ ਸ਼ਹੀਦ ਹੋਣ ਦੀ ਸ਼ਰਤ ਪ੍ਰਵਾਨ ਕੀਤੀ ਗਈ। ਜ਼ਾਲਮਾਂ ਵਲੋਂ ਗੁਰੂ ਜੀ ਅਤੇ ਗ੍ਰਿਫ਼ਤਾਰ ਸਿੱਖਾਂ ਨੂੰ ਹੋਰ ਵੀ ਬਹੁਤ ਲਾਲਚ ਦਿੱਤੇ ਗਏ ਪਰ ਨਾ ਗੁਰੂ ਜੀ ਦੇ ਸਿੱਖ ਅਤੇ ਨਾ ਹੀ ਗੁਰੂ ਜੀ ਆਪਣੇ ਬਚਨਾਂ ਤੋਂ ਡੋਲੇ। ਜਦ ਕੋਈ ਪੇਸ਼ ਨਾ ਚੱਲੀ, ਤਾਂ ਅਖੀਰ ਕਾਜ਼ੀਆਂ ਵਲੋਂ ਦਿੱਤੇ ਫਤਵੇ ਅਨੁਸਾਰ ਜੱਲਾਦਾਂ ਵਲੋਂ ਦਿੱਲੀ ਦੇ ਚਾਂਦਨੀ ਚੌਂਕ ਵਿਖੇ 11 ਨਵੰਬਰ 1675 ਈ: ਨੂੰ ਪਹਿਲਾਂ ਨੌਵੇਂ ਪਾਤਸ਼ਾਹ ਜੀ ਦੇ ਤਿੰਨ ਪਿਆਰੇ ਸਿੱਖਾਂ ਭਾਈ ਮਤੀ ਦਾਸ ਜੀ (ਆਰੇ ਨਾਲ ਚੀਰਕੇ), ਭਾਈ ਸਤੀ ਦਾਸ ਜੀ (ਰੂੰ ਵਿਚ ਲਿਪੇਟਕੇ) ਅਤੇ ਭਾਈ ਦਿਆਲਾ ਜੀ (ਪਾਣੀ ਦੀ ਉਬਲਦੀ ਦੇਗ ਵਿਚ ਬਿਠਾਕੇ) ਨੂੰ ਬਹੁਤ ਅਣਮਨੁੱਖੀ ਅਤੇ ਦਰਿੰਦਗੀ ਭਰੇ ਤਸੀਹੇ ਦੇ ਕੇ ਸ਼ਹੀਦ ਕਰਨ ਉਪਰੰਤ ਨੌਵੇਂ ਪਾਤਸ਼ਾਹ ਜੀ ਦਾ ਵੀ ਤਲਵਾਰ ਨਾਲ ਸੀਸ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ।

ਦਿਲੀ ਦੇ ਚਾਂਦਨੀ ਚੌਕ ਵਿਖੇ ਸ਼ਹੀਦ ਹੋਏ ਸਿੱਖਾਂ ਦੇ ਸਰੀਰਾਂ ਦੀ ਸਾਂਭ-ਸੰਭਾਲ ਤੋਂ ਇਲਾਵਾ ਭਾਈ ਲੱਖੀ ਸ਼ਾਹ ਵਣਜਾਰੇ ਵਲੋਂ ਨੌਵੇਂ ਪਾਤਸ਼ਾਹ ਜੀ ਦੇ ਧੜ ਨੂੰ ਚੁੱਕਕੇ ਦਿੱਲੀ ਵਿਚ ਹੀ ਆਪਣੇ ਘਰ ਦੇ ਕੋਨੇ ਨੂੰ ਅੱਗ ਲਾ ਕੇ ਸਸਕਾਰ ਕਰ ਦਿੱਤਾ ਗਿਆ। ਦੂਸਰੇ ਪਾਸੇ ਭਾਈ ਨਾਨੂੰ ਜੀ ਤੇ ਭਾਈ ਊਦੋ ਜੀ ਦੇ ਸਹਿਯੋਗ ਨਾਲ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ) ਵਲੋਂ ਨੌਵੇਂ ਪਾਤਸ਼ਾਹ ਜੀ ਦੇ ਪਵਿੱਤਰ ਸੀਸ ਨੂੰ ਔਖੀਆਂ ਮੰਜ਼ਲਾਂ ਮਾਰਦੇ ਹੋਏ ਸ੍ਰੀ ਕੀਰਤਪੁਰ ਸਾਹਿਬ ਵਿਖੇ ਪਹੁੰਚਾਇਆ ਗਿਆ, ਜਿਥੋਂ ਦਸ਼ਮ ਪਾਤਸ਼ਾਹ ਜੀ ਵਲੋਂ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਅਤੇ ਪਰਿਵਾਰ ਦੇ ਹੋਰ ਜੀਆਂ ਅਤੇ ਸਿੱਖਾਂ ਸੇਵਕਾਂ ਸਮੇਤ ਸਤਿਕਾਰ ਨਾਲ ਨੌਵੇਂ ਪਾਤਸ਼ਾਹ ਜੀ ਦਾ ਸੀਸ ਚੱਕ ਨਾਨਕੀ (ਸ੍ਰੀ ਅਨੰਦਪੁਰ ਸਾਹਿਬ) ਵਿਖੇ ਲਿਜਾਕੇ ਮਰਿਆਦਾ ਨਾਲ ਸਸਕਾਰ ਕੀਤਾ, ਜਿਥੇ ਮੌਜੂਦਾ ਗੁ: ਸੀਸਗੰਜ ਸਾਹਿਬ ਸੁਸ਼ੋਭਿਤ ਹੈ।

ਨੌਵੇਂ ਪਾਤਸ਼ਾਹ ਜੀ ਦੇ ਸੀਸ ਦੇ ਸਸਕਾਰ ਤੋਂ ਬਾਅਦ ਦਸਵੇਂ ਪਾਤਸ਼ਾਹ ਜੀ ਨੇ ਜਦੋਂ ਭਾਈ ਜੈਤਾ ਜੀ ਵਲੋਂ ਦਿੱਲੀ ਚਾਂਦਨੀ ਚੌਕ ਤੋਂ ਸੀਸ ਚੁੱਕਕੇ ਲਿਆਉਣ ਬਾਰੇ ਵਾਰਤਾ ਸੁਣੀ, ਉਥੇ ਇਹ ਨਹੀਂ ਸੀ ਪਤਾ ਲੱਗ ਰਿਹਾ ਕਿ ਸਿੱਖ ਕੌਣ ਅਤੇ ਵਿਰੋਧੀ ਕੌਣ ਹੈ? ਤਦ ਦਸਵੇਂ ਪਾਤਸ਼ਾਹ ਜੀ ਨੇ ਬੀਰਰਸ ਵਿਚ ਆਕੇ ਭਾਈ ਜੈਤਾ ਜੀ, ਪਰਿਵਾਰ ਅਤੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਬਚਨ ਕੀਤੇ ਕਿ ਆਉਣ ਵਾਲੇ ਸਮੇਂ ਵਿਚ ਅਸੀਂ ਪ੍ਰਮਾਤਮਾ ਦੀ ਮੌਜ ਨਾਲ ਜ਼ੁਲਮ ਨਾਲ ਸਿੱਧੀ ਟੱਕਰ ਲੈਣ ਵਾਲਾ ਅਤੇ ਵੱਖਰੀ ਪਹਿਚਾਣ ਵਾਲਾ ਐਸਾ ਖਾਲਸਾ ਪੰਥ ਸਾਜ ਦਿਆਂਗੇ, ਜੋ ਦੂਰੋਂ ਪਛਾਣਿਆ ਜਾਵੇਗਾ, ਲੁਕਿਆਂ ਵੀ ਨਹੀਂ ਲੁਕੇਗਾ। ਜ਼ੁਲਮ ਦਾ ਟਾਕਰਾ ਕਰਨ ਵਾਲੇ ਖਾਲਸੇ ਦਾ ਪਹਿਰਾਵਾ ਅਤੇ ਰਹਿਤ ਮਰਿਯਾਦਾ ਵੱਖਰੀ ਕਿਸਮ ਦੀ ਹੋਵੇਗੀ। ਇਹ ਸਭ ਕੁਝ ਕਹਿਣ ਤੋਂ ਭਾਵ ਸਮੇਂ ਦੀ ਜ਼ਾਲਮ ਸਰਕਾਰ ਵਲੋਂ ਨਵੰਬਰ 1675 ਈ: ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸਿੱਖਾਂ ਦੀਆਂ ਦਿੱਲੀ ਵਿਚ ਕੀਤੀਆਂ ਸ਼ਹੀਦੀਆਂ ਦੇ ਨਤੀਜੇ ਵਜੋਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਲਗਭਗ 23 ਸਾਲ 7 ਮਹੀਨੇ ਬਾਅਦ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਅਸਥਾਨ 'ਤੇ 1699 ਈ: ਦੀ ਵਿਸਾਖੀ ਨੂੰ 'ਖਾਲਸਾ ਪੰਥ ਦੀ ਸਾਜਨਾ' ਕੀਤੀ ਗਈ ਸੀ। ਦਸਵੇਂ ਪਾਤਸ਼ਾਹ ਜੀ ਦੇ ਹੁਕਮ ਨੂੰ ਪਾਲਦੇ ਹੋਏ ਸੰਗਤਾਂ ਦੇ ਵੱਡੇ ਇਕੱਠ (ਲਗਭਗ 80 ਹਜ਼ਾਰ) ਵਿਚੋਂ ਵੱਖ-ਵੱਖ ਇਲਾਕਿਆਂ ਅਤੇ ਵੱਖ-ਵੱਖ ਜਾਤੀਆਂ ਦੇ ਪੰਜ ਸਿੱਖਾਂ (ਦਇਆ ਰਾਮ, ਧਰਮ ਚੰਦ, ਹਿੰਮਤ ਰਾਏ, ਮੋਹਕਮ ਦਾਸ ਅਤੇ ਸਾਹਿਬ ਚੰਦ) ਨੇ ਦਸ਼ਮੇਸ਼ ਪਿਤਾ ਜੀ ਦੀ ਨੰਗੀ ਤਿੱਖੀ ਤਲਵਾਰ ਦੀ ਭੇਟ ਚੜ੍ਹਾਏ, ਜਿਨ੍ਹਾਂ ਨੂੰ ਸਮਰੱਥ ਗੁਰੂ ਜੀ ਨੇ ਸੁਰਜੀਤ ਕਰਕੇ ਖੰਡੇ ਬਾਟੇ ਦੀ ਪਾਹੁਲ ਭਾਵ ਅੰਮ੍ਰਿਤ ਤਿਆਰ ਕਰਕੇ ਛਕਾਇਆ, ਬਾਣੀ ਬਾਣਾ ਅਤੇ ਪੰਜ ਕਾਕਾਰੀ ਨਵੀਂ ਰਹਿਤ ਮਰਿਆਦਾ ਬਖਸ਼ਕੇ ਖੁਦ ਆਪਣੇ ਸਾਜੇ ਪੰਜ ਪਿਆਰਿਆਂ ਭਾਵ ਸੇਵਕਾਂ ਕੋਲੋਂ ਅੰਮ੍ਰਿਤ ਛੱਕਿਆ। ਇਨ੍ਹਾਂ ਪੰਜਾਂ ਪਿਆਰਿਆਂ ਅਤੇ ਆਪਣੇ ਨਾਮ ਦੇ ਨਾਲ 'ਸਿੰਘ' ਲਾਇਆ ਗਿਆ ਅਤੇ ਬੀਬੀਆਂ ਨੂੰ ਨਾਮ ਪਿੱਛੇ ਕੌਰ ਲਾਉਣ ਦੀ ਤਾਗੀਦ ਕੀਤੀ ਗਈ। ਦਸ਼ਮ ਪਾਤਸ਼ਾਹ ਜੀ ਕੋਲੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਵਾਲੇ ਪੰਜ ਸਿੱਖਾਂ ਨੂੰ ਗੁਰੂ ਜੀ ਨੇ 'ਪੰਜ ਪਿਆਰਿਆਂ' ਦਾ ਰੁਤਬਾ ਬਖਸ਼ਿਸ਼ ਕੀਤਾ ਅਤੇ ਇਹ ਹੁਣ ਅਖਵਾਏ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ। ਦਸ਼ਮ ਪਾਤਸ਼ਾਹ ਜੀ ਨੇ ਆਪਣਾ ਨਾਮ ਵੀ ਸਿੰਘ ਲਿਖਿਆ ਤੇ ਹੁਣ ਗੋਬਿੰਦ ਰਾਏ ਤੋਂ ਬਣੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ।

ਦਸਵੇਂ ਪਾਤਸ਼ਾਹ ਜੀ ਦੇ ਕਵੀ ਭਾਈ ਗੁਰਦਾਸ ਦੂਸਰੇ ਨੇ ਆਪਣੀ ਲਿਖਤ ਵਿਚ ਗੁਰੂ ਜੀ ਵਲੋਂ ਆਪਣੇ ਸਾਂਝੇ ਪਿਆਰਿਆਂ ਕੋਲੋਂ ਅੰਮ੍ਰਿਤ ਛਕਕੇ ਚੇਲਾ ਬਣਨ ਦੀ ਘਟਨਾ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ-

"ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ॥
ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ॥
ਗੁਰੁ ਦਾਸ ਮਨਾਈ ਕਾਲਕਾ ਖੰਡੇ ਕੀ ਵੇਲਾ॥
ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ॥
ਸੰਗਿਤ ਕੀਨੀ ਖਾਲਸਾ ਮਨਮੁਖੀ ਦੁਹੇਲਾ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੧॥"

ਇਸ ਤਰ੍ਹਾਂ ਸਾਹਿ ਸ਼ਹਿਨਸ਼ਾਨ ਅਤੇ ਮਰਦ ਅਗੰਮੜੇ ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਣਾ ਕਰਕੇ ਆਪੇ ਗੁਰੂ ਅਤੇ ਆਪੇ ਚੇਲਾ ਹੋਣ ਦਾ ਨਵਾਂ ਸਿਧਾਂਤ ਖਾਲਸਾ ਪੰਥ ਨੂੰ ਬਖਸ਼ਕੇ ਬਹੁਤ ਵੱਡਾ ਅਤੇ ਮਹਾਨ ਮਾਣ ਸਤਿਕਾਰ ਦਿੱਤਾ ਹੈ:-

"ਵਾਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥



**ਹਿੰਦੁਸਤਾਨ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਸਤਾਏ ਕਸ਼ਮੀਰੀ ਪੰਡਿਤਾਂ ਦਾ 16 ਮੈਂਬਰੀ ਵਫਤ ਪੰਡਤ ਕਿਰਪਾ ਰਾਮ ਦੀ ਅਗਵਾਈ ਵਿਚ 25 ਮਈ 1675 ਈ: ਨੂੰ ਚੱਕ ਨਾਨਕੀ ਵਿਖੇ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਫਰਿਆਦ ਕਰਨ ਆਇਆ ਸੀ ਕਿ ਔਰੰਗਜ਼ੇਬ ਦੇ ਹੁਕਮ ਨਾਲ ਉਨ੍ਹਾਂ ਨੂੰ ਜਬਰੀ ਮੁਸਲਮਾਨ ਬਣਾਇਆ ਜਾ ਰਿਹਾ ਹੈ। ਨੌਵੇਂ ਪਾਤਸ਼ਾਹ ਜੀ ਨੇ ਜਦ ਗੰਭੀਰਤਾ ਨਾਲ ਸੋਚਕੇ ਕਸ਼ਮੀਰੀ ਪੰਡਿਤਾਂ ਨੂੰ ਕਿਹਾ ਕਿ ਆਪ ਸਭ ਦਾ ਧਰਮ ਬਚਾਉਣ ਲਈ ਕੋਈ ਬੰਦਗੀ ਵਾਲਾ ਪੁਰਸ਼ ਕੁਰਬਾਨੀ ਦੇਵੇ, ਤਾਂ ਧਰਮ ਬਚਾਇਆ ਜਾ ਸਕਦਾ ਹੈ, ਤਾਂ ਇਤਿਹਾਸ ਦੇ ਪੰਨਿਆਂ 'ਤੇ ਲਿਖਿਆ ਹੋਇਆ ਮਿਲਦਾ ਹੈ ਕਿ ਨੌਵੇਂ ਗੁਰੂ ਜੀ ਦੇ 9 ਸਾਲ ਦੀ ਉਮਰ ਦੇ ਬੇਟੇ ਗੋਬਿੰਦ ਰਾਏ ਨੇ ਪਿਤਾ ਜੀ ਨੂੰ ਓਸੇ ਵੇਲੇ ਬੋਲ ਬੋਲੇ ਕਿ ਇਸ ਸਮੇਂ ਆਪ ਜੀ ਤੋਂ ਹੋਰ ਵੱਡਾ ਕਿਹੜਾ ਬੰਦਗੀ ਵਾਲਾ ਮਹਾਂਪੁਰਸ਼ ਹੈ, ਜੋ ਕੁਰਬਾਨੀ ਦੇ ਕੇ ਹਿੰਦੂ ਧਰਮ ਨੂੰ ਬਚਾਵੇ?**

# ਆਖਿਰਕਾਰ, ਜੰਗ ਕੀ ਲੈ ਕੇ ਆਈ?

## ਸੱਭਿਅਤਾ, ਸੰਤੁਲਨ ਅਤੇ ਮਨੁੱਖਤਾ ਖਤਰੇ ਵਿਚ

-ਡਾ. ਸਤਿਆਵਾਨ 'ਸੌਰਭ'
ਬਰਵਾ (ਸਿਵਾਨੀ) ਭਿਵਾਨੀ,
ਹਰਿਆਣਾ - 127045,
ਮੋਬਾਈਲ : 94665-26148,
01255281381



ਪੰਜਾਬ ਮੇਲ USA



ਅੰਤ ਵਿਚ, ਇਹ ਸਪੱਸ਼ਟ ਹੈ ਕਿ ਜੰਗ ਕਿਸੇ ਵੀ ਸਮੱਸਿਆ ਦਾ ਸਥਾਈ ਹੱਲ ਨਹੀਂ ਹੈ। ਇਹ ਸਿਰਫ਼ ਅਸਥਾਈ ਜਿੱਤਾਂ ਪ੍ਰਦਾਨ ਕਰਦੀ ਹੈ ਅਤੇ ਸਥਾਈ ਦਾਗ ਛੱਡਦੀ ਹੈ। ਮਨੁੱਖਤਾ, ਵਿਕਾਸ ਅਤੇ ਸ਼ਾਂਤੀ ਨੂੰ ਅੱਗੇ ਵਧਾਉਣ ਲਈ, ਦੇਸ਼ਾਂ ਨੂੰ ਗੱਲਬਾਤ, ਸਹਿਯੋਗ ਅਤੇ ਆਪਸੀ ਸਮਝ ਨੂੰ ਤਰਜੀਹ ਦੇਣੀ ਚਾਹੀਦੀ ਹੈ। ਅੰਤਰਰਾਸ਼ਟਰੀ ਸੰਸਥਾਵਾਂ ਦੀ ਭੂਮਿਕਾ ਨੂੰ ਵੀ ਮਜ਼ਬੂਤ ਕਰਨ ਦੀ ਲੋੜ ਹੈ, ਤਾਂ ਜੋ ਉਹ ਟਕਰਾਵਾਂ ਨੂੰ ਰੋਕਣ ਅਤੇ ਹੱਲ ਲੱਭਣ ਵਿਚ ਵਧੇਰੇ ਪ੍ਰਭਾਵਸ਼ਾਲੀ ਹੋ ਸਕਣ।

ਦੁਨੀਆਂ ਇੱਕ ਵਾਰ ਫਿਰ ਇੱਕ ਅਜਿਹੇ ਮੋੜ 'ਤੇ ਖੜ੍ਹੀ ਜਾਪਦੀ ਹੈ, ਜਿੱਥੇ ਮਨੁੱਖਤਾ ਦੀ ਆਵਾਜ਼ ਸ਼ਕਤੀ ਦੇ ਪ੍ਰਦਰਸ਼ਨ, ਧਮਕੀਆਂ ਅਤੇ ਫੌਜੀ ਗਤੀਵਿਧੀਆਂ ਦੁਆਰਾ ਦੱਬੀ ਹੋਈ ਹੈ। ਹਾਲੀਆ ਘਟਨਾਵਾਂ ਨੇ ਇਸ ਸਵਾਲ ਨੂੰ ਮੁੜ ਸੁਰਜੀਤ ਕੀਤਾ ਹੈ ਕਿ ਯੁੱਧ ਅਸਲ ਵਿਚ ਕੀ ਪ੍ਰਾਪਤ ਕਰਦਾ ਹੈ। ਕੀ ਇਹ ਸਿਰਫ਼ ਤਾਕਤ ਦਾ ਪ੍ਰਦਰਸ਼ਨ ਹੈ, ਜਾਂ ਕੀ ਇਸਦਾ ਕੋਈ ਸਥਾਈ ਹੱਲ ਹੈ? ਇਤਿਹਾਸ ਅਤੇ ਅਨੁਭਵ ਦੋਵੇਂ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਯੁੱਧ ਕਿਸੇ ਵੀ ਸਮੱਸਿਆ ਨੂੰ ਖਤਮ ਨਹੀਂ ਕਰਦਾ, ਸਗੋਂ ਨਵੀਆਂ ਸਮੱਸਿਆਵਾਂ ਦੀ ਇੱਕ ਬੇਅੰਤ ਲੜੀ ਨੂੰ ਜਨਮ ਦਿੰਦਾ ਹੈ। ਅੱਜ, ਜਿਵੇਂ-ਜਿਵੇਂ ਵਿਸ਼ਵਵਿਆਪੀ ਦ੍ਰਿਸ਼ ਵਿਚ ਅਸਥਿਰਤਾ ਵਧਦੀ ਜਾ ਰਹੀ ਹੈ, ਇਹ ਸਵਾਲ ਹੋਰ ਵੀ ਗੰਭੀਰ ਹੁੰਦਾ ਜਾ ਰਿਹਾ ਹੈ।

ਜੰਗ ਅਕਸਰ ਰਾਸ਼ਟਰੀ ਸੁਰੱਖਿਆ, ਸਵੈ-ਰੱਖਿਆ, ਜਾਂ ਸਨਮਾਨ ਦੇ ਨਾਮ 'ਤੇ ਸ਼ੁਰੂ ਕੀਤੀ ਜਾਂਦੀ ਹੈ, ਪਰ ਇਸਦੇ ਨਤੀਜੇ ਕਿਤੇ ਜ਼ਿਆਦਾ ਵਿਆਪਕ ਅਤੇ ਵਿਨਾਸ਼ਕਾਰੀ ਹੁੰਦੇ ਹਨ। ਜੰਗ ਤੋਂ ਬਾਅਦ, ਅਖੌਤੀ ਜੇਤੂ ਵੀ ਅੰਦਰੋਂ ਕਮਜ਼ੋਰ ਹੋ ਜਾਂਦੇ ਹਨ। ਉਨ੍ਹਾਂ ਦੀਆਂ ਆਰਥਿਕਤਾਵਾਂ ਬੁਰੀ ਤਰ੍ਹਾਂ ਤਣਾਅਪੂਰਨ ਹੋ ਜਾਂਦੀਆਂ ਹਨ, ਸਰੋਤ ਬਰਬਾਦ ਹੋ ਜਾਂਦੇ ਹਨ ਅਤੇ ਸਮਾਜਿਕ ਢਾਂਚੇ ਢਹਿ-ਢੇਰੀ ਹੋਣ ਲੱਗਦੇ ਹਨ। ਇਸਦਾ ਸਿੱਖਿਆ, ਸਿਹਤ ਅਤੇ ਵਿਕਾਸ ਵਰਗੇ ਖੇਤਰਾਂ 'ਤੇ ਸਿੱਧਾ ਨਕਾਰਾਤਮਕ ਪ੍ਰਭਾਵ ਪੈਂਦਾ ਹੈ। ਦੂਜੇ ਪਾਸੇ, ਹਾਰੇ ਹੋਏ ਦੇਸ਼ ਪਹਿਲਾਂ ਹੀ ਤਬਾਹੀ ਦੇ ਮਲਬੇ ਹੇਠ ਦੱਬੇ ਹੋਏ ਹਨ, ਜਿੱਥੇ ਪੁਨਰ ਨਿਰਮਾਣ ਦੀ ਪ੍ਰਕਿਰਿਆ ਸਾਲਾਂ ਤੱਕ ਚੱਲ ਸਕਦੀ ਹੈ ਅਤੇ ਪੀੜ੍ਹੀਆਂ ਇਸਦੀ ਕੀਮਤ ਅਦਾ ਕਰਦੀਆਂ ਹਨ। ਇਸ ਪੂਰੀ ਪ੍ਰਕਿਰਿਆ ਵਿਚ, ਆਮ ਨਾਗਰਿਕ ਸਭ ਤੋਂ ਵੱਧ ਨੁਕਸਾਨ ਝੱਲਦੇ ਹਨ, ਜਿਨ੍ਹਾਂ ਨੇ ਨਾ ਤਾਂ ਸਿੱਧੇ ਤੌਰ 'ਤੇ ਯੁੱਧ ਵਿਚ ਯੋਗਦਾਨ ਪਾਇਆ ਅਤੇ ਨਾ ਹੀ ਫੈਸਲਾ ਲੈਣ ਦੀ ਪ੍ਰਕਿਰਿਆ 'ਤੇ ਕੋਈ ਪ੍ਰਭਾਵ ਪਾਇਆ।

ਜੰਗ ਨਾ ਸਿਰਫ਼ ਸਰੀਰਕ ਤਬਾਹੀ ਲਿਆਉਂਦੀ ਹੈ, ਸਗੋਂ ਇਹ ਮਨੋਵਿਗਿਆਨਕ ਅਤੇ ਸੱਭਿਆਚਾਰਕ ਪੱਧਰ 'ਤੇ ਡੂੰਘੇ ਜ਼ਖ਼ਮ ਵੀ ਛੱਡਦੀ ਹੈ। ਵਿਸਥਾਪਨ, ਡਰ, ਅਸੁਰੱਖਿਆ ਅਤੇ ਮਾਨਸਿਕ ਸਦਮਾ ਅਜਿਹੀਆਂ ਸਥਿਤੀਆਂ ਹਨ, ਜੋ ਯੁੱਧ ਤੋਂ ਬਹੁਤ ਬਾਅਦ ਸਮਾਜਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਬੱਚੇ, ਔਰਤਾਂ ਅਤੇ ਬਜ਼ੁਰਗ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। ਉਨ੍ਹਾਂ ਦੇ ਆਮ ਜੀਵਨ ਢੰਗ ਵਿਚ ਵਿਘਨ ਪੈਂਦਾ ਹੈ ਅਤੇ ਉਹ ਇੱਕ ਅਨਿਸ਼ਚਿਤ ਭਵਿੱਖ ਵਿਚ ਧੱਕੇ ਜਾਂਦੇ ਹਨ। ਹਜ਼ਾਰਾਂ ਸਾਲਾਂ ਤੋਂ ਵਿਕਸਤ ਹੋਣ ਵਾਲੀਆਂ ਸੱਭਿਅਤਾਵਾਂ ਕੁਝ ਦਿਨਾਂ ਜਾਂ ਮਹੀਨਿਆਂ ਵਿਚ ਢਹਿ ਸਕਦੀਆਂ ਹਨ।

ਹਾਲੀਆ ਘਟਨਾਵਾਂ ਇਹ ਵੀ ਦਰਸਾਉਂਦੀਆਂ ਹਨ ਕਿ ਬਾਹਰੀ ਹਮਲੇ ਅਤੇ ਦਬਾਅ, ਕਿਸੇ ਦੇਸ਼ ਨੂੰ ਕਮਜ਼ੋਰ ਕਰਨ ਦੀ ਬਜਾਏ, ਇਸਨੂੰ ਹੋਰ ਸੰਗਠਿਤ ਅਤੇ ਹਮਲਾਵਰ ਬਣਾ ਸਕਦੇ ਹਨ। ਜਦੋਂ ਕੋਈ ਰਾਸ਼ਟਰ ਲਗਾਤਾਰ ਦਬਾਅ ਹੇਠ ਰਹਿੰਦਾ ਹੈ, ਤਾਂ ਰਾਸ਼ਟਰਵਾਦ ਮਜ਼ਬੂਤ ਹੋ ਜਾਂਦਾ ਹੈ। ਲੋਕ ਆਪਣੇ ਅੰਦਰੂਨੀ ਮਤਭੇਦਾਂ ਨੂੰ ਪਾਸੇ ਰੱਖ ਕੇ ਬਾਹਰੀ ਖ਼ਤਰੇ ਦੇ ਵਿਰੁੱਧ ਇੱਕਜੁੱਟ ਹੋ ਜਾਂਦੇ ਹਨ। ਇਸ ਤਰ੍ਹਾਂ, ਕਿਸੇ ਦੇਸ਼ ਨੂੰ ਆਪਣੇ ਅਧੀਨ ਕਰਨ ਲਈ ਅਪਣਾਈ ਗਈ ਰਣਨੀਤੀ ਅੰਤ ਵਿਚ ਇਸਨੂੰ ਸ਼ਕਤੀਸ਼ਾਲੀ ਬਣਾ ਸਕਦੀ ਹੈ। ਇਹ ਯੁੱਧ ਦੀ ਸਭ ਤੋਂ ਵੱਡੀ ਵਿਡੰਬਨਾ ਹੈ ਕਿ ਇਹ ਅਕਸਰ ਆਪਣੇ ਦੱਸੇ ਗਏ ਉਦੇਸ਼ਾਂ ਨੂੰ ਵੀ ਪ੍ਰਾਪਤ ਕਰਨ ਵਿਚ ਅਸਫਲ ਰਹਿੰਦਾ ਹੈ।

ਜੰਗ ਦਾ ਪ੍ਰਭਾਵ ਸਿਰਫ਼ ਜੰਗਜੂ ਦੇਸ਼ਾਂ ਤੱਕ ਸੀਮਤ ਨਹੀਂ ਹੈ; ਇਸਦੇ ਪ੍ਰਭਾਵ ਵਿਸ਼ਵ ਪੱਧਰ 'ਤੇ ਮਹਿਸੂਸ ਕੀਤੇ ਜਾਂਦੇ ਹਨ। ਅੰਤਰਰਾਸ਼ਟਰੀ ਅਰਥਵਿਵਸਥਾ, ਵਪਾਰਕ ਰਸਤੇ ਅਤੇ ਊਰਜਾ ਸਪਲਾਈ ਵਰਗੇ ਮਹੱਤਵਪੂਰਨ ਖੇਤਰ ਸਿੱਧੇ ਤੌਰ 'ਤੇ ਪ੍ਰਭਾਵਿਤ ਹੁੰਦੇ ਹਨ। ਹੋਰਮੁਜ਼ ਜਲਡਮਰੂ ਵਰਗੇ ਸੰਵੇਦਨਸ਼ੀਲ ਸਮੁੰਦਰੀ ਮਾਰਗਾਂ ਵਿਚ ਸੰਕਟ ਵਿਸ਼ਵ ਆਰਥਿਕ ਸਥਿਰਤਾ ਨੂੰ ਪ੍ਰਭਾਵਤ ਕਰ ਸਕਦਾ ਹੈ। ਇਸਦੇ ਨਤੀਜੇ, ਜਿਵੇਂ ਕਿ ਤੇਲ ਦੀਆਂ ਕੀਮਤਾਂ ਵਿਚ ਉਤਰਾਅ-ਚੜ੍ਹਾਅ, ਸਪਲਾਈ ਲੜੀ ਵਿਚ ਵਿਘਨ, ਅਤੇ ਨਿਵੇਸ਼ ਅਨਿਸ਼ਚਿਤਤਾ, ਵਿਸ਼ਵ ਪੱਧਰ 'ਤੇ ਮਹਿਸੂਸ ਕੀਤੇ ਜਾਂਦੇ ਹਨ। ਵਿਕਾਸਸ਼ੀਲ ਦੇਸ਼ਾਂ ਲਈ ਪ੍ਰਭਾਵ ਹੋਰ ਵੀ ਗੰਭੀਰ ਹੈ, ਜਿਨ੍ਹਾਂ ਦੀਆਂ ਅਰਥਵਿਵਸਥਾਵਾਂ ਪਹਿਲਾਂ ਹੀ ਸੀਮਤ ਸਰੋਤਾਂ 'ਤੇ ਨਿਰਭਰ ਹਨ।



ਜਦੋਂ ਮਹਾਂਸ਼ਕਤੀਆਂ ਕਿਸੇ ਟਕਰਾਅ ਵਿਚ ਸ਼ਾਮਲ ਹੋ ਜਾਂਦੀਆਂ ਹਨ, ਤਾਂ ਸਥਿਤੀ ਹੋਰ ਵੀ ਗੁੰਝਲਦਾਰ ਹੋ ਜਾਂਦੀ ਹੈ। ਉਨ੍ਹਾਂ ਦਾ ਦਖਲ ਸਿਰਫ਼ ਫੌਜ ਤੱਕ ਸੀਮਤ ਨਹੀਂ ਹੁੰਦਾ, ਸਗੋਂ ਕੂਟਨੀਤਕ, ਆਰਥਿਕ ਅਤੇ ਰਣਨੀਤਕ ਪਹਿਲੂਆਂ ਨੂੰ ਵੀ ਅਪਣਾਉਂਦਾ ਹੈ। ਇਸ ਨਾਲ ਛੋਟੇ ਅਤੇ ਦਰਮਿਆਨੇ ਆਕਾਰ ਦੇ ਦੇਸ਼ਾਂ ਲਈ ਆਪਣੇ ਸਟੈਂਡ ਨੂੰ ਸਪੱਸ਼ਟ ਕਰਨਾ ਮੁਸ਼ਕਲ ਹੋ ਜਾਂਦਾ ਹੈ। ਉਹ ਅਕਸਰ ਇੱਕ ਅਜਿਹਾ ਸੰਤੁਲਨ ਚਾਹੁੰਦੇ ਹਨ, ਜੋ ਉਨ੍ਹਾਂ ਦੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਕਰੇ ਅਤੇ ਵੱਡੇ ਟਕਰਾਅ ਵਿਚ ਸ਼ਾਮਲ ਹੋਣ ਤੋਂ ਬਚੇ। ਹਾਲਾਂਕਿ, ਇਸ ਸੰਤੁਲਨ ਨੂੰ ਬਣਾਈ ਰੱਖਣਾ ਆਸਾਨ ਨਹੀਂ ਹੈ, ਕਿਉਂਕਿ ਹਰ ਫੈਸਲੇ ਦੇ ਦੂਰਗਾਮੀ ਨਤੀਜੇ ਹੁੰਦੇ ਹਨ।

ਪੱਛਮੀ ਏਸ਼ੀਆ ਅਜਿਹੇ ਗੁੰਝਲਦਾਰ ਟਕਰਾਵਾਂ ਦੀ ਇੱਕ ਪ੍ਰਮੁੱਖ ਉਦਾਹਰਣ ਹੈ, ਜਿੱਥੇ ਰਾਜਨੀਤਿਕ, ਧਾਰਮਿਕ ਅਤੇ ਰਣਨੀਤਕ ਕਾਰਨਾਂ ਕਰਕੇ ਤਣਾਅ ਬਣਿਆ ਰਹਿੰਦਾ ਹੈ। ਇੱਥੇ ਸਥਿਤੀ ਇਹ ਦੱਸਦੀ ਹੈ ਕਿ ਇੱਕ ਛੋਟੀ ਜਿਹੀ ਚੰਗਿਆੜੀ ਵੀ ਇੱਕ ਵਿਆਪਕ ਟਕਰਾਅ ਵਿਚ ਬਦਲ ਸਕਦੀ ਹੈ। ਵੱਖ-ਵੱਖ ਦੇਸ਼ਾਂ ਅਤੇ ਸੰਗਠਨਾਂ ਦੀ ਸ਼ਮੂਲੀਅਤ ਨੇ ਇਸ ਖੇਤਰ ਨੂੰ ਹੋਰ ਵੀ ਸੰਵੇਦਨਸ਼ੀਲ ਬਣਾ ਦਿੱਤਾ ਹੈ। ਇੱਥੇ ਕਿਸੇ ਵੀ ਵਿਕਾਸ ਦਾ ਪ੍ਰਭਾਵ ਨਾ ਸਿਰਫ਼ ਖੇਤਰੀ ਤੌਰ 'ਤੇ, ਸਗੋਂ ਵਿਸ਼ਵ ਪੱਧਰ 'ਤੇ ਵੀ ਮਹਿਸੂਸ ਕੀਤਾ ਜਾਂਦਾ ਹੈ।

ਇਸ ਸੰਦਰਭ ਵਿਚ, ਕੁਝ ਦੇਸ਼ਾਂ ਨੇ ਸੰਤੁਲਿਤ ਅਤੇ ਪਰਿਪੱਕ ਕੂਟਨੀਤੀ ਦਾ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਨਾ ਸਿਰਫ਼ ਆਪਣੇ ਰਾਸ਼ਟਰੀ ਹਿੱਤਾਂ ਨੂੰ, ਸਗੋਂ ਵਿਸ਼ਵ ਸ਼ਾਂਤੀ ਅਤੇ ਸਥਿਰਤਾ ਨੂੰ ਵੀ ਤਰਜੀਹ ਦਿੱਤੀ। ਇਹ ਇਸ ਗੱਲ ਦਾ ਸਬੂਤ ਹੈ ਕਿ ਗੁੰਝਲਦਾਰ ਸਥਿਤੀਆਂ ਦੇ ਹੱਲ ਗੱਲਬਾਤ ਅਤੇ ਕੂਟਨੀਤੀ ਰਾਹੀਂ ਲੱਭੇ ਜਾ ਸਕਦੇ ਹਨ। ਹਾਲਾਂਕਿ ਇਹ ਪ੍ਰਕਿਰਿਆ ਹੌਲੀ ਅਤੇ ਚੁਣੌਤੀਪੂਰਨ ਹੋ ਸਕਦੀ ਹੈ, ਇਹ ਸਥਾਈ ਸ਼ਾਂਤੀ ਵੱਲ ਸਭ ਤੋਂ ਭਰੋਸੇਮੰਦ ਰਸਤਾ ਹੈ।

ਅੱਜ ਯੁੱਧ ਦਾ ਇੱਕ ਹੋਰ ਮਹੱਤਵਪੂਰਨ ਪਹਿਲੂ ਜਾਣਕਾਰੀ ਅਤੇ ਪ੍ਰਚਾਰ ਹੈ। ਯੁੱਧ ਹੁਣ ਜੰਗ ਦੇ ਮੈਦਾਨ ਤੱਕ ਸੀਮਤ ਨਹੀਂ ਹੈ, ਸਗੋਂ ਮੀਡੀਆ ਅਤੇ ਡਿਜ਼ੀਟਲ ਪਲੇਟਫਾਰਮਾਂ ਵਿਚ ਵੀ ਲੜਿਆ ਜਾਂਦਾ ਹੈ। ਜਾਣਕਾਰੀ ਨਿਯੰਤਰਣ, ਅਫਵਾਹਾਂ ਦਾ ਫੈਲਾਅ, ਅਤੇ ਜਨਤਕ ਰਾਏ ਨੂੰ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਇਸ ਟਕਰਾਅ ਦੇ ਅਨਿੱਖੜਵੇਂ ਅੰਗ ਬਣ ਗਈਆਂ ਹਨ। ਇਸ ਨਾਲ ਸੱਚ ਅਤੇ ਝੂਠ ਵਿਚ ਫਰਕ ਕਰਨਾ ਹੋਰ ਵੀ ਮੁਸ਼ਕਲ ਹੋ ਗਿਆ ਹੈ। ਸੋਸ਼ਲ ਮੀਡੀਆ ਦੇ ਯੁੱਗ ਵਿਚ, ਥੋੜ੍ਹੀ ਜਿਹੀ ਗਲਤ ਜਾਣਕਾਰੀ ਵੀ ਵਿਆਪਕ ਉਲਝਣ ਅਤੇ ਤਣਾਅ ਪੈਦਾ ਕਰ ਸਕਦੀ ਹੈ।

ਇਸ ਤੋਂ ਇਲਾਵਾ, ਯੁੱਧ ਦਾ ਵਾਤਾਵਰਣ 'ਤੇ ਗੰਭੀਰ ਪ੍ਰਭਾਵ ਪੈਂਦਾ ਹੈ। ਬੰਬਾਰੀ, ਰਸਾਇਣਕ ਹਥਿਆਰਾਂ ਦੀ ਵਰਤੋਂ ਅਤੇ ਉਦਯੋਗਿਕ ਬੁਨਿਆਦੀ ਢਾਂਚੇ ਦੀ ਤਬਾਹੀ ਲੰਬੇ ਸਮੇਂ ਲਈ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਂਦੀ ਹੈ। ਪਾਣੀ, ਹਵਾ ਅਤੇ ਜ਼ਮੀਨ ਪ੍ਰਦੂਸ਼ਣ ਕੁਦਰਤੀ ਸੰਤੁਲਨ ਨੂੰ ਵਿਗਾੜਦਾ ਹੈ। ਇਸਦਾ ਜੈਵ ਵਿਭਿੰਨਤਾ 'ਤੇ ਨਕਾਰਾਤਮਕ ਪ੍ਰਭਾਵ ਪੈਂਦਾ ਹੈ ਅਤੇ ਇਹ ਨੁਕਸਾਨ ਅਕਸਰ ਅਟੱਲ ਹੁੰਦਾ ਹੈ। ਇਸ ਤਰ੍ਹਾਂ, ਯੁੱਧ ਨਾ ਸਿਰਫ਼ ਮੌਜੂਦਾ ਪੀੜ੍ਹੀ ਨੂੰ ਪ੍ਰਭਾਵਿਤ ਕਰਦਾ ਹੈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਅੰਤ ਵਿਚ, ਇਹ ਸਪੱਸ਼ਟ ਹੈ ਕਿ ਜੰਗ ਕਿਸੇ ਵੀ ਸਮੱਸਿਆ ਦਾ ਸਥਾਈ ਹੱਲ ਨਹੀਂ ਹੈ। ਇਹ ਸਿਰਫ਼ ਅਸਥਾਈ ਜਿੱਤਾਂ ਪ੍ਰਦਾਨ ਕਰਦੀ ਹੈ ਅਤੇ ਸਥਾਈ ਦਾਗ ਛੱਡਦੀ ਹੈ। ਮਨੁੱਖਤਾ, ਵਿਕਾਸ ਅਤੇ ਸ਼ਾਂਤੀ ਨੂੰ ਅੱਗੇ ਵਧਾਉਣ ਲਈ, ਦੇਸ਼ਾਂ ਨੂੰ ਗੱਲਬਾਤ, ਸਹਿਯੋਗ ਅਤੇ ਆਪਸੀ ਸਮਝ ਨੂੰ ਤਰਜੀਹ ਦੇਣੀ ਚਾਹੀਦੀ ਹੈ। ਅੰਤਰਰਾਸ਼ਟਰੀ ਸੰਸਥਾਵਾਂ ਦੀ ਭੂਮਿਕਾ ਨੂੰ ਵੀ ਮਜ਼ਬੂਤ ਕਰਨ ਦੀ ਲੋੜ ਹੈ, ਤਾਂ ਜੋ ਉਹ ਟਕਰਾਵਾਂ ਨੂੰ ਰੋਕਣ ਅਤੇ ਹੱਲ ਲੱਭਣ ਵਿਚ ਵਧੇਰੇ ਪ੍ਰਭਾਵਸ਼ਾਲੀ ਹੋ ਸਕਣ।

ਅੱਜ ਦੀ ਦੁਨੀਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸੱਚੀ ਸ਼ਕਤੀ ਵਿਨਾਸ਼ ਵਿਚ ਨਹੀਂ, ਸਗੋਂ ਸਿਰਜਣਾ ਵਿਚ ਹੈ। ਸਿਰਫ਼ ਉਹੀ ਦੇਸ਼ ਅਤੇ ਸਮਾਜ ਜੋ ਇਸ ਸੱਚਾਈ ਨੂੰ ਸਵੀਕਾਰ ਕਰਦੇ ਹਨ, ਭਵਿੱਖ ਵਿਚ ਸਥਾਈ ਸ਼ਾਂਤੀ ਅਤੇ ਖੁਸ਼ਹਾਲੀ ਦਾ ਰਾਹ ਪੱਧਰਾ ਕਰ ਸਕਣਗੇ। ਯੁੱਧ ਦਾ ਧੂੰਆਂ ਸ਼ਾਇਦ ਪਲ ਭਰ ਦੀ ਜਿੱਤ ਦਾ ਭਰਮ ਪੇਸ਼ ਕਰ ਸਕਦਾ ਹੈ, ਪਰ ਜਦੋਂ ਉਹ ਧੂੰਆਂ ਸਾਫ਼ ਹੋ ਜਾਂਦਾ ਹੈ, ਤਾਂ ਸਿਰਫ਼ ਤਬਾਹੀ, ਪਛਤਾਵਾ ਅਤੇ ਅਨਿਸ਼ਚਿਤਤਾ ਹੀ ਰਹਿੰਦੀ ਹੈ। ਇਹ ਯੁੱਧ ਦਾ ਸਭ ਤੋਂ ਵੱਡਾ ਸੱਚ ਹੈ - ਇੱਕ ਸੱਚ ਜਿਸਨੂੰ ਅੱਜ ਸਮਝਣਾ ਅਤੇ ਸਵੀਕਾਰ ਕਰਨਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ।

*(ਡਾ. ਸਤਿਆਵਾਨ ਸੌਰਭ, ਪੀ.ਐੱਚ.ਡੀ. (ਰਾਜਨੀਤੀ ਵਿਗਿਆਨ), ਇੱਕ ਕਵੀ ਅਤੇ ਸਮਾਜਿਕ ਚਿੰਤਕ ਹਨ।)*

# ਬਿਹਾਰ ਤਾਂ ਝਾਕੀ ਹੈ, ਬੰਗਾਲ ਅਜੇ ਬਾਕੀ ਹੈ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA





**ਬੂਥ ਅਧਿਕਾਰੀਆਂ ਨੂੰ ਘੱਟ ਸਮੇਂ ਵਿਚ ਵੱਧ ਕੰਮ ਦੇਣ ਨਾਲ ਉਨ੍ਹਾਂ ਉੱਤੇ ਬੋਝ ਵਧਿਆ। ਜੇਕਰ ਬਾਅਦ ਵਿਚ ਵੋਟਰ ਸੂਚੀਆਂ ਦੀ ਸੁਧਾਈ ਦੀ ਮਿਆਦ ਵਧਾਈ ਜਾ ਸਕਦੀ ਸੀ, ਤਾਂ ਇਹ ਪ੍ਰਕਿਰਿਆ ਪਹਿਲਾਂ ਹੀ ਸੁਚੱਜੀ ਢੰਗ ਨਾਲ ਕਿਉਂ ਨਹੀਂ ਕੀਤੀ ਗਈ? ਲੋਕਤੰਤਰ ਵਿਚ ਇਹੋ ਜਿਹੀ ਮੁਹਿੰਮ ਕਾਹਲੀ-ਕਾਹਲੀ ਨਿਪਟਾਉਣ ਦੀ ਆਖ਼ਰ ਕਿਹੜੀ ਮਜਬੂਰੀ ਸੀ? ਇਸ ਸਭ ਕੁਝ ਦੇ ਦੌਰਾਨ ਬੂਥ ਲੈਵਲ ਅਫ਼ਸਰਾਂ ਨੂੰ ਜੋ ਪਰੇਸ਼ਾਨੀ ਹੋਈ, ਪਰਿਵਾਰਾਂ ਦੇ ਪਰਿਵਾਰ ਤਬਾਹ ਹੋਏ, ਉਸ ਦੀ ਜ਼ਿੰਮੇਵਾਰੀ ਆਖ਼ਰ ਕਿਸ ਦੀ ਹੈ? "ਆਕਾ" ਨੂੰ ਖ਼ੁਸ਼ ਕਰਨ ਲਈ ਗ਼ੈਰ-ਲੋਕਤੰਤਰੀ ਕਦਮ ਆਖ਼ਰ ਚੋਣ ਕਮਿਸ਼ਨ ਦੇ ਮੱਥੇ ਉੱਤੇ ਕਲੰਕ ਨਹੀਂ ਹੈ?**

ਭਾਰੀ ਬੇਇਤਬਾਰੀ ਦੇ ਦਰਮਿਆਨ ਦੇਸ਼ ਦੇ ਨਾਗਰਿਕਾਂ ਨੂੰ ਇਹ ਸਾਬਤ ਕਰਨਾ ਪੈ ਰਿਹਾ ਹੈ ਕਿ ਉਹ ਯੋਗ ਵੋਟਰ ਹਨ। ਇਸੇ ਕਰਕੇ ਭਾਰਤੀ ਚੋਣ ਕਮਿਸ਼ਨ ਦੀ ਨਿਰਪੱਖਤਾ ਉੱਤੇ ਲਗਾਤਾਰ ਸਵਾਲ ਉੱਠ ਰਹੇ ਹਨ।

ਹਾਲਾਂਕਿ ਚੋਣ ਕਮਿਸ਼ਨ ਅਨੁਸਾਰ ਵੋਟਰ ਸੂਚੀਆਂ ਦੀ ਸ਼ੁੱਧਤਾ ਲਈ ਇਹ ਕਦਮ ਲਾਜ਼ਮੀ ਹਨ, ਪਰ ਵੱਡੀ ਗਿਣਤੀ ਵਿਚ ਵੋਟਰਾਂ ਦੇ ਨਾਂ ਵੋਟਰ ਸੂਚੀਆਂ ਵਿਚੋਂ ਕੱਟੇ ਜਾਣ ਕਾਰਨ ਸਵਾਲ ਉੱਠ ਰਹੇ ਹਨ। ਪੱਛਮੀ ਬੰਗਾਲ ਵਿਚ ਵਿਧਾਨ ਸਭਾ ਚੋਣਾਂ ਦੀਆਂ ਤਾਰੀਖਾਂ ਤੈਅ ਹਨ ਅਤੇ ਖ਼ਬਰਾਂ ਮੁਤਾਬਕ 27 ਲੱਖ ਲੋਕ ਇਸ ਵਾਰ ਵੋਟ ਦੇਣ ਤੋਂ ਵੰਚਿਤ ਰਹਿ ਸਕਦੇ ਹਨ। ਇਸ ਸਬੰਧੀ ਤ੍ਰਿਣਮੂਲ ਕਾਂਗਰਸ ਨੇ ਚੋਣ ਕਮਿਸ਼ਨ ਅੱਗੇ ਸਵਾਲ ਉਠਾਏ, ਤਾਂ ਚੋਣ ਕਮਿਸ਼ਨ ਦਾ ਦੋ-ਟੁੱਕ ਜਵਾਬ ਸੀ ਕਿ ਚੋਣਾਂ ਡਰ-ਰਹਿਤ, ਹਿੰਸਾ-ਰਹਿਤ ਅਤੇ ਲੋਭ-ਲਾਲਚ ਰਹਿਤ ਅਤੇ ਬੂਥਾਂ ਉੱਤੇ ਬਾਹਰੀ ਪਕੜ ਤੋਂ ਮੁਕਤ ਹੋਣਗੀਆਂ।

ਇਹੀ ਜਵਾਬ ਜਾਂ ਇਸ ਤਰ੍ਹਾਂ ਦਾ ਪ੍ਰਚਾਰ ਕੇਂਦਰੀ ਸਰਕਾਰ 'ਤੇ ਕਾਬਜ਼ "ਭਾਜਪਾ" ਵੱਲੋਂ ਆਪਣੇ ਸੋਸ਼ਲ ਮੀਡੀਆ ਮਾਧਿਅਮਾਂ ਫੇਸਬੁੱਕ, ਇੰਸਟਾਗ੍ਰਾਮ ਅਤੇ ਚੋਣ ਪੋਸਟਾਂ 'ਤੇ ਵੀ ਕੀਤਾ ਜਾ ਰਿਹਾ ਹੈ। ਇਸ ਨਾਲ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਭਾਜਪਾ ਹੀ ਭਾਰਤੀ ਚੋਣ ਕਮਿਸ਼ਨ ਹੈ? ਜਾਂ ਭਾਰਤੀ ਚੋਣ ਕਮਿਸ਼ਨ ਭਾਜਪਾ ਹੀ ਹੈ? ਕੀ ਭਾਜਪਾ ਅਤੇ ਚੋਣ ਕਮਿਸ਼ਨ ਵਿਚਕਾਰ ਕੋਈ ਮਿਲੀਭੁਗਤ ਹੈ ਜਾਂ ਇਹ ਸਿਰਫ਼ ਇੱਕ ਰਾਜਨੀਤਿਕ ਦੂਸ਼ਣਬਾਜ਼ੀ ਹੈ? ਜਾਂ ਇਹ ਸਿਰਫ਼ ਵੋਟਰਾਂ ਨੂੰ ਡਰਾਉਣ ਅਤੇ ਧਮਕਾਉਣ ਦੀ ਸਾਜ਼ਿਸ਼ ਹੈ?

ਭਾਰਤ ਵਿਚ ਚੋਣ ਪ੍ਰਕਿਰਿਆ ਦੁਨੀਆਂ ਦੀ ਸਭ ਤੋਂ ਵੱਡੀ ਲੋਕਤੰਤਰਿਕ ਪ੍ਰਕਿਰਿਆ ਮੰਨੀ ਜਾਂਦੀ ਹੈ, ਜਿੱਥੇ ਕਰੋੜਾਂ ਲੋਕ ਆਪਣਾ ਵੋਟ ਦੇ ਕੇ ਸਰਕਾਰ ਚੁਣਦੇ ਹਨ। ਇਸ ਲਈ ਵੋਟਰ ਸੂਚੀ ਦੀ ਪਾਰਦਰਸ਼ਤਾ ਅਤੇ ਸ਼ੁੱਧਤਾ ਬਹੁਤ ਜ਼ਰੂਰੀ ਹੈ। ਭਾਰਤੀ ਚੋਣ ਕਮਿਸ਼ਨ ਇੱਕ ਸੰਵਿਧਾਨਕ ਸੰਸਥਾ ਹੈ, ਜਿਸਦਾ ਬੁਨਿਆਦੀ ਕੰਮ ਨਿਰਪੱਖ ਚੋਣਾਂ ਕਰਵਾਉਣਾ ਹੈ। ਪਰ ਪਿਛਲੇ ਸਮੇਂ ਦੌਰਾਨ ਕੁਝ ਇਹੋ ਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਨਾਲ ਇਸ ਦੀ ਨਿਰਪੱਖਤਾ 'ਤੇ ਸਵਾਲ ਉੱਠੇ ਹਨ। ਜਿਵੇਂ ਪੱਛਮੀ ਬੰਗਾਲ ਅਤੇ ਕੇਰਲ ਵਿਚ ਭਾਜਪਾ ਵੱਲੋਂ ਚੋਣ ਕਮਿਸ਼ਨ ਦੀਆਂ ਤਸਵੀਰਾਂ ਲਾ ਕੇ ਪੋਸਟਰ ਲਗਾਏ ਗਏ ਅਤੇ ਚੋਣ ਕਮਿਸ਼ਨ ਨਾਲ ਰਾਜਨੀਤਿਕ ਪਾਰਟੀ ਦੀ ਸਾਖ ਜੋੜੀ ਗਈ।

ਕੇਰਲ ਵਿਚ ਚੋਣ ਕਮਿਸ਼ਨ ਦਾ ਇੱਕ ਖ਼ਤ ਭਾਜਪਾ ਦੀ ਮੋਹਰ ਨਾਲ ਪ੍ਰਸਾਰਿਤ ਹੋਣ 'ਤੇ ਹੰਗਾਮਾ ਵੀ ਖੜ੍ਹਾ ਹੋਇਆ। ਬਾਅਦ ਵਿਚ ਚੋਣ ਕਮਿਸ਼ਨ ਨੇ ਇਸ ਨੂੰ ਆਪਣੀ ਗਲਤੀ ਮੰਨਦਿਆਂ ਇੱਕ ਅਧਿਕਾਰੀ ਨੂੰ ਮੁਅੱਤਲ ਕਰ ਦਿੱਤਾ। ਪਰ ਕੀ ਇਸ ਨਾਲ ਚੋਣ ਕਮਿਸ਼ਨ ਦੀ ਨਿਰਪੱਖਤਾ ਸਾਬਤ ਹੋ ਜਾਂਦੀ ਹੈ?

ਬਿਹਾਰ ਚੋਣਾਂ ਤੋਂ ਪਹਿਲਾਂ ਵੋਟਰਾਂ ਦੀ ਪਹਿਚਾਣ ਅਤੇ ਸੂਚੀ ਸਬੰਧੀ ਵੀ ਵਿਵਾਦ ਉੱਠੇ। ਚੋਣ ਕਮਿਸ਼ਨ ਨੇ ਵੋਟਰਾਂ ਦੇ ਆਧਾਰ ਨੂੰ ਝੁਠਲਾ ਦਿੱਤਾ ਅਤੇ ਕਿਹਾ ਕਿ ਇਸ ਨੂੰ ਵੋਟਰ ਨਾਗਰਿਕ ਦਾ ਪਛਾਣ ਪੱਤਰ ਨਹੀਂ ਮੰਨਿਆ ਜਾ ਸਕਦਾ। ਸਿੱਧੇ ਲਫ਼ਜ਼ਾਂ ਵਿਚ ਵੋਟਰਾਂ ਨੂੰ ਕਿਹਾ ਗਿਆ ਕਿ ਵੋਟਰ ਸੂਚੀਆਂ ਵਿਚੋਂ ਦਫ਼ਾ ਹੋ ਜਾਓ! ਭੱਜ ਜਾਓ! ਨਿਕਲ ਜਾਓ! ਕਈ ਲੋਕਾਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਵੋਟਰ ਸੂਚੀ ਤੋਂ ਬਾਹਰ ਕੀਤਾ ਗਿਆ। ਇਹ ਮਾਮਲਾ ਸਰਵਉੱਚ ਅਦਾਲਤ ਤੱਕ ਵੀ ਗਿਆ, ਪਰ ਚੋਣ ਕਮਿਸ਼ਨ ਦੀ ਭਾਸ਼ਾ ਵੋਟਰਾਂ ਨੂੰ ਦਫ਼ਾ ਹੋ ਜਾਓ ਵਾਲੀ ਹੀ ਰਹੀ।

ਉੱਤਰ ਪ੍ਰਦੇਸ਼ ਅਤੇ ਬੰਗਾਲ ਵਿਚ ਕੁਝ ਬੂਥ ਅਧਿਕਾਰੀਆਂ 'ਤੇ ਕੰਮ ਦਾ ਵੱਧ ਭਾਰ ਹੋਣ ਕਾਰਨ ਉਨ੍ਹਾਂ ਦੀ ਮਨੋਵਿਗਿਆਨਕ ਹਾਲਤ ਬਾਰੇ ਵੀ ਚਿੰਤਾਜਨਕ ਖ਼ਬਰਾਂ ਸਾਹਮਣੇ ਆਈਆਂ। ਕੁਝ ਬੂਥ ਲੈਵਲ ਅਫ਼ਸਰਾਂ ਦੀ ਖ਼ੁਦਕੁਸ਼ੀ ਦੀਆਂ ਖ਼ਬਰਾਂ ਛਪੀਆਂ। ਫਿਰ ਵੀ ਚੋਣ ਕਮਿਸ਼ਨ ਅਸੰਵੇਦਨਸ਼ੀਲ ਰਿਹਾ। ਇਹ ਸਵਾਲ ਵੀ ਉੱਠਦਾ ਹੈ ਕਿ ਚੋਣ ਪ੍ਰਕਿਰਿਆ ਦੌਰਾਨ ਮਾਨਵ ਸੰਵੇਦਨਸ਼ੀਲਤਾ ਨੂੰ ਕਿਉਂ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਕਿਉਂ ਚੋਣ ਕਮਿਸ਼ਨ ਨੇ ਆਪਣੀਆਂ ਅੱਖਾਂ ਅਤੇ ਕੰਨ ਬੰਦ ਕਰੀ ਰੱਖੇ?

ਬੂਥ ਅਧਿਕਾਰੀਆਂ ਨੂੰ ਘੱਟ ਸਮੇਂ ਵਿਚ ਵੱਧ ਕੰਮ ਦੇਣ ਨਾਲ ਉਨ੍ਹਾਂ ਉੱਤੇ ਬੋਝ ਵਧਿਆ। ਜੇਕਰ ਬਾਅਦ ਵਿਚ ਵੋਟਰ ਸੂਚੀਆਂ ਦੀ ਸੁਧਾਈ ਦੀ ਮਿਆਦ ਵਧਾਈ ਜਾ ਸਕਦੀ ਸੀ, ਤਾਂ ਇਹ ਪ੍ਰਕਿਰਿਆ ਪਹਿਲਾਂ ਹੀ ਸੁਚੱਜੀ ਢੰਗ ਨਾਲ ਕਿਉਂ ਨਹੀਂ ਕੀਤੀ ਗਈ? ਲੋਕਤੰਤਰ ਵਿਚ ਇਹੋ ਜਿਹੀ ਮੁਹਿੰਮ ਕਾਹਲੀ-ਕਾਹਲੀ ਨਿਪਟਾਉਣ ਦੀ ਆਖਰ ਕਿਹੜੀ ਮਜਬੂਰੀ ਸੀ? ਇਸ ਸਭ ਕੁਝ ਦੇ ਦੌਰਾਨ ਬੂਥ ਲੈਵਲ ਅਫ਼ਸਰਾਂ ਨੂੰ ਜੋ ਪਰੇਸ਼ਾਨੀ ਹੋਈ, ਪਰਿਵਾਰਾਂ ਦੇ ਪਰਿਵਾਰ ਤਬਾਹ ਹੋਏ, ਉਸ ਦੀ ਜ਼ਿੰਮੇਵਾਰੀ ਆਖ਼ਰ ਕਿਸ ਦੀ ਹੈ? "ਆਕਾ" ਨੂੰ ਖ਼ੁਸ਼ ਕਰਨ ਲਈ ਗ਼ੈਰ-ਲੋਕਤੰਤਰੀ ਕਦਮ ਆਖਰ ਚੋਣ ਕਮਿਸ਼ਨ ਦੇ ਮੱਥੇ ਉੱਤੇ ਕਲੰਕ ਨਹੀਂ ਹੈ?

ਜਨਤਾ ਨੂੰ ਵੀ ਛੱਡ ਦਈਏ, ਵਿਸ਼ਵ ਭਰ 'ਚ ਚੋਣ ਕਮਿਸ਼ਨ ਤੇ ਹਾਕਮਾਂ ਦੀ ਇਸ ਸਬੰਧੀ ਜੋ ਖੇਹ ਉੱਡੀ, ਉਸਨੂੰ ਵੀ ਛੱਡ ਦਈਏ, ਦੋਸ਼ ਹੈ ਕਿ ਬੰਗਾਲ ਦੇ ਸੰਦਰਭ ਵਿਚ ਤਾਂ ਆਈ.ਏ.ਐੱਸ. ਅਫ਼ਸਰਾਂ ਤੱਕ ਨੂੰ ਮੁੱਖ ਚੋਣ ਕਮਿਸ਼ਨਰ ਦੇ ਖਿਲਾਫ਼ ਬਾਗੀ ਤੇਵਰ ਦਿਖਾਉਣੇ ਪੈ ਗਏ। ਕੁਝ ਮੀਡੀਆ ਰਿਪੋਰਟਾਂ ਮੁਤਾਬਕ ਚੁਣਾਵੀ ਮੀਟਿੰਗਾਂ ਦੌਰਾਨ ਅਧਿਕਾਰੀਆਂ ਨਾਲ ਵੀ ਤਿੱਖੇ ਲਹਿਜ਼ੇ ਵਿਚ ਗੱਲਬਾਤ ਹੋਈ, ਜਿਸ ਨਾਲ ਪ੍ਰਸ਼ਾਸਨਿਕ ਤਣਾਅ ਵਧਿਆ। ਉੱਤਰ ਪ੍ਰਦੇਸ਼ ਸਰਕਾਰ ਦੇ ਪ੍ਰਮੁੱਖ ਸਕੱਤਰ ਪੱਧਰ ਦੇ ਇੱਕ ਅਧਿਕਾਰੀ ਅਨੁਰਾਗ ਯਾਦਵ ਬਤੌਰ ਚੋਣ ਕਮਿਸ਼ਨਰ ਇੱਕ ਬੈਠਕ 'ਚ ਸ਼ਾਮਲ ਹੋਏ ਸੀ। ਦੋਸ਼ ਹੈ ਕਿ ਮੁੱਖ ਚੋਣ ਕਮਿਸ਼ਨਰ ਦੀ ਬੋਲਚਾਲ ਸਬੰਧੀ ਆਈ.ਏ.ਐੱਸ. ਅਧਿਕਾਰੀ ਨੇ ਕਿਹਾ, "ਆਪ ਸਾਡੇ ਨਾਲ ਇਹੋ-ਜਿਹਾ ਵਰਤਾਓ ਨਹੀਂ ਕਰ ਸਕਦੇ।" ਨਤੀਜਾ ਇਹ ਨਿਕਲਿਆ ਕਿ ਅਨੁਰਾਗ ਯਾਦਵ ਨੂੰ ਉਸ ਅਹੁਦੇ ਤੋਂ ਹਟਾ ਦਿੱਤਾ ਗਿਆ।

ਦੇਸ਼ ਵਿਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ, ਵੋਟਰ ਸੂਚੀ ਦੀ ਸ਼ੁੱਧਤਾ ਅਤੇ ਚੋਣ ਕਮਿਸ਼ਨ ਦੀ ਨਿਰਪੱਖਤਾ ਸਬੰਧੀ ਵਿਰੋਧੀ ਪਾਰਟੀਆਂ ਵੱਲੋਂ ਕਈ ਵਾਰ ਸਵਾਲ ਉੱਠਾਏ ਗਏ ਹਨ। ਇਨ੍ਹਾਂ ਮਸਲਿਆਂ 'ਤੇ ਸੰਸਦ ਵਿਚ ਵੀ ਚਰਚਾ ਹੋਈ ਹੈ। ਪੱਛਮੀ ਬੰਗਾਲ ਦੀ ਹਾਕਮ ਧਿਰ ਦੇ ਪ੍ਰਮੁੱਖ ਨੇਤਾ ਡੇਰੇਕ ਓ'ਬਰਾਇਨ ਨੇ ਚੋਣਾਵੀ ਬੈਠਕ ਦੌਰਾਨ ਮੁੱਖ ਚੋਣ ਕਮਿਸ਼ਨਰ ਨਾਲ ਮੁਲਾਕਾਤ ਕੀਤੀ, ਪਰ ਤ੍ਰਿਣਮੂਲ ਕਾਂਗਰਸ ਦੇ ਪ੍ਰਤੀਨਿਧ ਮੰਡਲ ਦਾ ਦੋਸ਼ ਰਿਹਾ ਕਿ ਉਨ੍ਹਾਂ ਦੀ ਗੱਲ ਨੂੰ ਨਜ਼ਰਅੰਦਾਜ਼ ਕੀਤਾ ਗਿਆ ਅਤੇ ਮੀਟਿੰਗ ਸਿਰਫ਼ ਰਸਮੀ ਕਾਰਵਾਈ ਤੱਕ ਸੀਮਿਤ ਰਹੀ। ਸੱਤ ਮਿੰਟ ਦੀ ਸਾਧਾਰਨ ਗੱਲਬਾਤ ਤੋਂ ਬਾਅਦ ਮੁੱਖ ਚੋਣ ਕਮਿਸ਼ਨਰ ਨੇ ਕਿਹਾ, "ਗੈਟ ਲਾਸਟ"। ਵੈਸੇ ਇਹ "ਗੈਟ ਲਾਸਟ" ਜਿਹਾ ਦੋ ਟੁੱਕ ਜਵਾਬ ਚੋਣ ਕਮਿਸ਼ਨ ਵੱਖੋ-ਵੱਖਰੀਆਂ ਵਿਰੋਧੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਦੌਰਾਨ ਵਾਰ-ਵਾਰ ਕਹਿ ਚੁੱਕੇ ਹਨ।

ਦੇਸ਼ 'ਚ ਵੋਟ ਮਸ਼ੀਨਾਂ 'ਚ ਹੁੰਦੀ ਵੋਟ-ਚੋਰੀ, ਵੋਟਰਾਂ ਦੇ ਸ਼ੁੱਧੀਕਰਨ, ਭਾਜਪਾ ਨਾਲ ਚੋਣ ਕਮਿਸ਼ਨ ਦੀ ਡੂੰਘੀ ਸਾਂਝ ਤੇ ਗਲਵਕੜੀ ਜਿਹੇ ਇਲਜ਼ਾਮਾਂ ਤਹਿਤ ਮੁੱਖ ਚੋਣ ਕਮਿਸ਼ਨਰ ਦੇ ਖਿਲਾਫ਼ ਵਿਰੋਧੀ ਪਾਰਟੀਆਂ ਵੱਲੋਂ ਸੰਸਦ 'ਚ ਮੁੱਖ ਚੋਣ ਕਮਿਸ਼ਨਰ ਨੂੰ ਅਹੁਦੇ ਤੋਂ ਹਟਾਉਣ ਦਾ ਮਤਾ ਪੇਸ਼ ਕੀਤਾ ਗਿਆ, ਜੋ ਭਾਵੇਂ ਵਿਰੋਧੀ ਪਾਰਟੀਆਂ ਦੀ ਘੱਟ ਗਿਣਤੀ ਕਾਰਨ ਪਾਸ ਨਾ ਹੋ ਸਕਿਆ, ਪਰ ਮੁੱਖ ਚੋਣ ਕਮਿਸ਼ਨਰ ਦੇ ਪੱਖਪਾਤੀ ਰਵੱਈਏ ਦੀ ਭਰਪੂਰ ਚਰਚਾ ਹੋਈ।

ਬਿਹਾਰ ਵਿਚ ਜਦੋਂ ਐੱਸ.ਆਈ.ਆਰ. (ਵੋਟਾਂ ਦੀ ਸ਼ੁੱਧਤਾ) ਦੀ ਪ੍ਰਕਿਰਿਆ ਸ਼ੁਰੂ ਹੋਈ ਸੀ, ਤਦ ਦੋਸ਼ ਲਗਾਏ ਗਏ ਕਿ ਹੁਣ ਤੱਕ ਇੱਕ ਝਾਕੀ ਹੈ, ਬੰਗਾਲ ਬਾਕੀ ਹੈ। ਅਰਥਾਤ ਬੰਗਾਲ ਚੋਣਾਂ 'ਚ ਚੋਣ ਕਮਿਸ਼ਨ ਵੋਟਰ ਸੂਚੀ ਨੂੰ ਲੈ ਕੇ ਸਖ਼ਤ ਹੋਵੇਗਾ। ਉਸ ਸਮੇਂ ਇਹ ਸਿਰਫ਼ ਦੋਸ਼ ਲੱਗੇ ਸਨ, ਪਰ ਹੁਣ ਇਹ ਸਹੀ ਸਾਬਤ ਹੋ ਰਹੇ ਹਨ, ਜਦੋਂ ਵੋਟਰ ਸੂਚੀ ਦੇ ਵਿਸ਼ੇਸ਼ ਪੁਨਰ ਪ੍ਰੀਖਣ ਦੇ ਬਾਅਦ ਪੱਛਮੀ ਬੰਗਾਲ 'ਚ ਲਗਭਗ 91 ਲੱਖ ਵੋਟਰਾਂ ਨੂੰ ਵੋਟਰ ਸੂਚੀਆਂ 'ਚੋਂ ਹਟਾ ਦਿੱਤਾ ਗਿਆ। ਇਹ ਹਟਾਏ ਹੋਏ ਵੋਟਰ ਕੁੱਲ ਵੋਟਰਾਂ ਦਾ 12 ਫ਼ੀਸਦੀ ਹਨ।

ਪੱਛਮੀ ਬੰਗਾਲ ਵਿਚ ਵੋਟਰ ਸੂਚੀ ਦੀ ਸੁਧਾਈ ਪ੍ਰਕਿਰਿਆ ਦੌਰਾਨ ਵੀ ਵੱਡੀ ਗਿਣਤੀ ਵਿਚ ਨਾਂ ਕੱਟੇ ਜਾਣ ਦੇ ਦੋਸ਼ ਲੱਗੇ ਹਨ। ਹਾਲਾਂਕਿ ਅਧਿਕਾਰਿਕ ਅੰਕੜਿਆਂ ਦੀ ਪੁਸ਼ਟੀ ਲਾਜ਼ਮੀ ਹੈ, ਪਰ ਇਹ ਮਾਮਲਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਲੋਕਤੰਤਰ ਵਿਚ ਹਰ ਨਾਗਰਿਕ-ਗ਼ਰੀਬ, ਅਮੀਰ, ਔਰਤ, ਮਰਦ, ਬਜ਼ੁਰਗ, ਜਵਾਨ ਜਾਂ ਵਿਸ਼ੇਸ਼ ਯੋਗਤਾ ਵਾਲਾ-ਵੋਟ ਦੇ ਅਧਿਕਾਰ ਰਾਹੀਂ ਬਰਾਬਰੀ ਦਾ ਅਹਿਸਾਸ ਕਰਦਾ ਹੈ। ਅੱਜ ਜਦੋਂ ਨਾਗਰਿਕਾਂ ਨੂੰ ਕੇਰਲ, ਅਸਾਮ ਅਤੇ ਪੁਡੂਚੇਰੀ ਵਿਚ ਬੰਪਰ ਵੋਟਿੰਗ ਦਾ ਮੌਕਾ ਮਿਲਿਆ, ਤਾਂ ਉਨ੍ਹਾਂ 27 ਲੱਖ ਬੰਗਾਲ ਦੇ ਲੋਕਾਂ ਉੱਤੇ ਕੀ ਬੀਤੇਗੀ, ਜਿਹੜੇ ਚੋਣ 'ਚ ਚੋਣ ਕਮਿਸ਼ਨ ਦੀਆਂ ਸਖ਼ਤ ਕਾਰਵਾਈਆਂ ਕਾਰਨ, ਵੋਟ ਪਾਉਣ ਤੋਂ ਵਿਰਵੇ ਰਹਿ ਜਾਣਗੇ। ਭਾਵੇਂ ਦੇਸ਼ ਦੇ ਅੰਦਰ ਇੱਕ ਸੂਬੇ ਤੋਂ ਦੂਜੇ ਸੂਬੇ ਨੂੰ ਪਰਵਾਸ ਹੋ ਰਿਹਾ ਹੋਵੇ ਜਾਂ ਬਾਹਰਲੇ ਮੁਲਕਾਂ ਨੂੰ ਭਾਰਤ ਵਾਸੀ ਜਾ ਰਹੇ ਹੋਣ, ਭਾਵੇਂ ਕੋਵਿਡ ਦੌਰਾਨ ਮਹਾਂਮਾਰੀ ਦੇ ਦੌਰ 'ਚ ਮੌਜੂਦ ਐੱਲ.ਪੀ.ਜੀ. ਦੇ ਸਿਲੰਡਰਾਂ ਦੀ ਕਮੀ ਕਾਰਨ ਲੋਕ ਸ਼ਹਿਰਾਂ ਤੋਂ ਪਿੰਡਾਂ ਵੱਲ ਦੌੜ ਰਹੇ ਹੋਣ, ਤਦ ਸੰਵਿਧਾਨਿਕ ਸੰਸਥਾ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਦਰਕਿਨਾਰ ਕਰਦੇ ਹੋਏ ਉਨ੍ਹਾਂ ਨਾਲ ਦੋ ਟੁੱਕ "ਦਫ਼ਾ ਹੋ ਜਾਓ" ਜਿਹਾ ਵਰਤਾਓ ਕਰੇਗੀ, ਤਾਂ ਫਿਰ ਲੋਕਾਂ ਦਾ ਲੋਕਤੰਤਰ ਪ੍ਰਤੀ ਵਿਸ਼ਵਾਸ ਕਿਵੇਂ ਬੱਝੇਗਾ? ਕੁਪੋਸ਼ਣ ਨਾਲ ਇਕੱਠਾ ਹੋਇਆ ਸਰੀਰ, ਸਰੀਰ ਉੱਤੇ ਮਾਮੂਲੀ ਕੱਪੜਿਆਂ ਦੇ ਬਾਅਦ ਵੀ ਜਦੋਂ ਵੋਟਰ ਆਪਣੀ ਉਂਗਲੀ 'ਤੇ ਲੱਗਿਆ ਨੀਲਾ ਨਿਸ਼ਾਨ ਦਿਖਾਉਂਦਾ ਹੈ, ਤਾਂ ਲੋਕਤੰਤਰ ਵਧਦਾ-ਫੁੱਲਦਾ ਦਿੱਸਦਾ ਹੈ। ਪਰ ਅੱਜ ਜਦੋਂ ਗ਼ਰੀਬ ਤੋਂ ਵੋਟ ਖੋਹੀ ਜਾ ਰਹੀ ਹੈ, ਤਾਂ ਵੋਟਰ ਚਿੰਤਾਤੁਰ ਦਿੱਸਦਾ ਹੈ। ਉਸ ਦੇ ਮਨ 'ਚ ਸਵਾਲ ਉੱਠਦੇ ਹਨ ਕਿ ਉਹ ਆਪਣੇ ਦੇਸ਼ 'ਚ ਬੇਗਾਨਾ ਕਿਉਂ ਹੋ ਰਿਹਾ ਹੈ? ਜਦੋਂ ਕਿਸੇ ਵੀ ਕਾਰਨ ਕਰਕੇ ਲੋਕ ਵੋਟ ਦੇਣ ਤੋਂ ਵੰਚਿਤ ਰਹਿੰਦੇ ਹਨ, ਤਾਂ ਇਹ ਲੋਕਤੰਤਰ ਲਈ ਚਿੰਤਾਜਨਕ ਗੱਲ ਹੈ। ਸੋਚਣ ਵਾਲੀ ਗੱਲ ਹੈ ਕਿ ਇੱਕ ਗ਼ਰੀਬ ਮਜ਼ਦੂਰ, ਜੋ ਦਿਨ ਭਰ ਦੀ ਮਿਹਨਤ ਤੋਂ ਬਾਅਦ ਵੋਟ ਪਾਉਣ ਨੂੰ ਆਪਣਾ ਫਰਜ਼ ਮੰਨਦਾ ਹੈ, ਜਦੋਂ ਉਸਦਾ ਨਾਮ ਸੂਚੀ 'ਚੋਂ ਗਾਇਬ ਹੋਵੇ, ਤਾਂ ਉਸਦੇ ਮਨ 'ਤੇ ਕੀ ਬੀਤਦੀ ਹੋਵੇਗੀ।

ਇਹ ਗੱਲ ਹੁਣ ਕਿਸੇ ਤੋਂ ਲੁਕੀ-ਛੁਪੀ ਨਹੀਂ ਹੈ ਕਿ ਦੇਸ਼ ਦਾ ਆਮ ਨਾਗਰਿਕ ਦੇਸ਼ ਵਿਚ ਵੱਡੇ ਪੱਧਰ 'ਤੇ ਮਾਈਗ੍ਰੇਸ਼ਨ, ਗ਼ਰੀਬੀ ਅਤੇ ਰੋਜ਼ਗਾਰ ਦੀ ਕਮੀ ਅਤੇ ਭ੍ਰਿਸ਼ਟਾਚਾਰ ਵਰਗੀਆਂ ਸਮੱਸਿਆਵਾਂ ਆਪਣੇ ਪਿੰਡੇ 'ਤੇ ਹੰਢਾ ਰਹੇ ਹਨ। ਫਿਰ ਵੀ ਉਹ ਨਾਗਰਿਕ ਬਣੇ ਰਹਿਣ ਦੀ ਮਜਬੂਰੀ ਨਿਭਾਉਂਦੇ ਹਨ। ਦੇਸ਼ ਦਾ ਹਾਲ ਤਾਂ ਇਹ ਹੈ ਕਿ ਪਿਛਲੇ ਦੋ ਦਹਾਕਿਆਂ ਤੋਂ ਦੇਸ਼ ਦੇ 80 ਕਰੋੜ ਲੋਕ ਆਪਣੇ ਢਿੱਡ ਨੂੰ ਝੁਲਕਾ ਦੇਣ ਲਈ ਸਰਕਾਰ ਦੇ ਮੁਫ਼ਤ ਰਾਸ਼ਨ 'ਤੇ ਨਿਰਭਰ ਹਨ। ਰੋਜ਼ੀ ਰੋਟੀ ਲਈ ਦੇਸ਼ ਦਾ ਇਹ ਗ਼ਰੀਬ ਵਰਗ ਜਿੱਧਰ ਵੀ ਆਸ ਦੀ ਕਿਰਨ ਦਿਸਦੀ ਹੈ, ਉਧਰ ਹੀ ਭੱਜਦਾ ਹੈ। ਹਾਲਾਤ ਜਦੋਂ ਭੁੱਖਮਰੀ ਵਰਗੇ ਹੋਣਗੇ ਤਾਂ ਪਲਾਇਨ (ਪ੍ਰਵਾਸ) ਤਾਂ ਹੋਣਾ ਹੀ ਹੋਇਆ ਅਤੇ ਏਸੇ ਦੀ ਆੜ 'ਚ ਜਦੋਂ ਚੋਣ ਕਮਿਸ਼ਨ ਉਸ ਦਾ ਦੇਸ਼ ਦਾ ਨਾਗਰਿਕ ਬਣੇ ਰਹਿਣ ਦਾ ਅਧਿਕਾਰ ਖੋਹਦਾ ਹੈ, ਤਾਂ ਉਸਦਾ ਸੀਨਾ ਤਾਂ ਤਾਰ-ਤਾਰ ਹੋਣਾ ਹੀ ਹੋਇਆ। ਅਜਿਹੇ ਮੌਕੇ 'ਤੇ ਜੇ ਸੰਵਿਧਾਨਕ ਸੰਸਥਾਵਾਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਣ ਦੀ ਬਜਾਏ ਸਖ਼ਤੀ ਨਾਲ ਪੇਸ਼ ਆਉਣ, ਤਾਂ ਲੋਕਾਂ ਦਾ ਵਿਸ਼ਵਾਸ ਡੋਲ ਸਕਦਾ ਹੈ।

ਜਦੋਂ ਇੱਕ ਗ਼ਰੀਬ ਵਿਅਕਤੀ ਆਪਣੀ ਉਂਗਲੀ 'ਤੇ ਲੱਗੀ ਸਿਆਹੀ ਨੂੰ ਮਾਣ ਨਾਲ ਦਿਖਾਉਂਦਾ ਹੈ, ਤਾਂ ਉਹ ਲੋਕਤੰਤਰ ਦੀ ਮਜ਼ਬੂਤੀ ਦਾ ਪ੍ਰਤੀਕ ਹੁੰਦਾ ਹੈ। ਪਰ ਜਦੋਂ ਉਸਨੂੰ ਵੋਟ ਦੇਣ ਤੋਂ ਰੋਕਿਆ ਜਾਂਦਾ ਹੈ, ਤਾਂ ਉਸਦੇ ਮਨ ਵਿਚ ਬੇਗਾਨਗੀ ਦੇ ਭਾਵ ਪੈਦਾ ਹੁੰਦੇ ਹਨ।

ਅੱਜ ਵੀ ਦੇਸ਼ ਦਾ ਵੱਡਾ ਵਰਗ ਆਪਣੀ ਰੋਜ਼ੀ-ਰੋਟੀ ਲਈ ਸੰਘਰਸ਼ ਕਰ ਰਿਹਾ ਹੈ। ਮਜਬੂਰੀਆਂ ਦੇ ਕਾਰਨ ਪਲਾਇਨ ਵੀ ਵਧ ਰਿਹਾ ਹੈ। ਜੇਕਰ ਇਨ੍ਹਾਂ ਹਾਲਾਤਾਂ ਵਿਚ ਲੋਕਾਂ ਦੇ ਵੋਟ ਦੇ ਅਧਿਕਾਰ 'ਤੇ ਵੀ ਸਵਾਲ ਖੜ੍ਹੇ ਹੋਣ, ਤਾਂ ਇਹ ਲੋਕਤੰਤਰ ਲਈ ਖ਼ਤਰਨਾਕ ਸੰਕੇਤ ਹੋ ਸਕਦਾ ਹੈ।

ਚੋਣਾਂ ਨੂੰ ਹਮੇਸ਼ਾਂ ਲੋਕਤੰਤਰ ਦਾ ਤਿਉਹਾਰ ਮੰਨਿਆ ਗਿਆ ਹੈ। ਇਸ ਵਿਚ ਹਰ ਨਾਗਰਿਕ ਦੀ ਭਾਗੀਦਾਰੀ ਦਰਕਾਰ ਹੈ। ਪਰ ਭਾਰਤੀ ਚੋਣ ਅਯੋਗ ਲੋਕਾਂ ਦੀਆਂ ਸਮੱਸਿਆਵਾਂ ਨੂੰ ਦਰਕਿਨਾਰ ਕਰ ਕੇ ਕਿਸੇ ਵਿਸ਼ੇਸ਼ ਧਿਰ ਦੇ ਹੱਕ 'ਚ ਭੁਗਤਦਾ ਨਜ਼ਰ ਆ ਰਿਹਾ ਹੈ। ਜੇਕਰ ਲੋਕਾਂ ਨੂੰ ਹੀ ਲੋਕਤੰਤਰੀ ਚੋਣ ਪ੍ਰਕਿਰਿਆ ਤੋਂ ਦੂਰ ਕੀਤਾ ਜਾਵੇ, ਤਾਂ ਇਹ ਪ੍ਰਣਾਲੀ ਦੀ ਆਤਮਾ 'ਤੇ ਸਵਾਲ ਖੜ੍ਹਾ ਕਰਦਾ ਹੈ।

ਪਹਿਲਾਂ ਚੋਣ ਕਮਿਸ਼ਨ ਨੂੰ ਚੋਣਾਂ ਵਿਚ ਹਿੰਸਾ ਅਤੇ ਧਾਂਦਲੀ ਦੀ ਚਿੰਤਾ ਹੁੰਦੀ ਸੀ, ਪਰ ਹੁਣ ਧਿਆਨ ਕਥਿਤ ਅਯੋਗ ਵੋਟਰਾਂ 'ਤੇ ਵੱਧ ਦਿੱਤਾ ਜਾ ਰਿਹਾ ਹੈ।

ਸਵਾਲ ਇਹ ਹੈ ਕਿ ਕੀ ਵੋਟਰਾਂ ਪ੍ਰਤੀ ਇਸ ਤਰ੍ਹਾਂ ਦਾ ਸਖ਼ਤ ਰਵੱਈਆ ਲੋਕਤੰਤਰ ਲਈ ਘਾਤਕ ਸਾਬਤ ਨਹੀਂ ਹੋਵੇਗਾ? ਕੀ ਦੇਸ਼ ਦੇ ਚੋਣ ਅਯੋਗ ਦੀ ਵੋਟਰਾਂ ਪ੍ਰਤੀ ਦੋ ਟੁੱਕ "ਦਫ਼ਾ ਹੋ ਜਾਉ" ਦੀ ਨੀਤੀ ਲੋਕਤੰਤਰ ਦੇ ਲਈ ਘੁਣ ਨਹੀਂ ਬਣ ਜਾਏਗੀ? ਜੇ ਸਮੇਂ ਸਿਰ ਇਸ 'ਤੇ ਵਿਚਾਰ ਨਾ ਕੀਤਾ ਗਿਆ, ਤਾਂ ਇਹ ਸੰਵਿਧਾਨਿਕ ਮੁੱਲਾਂ ਅਤੇ ਲੋਕਤੰਤਰਕ ਕਦਰਾਂ-ਕੀਮਤਾਂ ਲਈ ਖ਼ਤਰਾ ਬਣ ਸਕਦਾ ਹੈ ਅਤੇ ਇਹ ਦੇਸ਼ ਦੇ ਸੰਵਿਧਾਨ ਤੇ ਲੋਕਤੰਤਰ ਕਦਰਾਂ ਕੀਮਤਾਂ ਨੂੰ ਤਹਿਸ-ਨਹਿਸ ਕਰਨ ਵੱਲ ਵੱਡਾ ਕਦਮ ਸਾਬਿਤ ਹੋਵੇਗਾ।

ਲੋਕਤੰਤਰ ਸਿਰਫ਼ ਚੋਣਾਂ ਨਾਲ ਨਹੀਂ, ਸਗੋਂ ਲੋਕਾਂ ਦੇ ਭਰੋਸੇ ਨਾਲ ਚੱਲਦਾ ਹੈ। ਜੇ ਇਹ ਭਰੋਸਾ ਹੀ ਡਗਮਗਾਉਣ ਲੱਗ ਪਏ, ਤਾਂ ਸਭ ਤੋਂ ਵੱਡਾ ਖ਼ਤਰਾ ਕਿਸੇ ਸਰਕਾਰ ਨੂੰ ਨਹੀਂ, ਸਗੋਂ ਪੂਰੇ ਲੋਕਤੰਤਰਕ ਢਾਂਚੇ ਨੂੰ ਹੁੰਦਾ ਹੈ। ਲੋਕਤੰਤਰ ਦੀ ਅਸਲ ਤਾਕਤ ਵੋਟਰ ਦੇ ਹੱਥ ਵਿਚ ਹੁੰਦੀ ਹੈ, ਪਰ ਜਦੋਂ ਵੋਟਰ ਨੂੰ ਹੀ ਆਪਣੀ ਹੋਂਦ ਸਾਬਤ ਕਰਨੀ ਪਵੇ, ਤਾਂ ਇਹ ਲੋਕਤੰਤਰੀ ਪ੍ਰਣਾਲੀ ਲਈ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ।

ਬਿਹਾਰ ਤਾਂ ਝਾਕੀ ਹੈ, ਬੰਗਾਲ ਅਜੇ ਬਾਕੀ ਹੈ-ਇਹ ਸਿਰਫ਼ ਸਲੋਗਨ ਨਹੀਂ, ਸਗੋਂ ਲੋਕਤੰਤਰਿਕ ਢਾਂਚੇ ਉੱਤੇ ਉੱਠਦੇ ਸਵਾਲ, ਸ਼ੱਕ ਅਤੇ ਅਵਿਸ਼ਵਾਸ ਦੀ ਝਾਕੀ ਬਣਦਾ ਜਾ ਰਿਹਾ ਹੈ।

# ਆਰ.ਐੱਸ.ਐੱਸ. ਮੁਖੀ ਦਾ ਬਿਆਨ ਕਿ ਆਰ.ਐੱਸ.ਐੱਸ. ਦੀ ਸਥਾਪਨਾ ਦੇਸ਼ ਨੂੰ ਗੁਲਾਮੀ ਤੋਂ ਬਚਾਉਣ ਤੇ ਆਜ਼ਾਦ ਕਰਾਉਣ ਲਈ ਹੋਈ ਸੀ!

## ਲੋਕਾਂ ਵਿਚ ਚਰਚਾ, ਕੀ ਇਹ ਨਿਰਾ ਝੂਠ ਦਾ ਪੁਲੰਦਾ ਤੇ ਸੱਚਾਈ ਤੋਂ ਕੋਹਾਂ ਦੂਰ ਹੈ?




ਜੰਗ ਸਿੰਘ
ਮਰਸੱਡ ਕੈਲੀਫੋਰਨੀਆ (ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA




ਸੋਸ਼ਲ ਮੀਡੀਆ ਦੇ ਵੱਖ ਵੱਖ ਚੈਨਲਾਂ ਉਤੇ ਆਰ.ਐੱਸ.ਐੱਸ. ਮੁਖੀ ਸ਼੍ਰੀ ਮੋਹਨ ਭਾਗਵਤ ਦਾ ਅੱਜਕੱਲ੍ਹ ਬਿਆਨ ਆ ਰਿਹਾ ਹੈ ਕਿ ਆਰ.ਐੱਸ.ਐੱਸ. ਦੀ ਸਥਾਪਨਾ ਦੇਸ਼ ਨੂੰ ਗੁਲਾਮੀ ਤੋਂ ਬਚਾਉਣ ਤੇ ਦੇਸ਼ ਨੂੰ ਆਜ਼ਾਦ ਕਰਾਉਣ ਵਾਸਤੇ ਕੀਤੀ ਗਈ ਸੀ। ਇਸ ਖਬਰ ਨੇ ਦੇਸ਼ ਦੇ ਵੱਡੀ ਗਿਣਤੀ ਚਿੰਤਕਾਂ ਵਿਚ ਅਨੋਖੀ ਕਿਸਮ ਦੀ ਚਰਚਾ ਛੇੜ ਦਿੱਤੀ ਹੈ ਕਿ ਇਹ ਬਿਆਨ ਨਿਰਾ ਝੂਠਾ ਵੀ ਹੈ ਤੇ ਸੱਚਾਈ ਤੋਂ ਕੋਹਾਂ ਦੂਰ ਵੀ! ਚੈਨਲਾਂ ਦੇ ਹੇਠਾਂ ਜਿਹੜੇ ਲੋਕਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ, ਉਨ੍ਹਾਂ ਨੇ ਆਰ.ਐੱਸ.ਐੱਸ. ਵਲੋਂ ਦੇਸ਼ ਦੀ ਆਜ਼ਾਦੀ ਸਮੇਂ ਨਿਭਾਈ ਭੂਮਿਕਾ ਤੇ ਉਸ ਦਾ ਸਾਰਾ ਹੀਜ ਪਿਆਜ ਵੀ ਲੋਕਾਂ ਵਿਚ ਨੰਗਾ ਕਰਕੇ ਰੱਖ ਦਿੱਤਾ ਹੈ। ਉਨ੍ਹਾਂ ਦਾ ਮੂੰਹੋਂ-ਮੂੰਹੀਂ ਇਹ ਕਹਿਣਾ ਕਿ ਜਦੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਜ਼ਾਦੀ ਦੇ ਪ੍ਰਵਾਨੇ ਸ਼ਹੀਦ ਹੋ ਰਹੇ ਸਨ, ਤਾਂ ਉਸ ਵੇਲੇ ਆਰ.ਐੱਸ.ਐੱਸ. ਦੇ ਆਗੂ ਅੰਗਰੇਜ਼ਾਂ ਦੀ ਭਗਤੀ ਕਰਦੇ ਹੋਏ ਦੇਸ਼ ਭਗਤਾਂ ਤੇ ਗਦਰੀ ਬਾਬਿਆਂ ਦੇ ਆਗੂਆਂ ਨੂੰ ਪਕੜਵਾ ਕੇ ਅੰਗਰੇਜ਼ਾਂ ਦੀ ਵਾਹਵਾ ਖੱਟ ਰਹੇ ਸਨ। ਜਿਸ ਦੀਆਂ ਉਹ ਬਹੁਤ ਸਾਰੀਆਂ ਉਦਾਹਰਣਾਂ ਦੇਂਦੇ ਦੱਸਦੇ ਹਨ ਕਿ ਭਾਰਤੀ ਜਨਤਾ ਪਾਰਟੀ ਵਾਲੇ ਜਿਨ੍ਹਾਂ ਨੂੰ ਚਲਾਉਣ ਵਾਲੀ ਜਥੇਬੰਦੀ ਆਰ.ਐੱਸ.ਐੱਸ. ਹੈ, ਉਹ ਇਕ ਬੜੇ ਵੱਡੇ ਦੇਸ਼ ਘੁਲਾਟੀਏ "ਵੀਰ ਸਾਵਰਕਰ" ਦਾ ਨਾਂ ਦੱਸਦੇ ਹਨ, ਜਿਸ ਨੂੰ ਬੀਤੇ ਸਮੇਂ ਵਿਚ ਕੇਂਦਰ ਦੀ ਸਰਕਾਰ ਨੇ ਦੇਸ਼ ਦਾ ਸਭ ਤੋਂ ਵੱਡਾ 'ਪੁਰਸਕਾਰ' ਵੀ ਇਸੇ 'ਵੀਰ ਸਾਵਰਕਰ' ਨੂੰ ਦਿੱਤਾ ਹੈ। ਇਸ ਮੱਲੋ-ਮਲੀ ਕਹੇ ਜਾਂਦੇ ਆਜ਼ਾਦੀ ਘੁਲਾਟੀਏ 'ਵੀਰ ਸਾਵਰਕਰ' ਬਾਰੇ ਦੇਸ਼ ਦੀ ਆਜ਼ਾਦੀ ਦਾ ਇਤਿਹਾਸ ਤਾਂ ਇਹ ਦੱਸਦਾ ਹੈ ਕਿ ਇਹ ਉਹ ਦੇਸ਼ ਭਗਤ ਹੈ, ਜਿਹੜਾ ਬੜੀ ਚਾਈਂ-ਚਾਈਂ ਸ਼ਹੀਦੇ ਆਜ਼ਮ ਸ. ਭਗਤ ਸਿੰਘ ਨਾਲ ਗ੍ਰਿਫਤਾਰ ਜ਼ਰੂਰ ਹੋਇਆ ਸੀ ਪਰ ਇਕ ਮਹੀਨੇ ਵਿਚ ਹੀ ਇਹ ਜੇਲ੍ਹ ਵਿਚ ਇੰਨਾ ਤੰਗ ਪਰੇਸ਼ਾਨ ਹੋ ਗਿਆ ਸੀ ਕਿ ਇਸ ਨੇ ਚਾਰ ਵਾਰ ਅੰਗਰੇਜ਼ਾਂ ਕੋਲੋਂ ਲਿਖਤੀ ਮੁਆਫੀਆਂ ਮੰਗੀਆਂ ਸਨ ਤੇ ਇਹ ਕਿਹਾ ਸੀ ਕਿ ਉਸ ਦਾ 'ਆਜ਼ਾਦੀ' ਨਾਲ ਕੋਈ ਸਬੰਧ ਨਹੀਂ ਹੈ, ਉਹ ਤਾਂ "ਅੰਗਰੇਜ਼ਾਂ ਦਾ ਭਗਤ" ਹੈ ਤੇ ਉਨ੍ਹਾਂ (ਅੰਗਰੇਜ਼ ਸਰਕਾਰ) ਕੋਲੋਂ ਲਿਖਤੀ ਮੁਆਫੀ ਮੰਗ ਕੇ ਜੇਲ੍ਹ ਵਿਚੋਂ ਰਿਹਾਅ ਹੋ ਕੇ ਆਇਆ ਸੀ। ਇਹ ਹੈ ਆਰ.ਐੱਸ.ਐੱਸ. ਦਾ ਸਭ ਤੋਂ ਵੱਡਾ ਆਜ਼ਾਦੀ ਘੁਲਾਟੀਆ, ਜਿਸ ਦੇ ਝੂਠੇ ਸੋਹਲੇ ਗਾਉਣ ਤੋਂ ਭਾਜਪਾ ਤੇ ਆਰ.ਐੱਸ.ਐੱਸ. ਵਾਲੇ ਹਾਲੇ ਵੀ ਨਹੀਂ ਹੱਟਦੇ। ਇਤਿਹਾਸ ਵਿਚ ਬੜੀਆਂ ਹੋਰ ਆਰ.ਐੱਸ.ਐੱਸ. ਦੇ ਉਚ ਲੀਡਰਾਂ ਦੀਆਂ ਉਦਾਹਰਣਾਂ ਮਿਲਦੀਆਂ ਹਨ, ਜਿਨਾਂ ਨੇ ਕਈ ਸਾਰੇ ਦੇਸ਼ ਭਗਤਾਂ ਨੂੰ ਮੁਖਬਰੀ ਕਰਕੇ ਅੰਗਰੇਜ਼ਾਂ ਕੋਲ ਫੜਾਇਆ ਸੀ। ਜਿਨ੍ਹਾਂ ਵਿਚੋਂ ਤਾਂ ਇਕ ਆਗੂ ਇਸ ਪਾਰਟੀ ਦਾ ਦੇਸ਼ ਦਾ ਪ੍ਰਧਾਨ ਮੰਤਰੀ ਵੀ ਰਹਿ ਚੁੱਕਿਆ ਦੱਸਿਆ ਜਾਂਦਾ ਹੈ, ਜਿਸ ਨੇ ਕਈ ਦੇਸ਼ ਭਗਤਾਂ ਤੇ ਗੱਦਰੀ ਬਾਬਿਆਂ ਨੂੰ ਅੰਗੇਰਜਾਂ ਕੋਲੋਂ ਜੇਲੀਂ ਡਕਾਇਆ ਸੀ। ਜੇਕਰ ਆਰ.ਐੱਸ.ਐੱਸ. ਦੇ ਇਤਿਹਾਸ 'ਤੇ ਸਰਸਰੀ ਜਿਹੀ ਝਾਤ ਮਾਰੀਏ, ਤਾਂ ਪਤਾ ਲੱਗਦਾ ਹੈ ਕਿ ਆਰ.ਐੱਸ.ਐੱਸ. ਦੀ ਸਥਾਪਨਾ 1925 ਵਿਚ ਡਾ. ਕੇਸ਼ਵ ਬਲੀਰਾਮ ਹੈਡਗੇਵਾਰ ਨੇ ਸੰਨ 1925 ਵਿਚ ਨਾਗਪੁਰ ਵਿਖੇ ਕੀਤੀ ਸੀ। ਜਿਸ ਦਾ ਮੰਤਵ ਸਿਰਫ ਤੇ ਸਿਰਫ 'ਹਿੰਦੂ ਰਾਸ਼ਟਰ' ਸਥਾਪਤ ਕਰਨਾ ਸੀ। ਦੇਸ਼ ਦੇ ਲੋਕ ਤਾਂ ਇਹ ਵੀ ਜਾਣਦੇ ਹਨ ਕਿ ਆਰ.ਐੱਸ.ਐੱਸ. ਦਾ ਹੀ ਇਕ ਆਗੂ 'ਨਥੂ ਰਾਮ ਗੋਡਸਾ' ਵੀ ਸੀ। ਜਿਸ ਨੇ 30 ਜਨਵਰੀ 1948 ਨੂੰ ਦੇਸ਼ ਦੇ ਰਾਸ਼ਟਰ ਪਿਤਾ ਕਹੇ ਜਾਂਦੇ "ਮਹਾਤਮਾ ਗਾਂਧੀ" ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਸੀ। ਸੰਸਾਰ ਭਰ ਦੇ ਜਾਗਰੂਕ ਲੋਕਾਂ ਵਲੋਂ ਆਰ.ਐੱਸ.ਐੱਸ. ਨੂੰ ਹਿੰਦੂਤਵੀਆਂ ਦੀ ਕੱਟੜ ਜਥੇਬੰਦੀ ਆਖਿਆ ਜਾਂਦਾ ਹੈ। ਇਸ ਦੀਆਂ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਦੇਖਦੇ ਹੋਏ ਇਸ ਜਥੇਬੰਦੀ ਨੂੰ ਦੇਸ਼ ਦੀ ਸਰਕਾਰ ਵਲੋਂ ਤਿੰਨ ਵਾਰ 1948, 1975 ਅਤੇ 1992 ਵਿਚ ਬੈਨ ਵੀ ਕੀਤਾ ਜਾਂਦਾ ਰਿਹਾ ਹੈ। ਇਹ ਜਥੇਬੰਦੀ ਸਿਰਫ ਤੇ ਸਿਰਫ ਹਿੰਦੂਆਂ ਦੀ ਜਥੇਬੰਦੀ ਹੈ, ਇਸ ਦੇ ਮਨ ਵਿਚ ਮੁਸਲਮਾਨਾਂ, ਸਿੱਖਾਂ, ਘੱਟ ਗਿਣਤੀਆਂ ਸਮੇਤ ਦਲਿਤਾਂ ਲਈ ਕੁੱਟ-ਕੁੱਟ ਕੇ ਨਫਰਤ ਭਰੀ ਹੋਈ ਹੈ। ਜਿਸ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਨ੍ਹਾਂ ਵਲੋਂ ਕੀਤੀਆਂ ਲੋਕ ਵਿਰੋਧੀ ਕਾਰਵਾਈਆਂ ਤੋਂ ਦਿੱਤੀ ਜਾ ਸਕਦੀ ਹੈ। ਇਸ ਦਾ ਅਸਲੀ ਚਿਹਰਾ ਮੋਹਰਾ ਉਸ ਵੇਲੇ ਹੋਰ ਵੀ ਨਿਖਰ ਕੇ ਆਇਆ, ਜਦੋਂ ਕਾਂਗਰਸ ਪਾਰਟੀ ਦੀਆਂ ਸਿਖਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਹੋਣ ਕਾਰਨ ਦੇਸ਼ ਦੇ ਲੋਕ ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਲੋਕਾਂ ਨਾਲ ਹੋ ਰਹੀਆਂ ਸਿਖਰਾਂ ਦੀਆਂ ਬੇਇਨਸਾਫੀਆਂ ਆਦਿ ਅਲਾਮਤਾਂ ਤੋਂ ਇੰਨੇ ਪਰੇਸ਼ਾਨ ਹੋ ਗਏ ਸਨ ਕਿ ਉਹ ਦੇਸ਼ ਵਿਚ ਕੋਈ ਹੋਰ ਯੋਗ ਬੱਦਲ ਨਜ਼ਰ ਨਾ ਆਉਂਦਾ ਵੇਖਦੇ ਹੋਏ। ਉਹ ਦੇਸ਼ ਵਿਚ 2014 ਵਿਚ ਹੋ ਰਹੀਆਂ ਲੋਕ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਉਭਰੇ ਭਾਜਪਾ ਦੇ ਆਗੂ ਜਿਹੜੇ ਸ਼੍ਰੀ ਨਰਿੰਦਰ ਮੋਦੀ ਦੇ ਲੱਛੇਦਾਰ ਭਾਸਣਾਂ "ਨਾ ਖਾਊਂ ਗਾ ਨਾ ਖਾਣੇ ਦੂੰਗਾ" ਆਦਿ ਤੋਂ ਇੰਨੇ ਪ੍ਰਭਾਵਤ ਹੋਏ ਕਿ ਸ਼੍ਰੀ ਨਰਿੰਦਰ ਮੋਦੀ ਦੀਆਂ ਮੋਮੋਠਗਣੀਆਂ ਗੱਲਾਂ ਵਿਚ ਆ ਗਏ ਕਿ ਦੇਸ਼ ਵਿਚ ਸਾਡੀ ਸਰਕਾਰ ਬਣਾਉ। ਅਸੀਂ ਹਰ ਸਾਲ ਦੋ ਕਰੋੜ ਬੇਰੁਜ਼ਗਾਰ ਨੌਜੁਆਨਾਂ ਨੂੰ ਰੁਜ਼ਗਾਰ ਦੇਵਾਂਗੇ, ਵਿਦੇਸ਼ਾਂ ਵਿਚ ਪਿਆ ਕਾਲਾ ਧੰਨ ਦੇਸ਼ ਵਿਚ ਲਿਆ ਕੇ ਹਰੇਕ ਪੰਜ ਜੀਆਂ ਦੇ ਪਰਿਵਾਰ ਦੇ ਬੈਂਕ ਖਾਤੇ ਵਿਚ 15-15 ਲੱਖ ਰੁਪਏ ਜਮਾ ਕਰਵਾਇਆ ਜਾਵੇਗਾ, ਮਹਿੰਗਾਈ ਤੇ ਭ੍ਰਿਸ਼ਟਾਚਾਰ ਦਾ ਖਾਤਮਾ ਮੁਕੰਮਲ ਤੌਰ 'ਤੇ ਕਰ ਦਿੱਤਾ ਜਾਵੇਗਾ, ਵਗੈਰਾ..ਵਗੈਰਾ। ਦੇਸ਼ ਦੇ ਲੋਕਾਂ ਨੇ ਭਾਜਪਾ ਆਗੂ ਸ਼੍ਰੀ ਨਰਿੰਦਰ ਮੋਦੀ ਦੀਆਂ ਗੱਲਾਂ 'ਤੇ ਰੱਬ ਵਰਗਾ ਵਿਸ਼ਵਾਸ ਕਰਕੇ 2014 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੂੰ ਬੁਰੀ ਤਰ੍ਹਾਂ ਹਰਾ ਕੇ ਦੇਸ਼ ਦੀ ਵਾਂਗਡੋਰ ਸ਼੍ਰੀ ਨਰਿੰਦਰ ਮੋਦੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾ ਕੇ ਉਸ ਦੇ ਹੱਥ ਫੜ੍ਹਾ ਦਿੱਤੀ। ਦੇਸ਼ ਦੇ ਲੋਕ ਨੇ ਇਹ ਜਾਣ ਕੇ ਪਿਛਲੇ ਕਈ ਦਹਾਕਿਆਂ ਤੋਂ ਉਲਝੀ ਹੋਈ ਤਾਣੀ ਨੂੰ ਠੀਕ ਹੋਣ ਨੂੰ ਕੁਝ ਸਮਾਂ ਲੱਗਦਾ ਹੈ, ਸਰਕਾਰ ਦੇ ਕੰਮਕਾਜ ਨੂੰ ਨਿਰਾਸ਼ਾਵਾਦੀ ਜਾਣਦੇ ਹੋਏ ਵੀ ਨਰਾਜ਼ਗੀ ਦਾ ਪ੍ਰਗਟਾਵਾ ਨਾ ਕਰਦਿਆਂ ਰੋਸ ਵਿਖਾਉਣ ਦੀ ਥਾਂ 'ਤੇ ਚੁੱਪ ਵੱਟੀ ਰੱਖੀ। ਉਪਰੰਤ 2019 ਵਿਚ ਲੋਕ ਸਭਾ ਦੀਆਂ ਹੋਈਆਂ ਚੋਣਾਂ ਵਿਚ ਫਿਰ ਵਿਸ਼ਵਾਸ ਕਰਕੇ ਦੇਸ਼ ਦੀ ਵਾਂਗਡੋਰ ਫੜ੍ਹਾ ਦਿੱਤੀ। ਇਸ ਸਮੇਂ ਦੌਰਾਨ ਦੇਸ਼ ਦੇ ਲੋਕਾਂ ਨੇ ਦੇਸ਼ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਵਲੋਂ ਇਹ ਬਿਆਨ ਦੇ ਕੇ ਲੋਕਾਂ ਦੇ ਖਾਤੇ ਵਿਚ ਵਿਦੇਸ਼ਾਂ ਵਿਚ ਪਿਆ ਕਾਲਾ ਧੰਨ ਲੋਕਾਂ ਦੇ ਖਾਤੇ ਵਿਚ 15-15 ਲੱਖ ਰੁਪਏ ਜਮਾ ਕਰਾਉਣ ਦਾ ਵਾਅਦਾ ਤਾਂ ਸਿਰਫ ਇਕ "ਚੁਣਾਵੀ ਜੁਮਲਾ" ਸੀ। ਨੌਜੁਆਨਾਂ ਨੂੰ ਹਰ ਸਾਲ ਦੋ ਕਰੋੜ ਨੌਕਰੀਆਂ ਦੇਣੀਆਂ ਦੂਰ ਦੀ ਗੱਲ, ਬਲਕਿ ਬੇਰੁਜ਼ਗਾਰੀ ਦਾ ਨਿਰੰਤਰ ਵਧਦੇ ਜਾਣਾ, ਮਹਿੰਗਾਈ ਤੇ ਭ੍ਰਿਸ਼ਟਾਚਾਰ ਦਾ ਇੰਨਾ ਬੋਲਬਾਲਾ ਹੋ ਜਾਣਾ ਆਦਿ ਨੇ ਦੇਸ਼ ਦੇ ਲੋਕਾਂ ਦੀਆ ਅੱਖਾਂ ਖੋਲ੍ਹਣੀਆਂ ਸ਼ੁਰੂ ਕਰ ਦਿੱਤੀਆਂ, ਜਦੋਂ ਦੇਸ਼ ਦੇ ਲੋਕਾਂ ਨੂੰ ਅਨੁਭਵ ਹੋ ਗਿਆ ਕਿ ਉਹ ਤਾਂ ਸ਼੍ਰੀ ਨਰਿੰਦਰ ਮੋਦੀ ਕੋਲੋਂ ਫਿਰ ਠੱਗੇ ਗਏ ਹਨ। ਦੇਸ਼ ਦਾ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਆਮ ਲੋਕਾਂ ਦੇ ਕੰਮ ਕਰਨ ਦੀ ਥਾਂ 'ਤੇ ਆਪਣੇ ਦੋ ਗੁਜਰਾਤੀ ਮਿੱਤਰਾਂ ਅੰਬਾਨੀ ਤੇ ਅਡਾਨੀ ਦੇ ਹੱਥਾਂ ਵਿਚ ਖੇਡ ਰਿਹਾ ਹੈ ਤੇ ਦੇਸ਼ ਦੀ ਵਾਂਗਡੋਰ ਵੱਡੇ ਕਾਰਪੋਰੇਟਾਂ ਦੇ ਹੱਥਾਂ ਵਿਚ ਦੇ ਰਿਹਾ ਹੈ। ਜਿਸ ਕਾਰਨ ਨੌਜੁਆਨਾਂ ਨੂੰ ਰੁਜ਼ਗਾਰ ਮਿਲਣਾ ਤਾਂ ਇਕ ਪਾਸੇ ਰਿਹਾ, ਸਰਕਾਰ ਦੇ ਅਦਾਰਿਆਂ ਨੂੰ ਕੋਡੀਆਂ ਦੇ ਭਾਅ ਵੇਚ ਕੇ ਵੱਡੇ ਕਾਰਪੋਰੇਟਾਂ ਦੇ ਹੱਥਾਂ ਵਿਚ ਫੜ੍ਹਾ ਕੇ ਉਨ੍ਹਾਂ ਦਾ ਨਿੱਜੀਕਰਨ ਕਰ ਰਿਹਾ ਹੈ। ਜਿਸ ਦਾ ਨਤੀਜਾ ਇਹ ਹੋ ਰਿਹਾ ਸੀ ਕਿ ਜਿਹੜੇ ਰੁਜ਼ਗਾਰ 'ਤੇ ਲੱਗੇ ਹੋਏ ਨੌਜੁਆਨਾਂ ਨੂੰ ਰੁਜ਼ਗਾਰ ਦੇਣ ਦੀ ਥਾਂ 'ਤੇ ਰੁਜ਼ਗਾਰ 'ਤੇ ਲੱਗੇ ਹੋਏ ਨੌਜੁਆਨਾਂ ਨੂੰ ਬੇਰੁਜ਼ਗਾਰ ਕਰਕੇ ਬੇਰੁਜ਼ਗਾਰੀ ਵਿਚ ਹੋਰ ਵਾਧਾ ਕਰ ਰਹੇ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਨੇ ਦੇਸ਼ ਦੇ ਲੋਕਾਂ ਨਾਲ ਵਾਅਦੇ ਪੂਰੇ ਕਰਨ ਦੀ ਥਾਂ 'ਤੇ ਘੱਟ ਗਿਣਤੀਆਂ ਮੁਸਲਮਾਨਾਂ ਨਾਲ ਹਰ ਪੜਾਅ 'ਤੇ ਉਨ੍ਹਾਂ ਉਤੇ ਸਿਖਰਾਂ ਦੇ ਕੀ-ਕੀ ਜ਼ੁਲਮ ਢਾਹੇ ਜਾਂਦੇ ਰਹੇ। ਦੇਸ਼ ਦੇ ਲੋਕ ਭਲੀਭਾਂਤ ਜਾਣਦੇ ਹਨ, ਜਿਸ ਨੂੰ ਮੁੜ ਬਿਆਣਨ ਦੀ ਲੋੜ ਨਹੀਂ। ਇਹੋ ਹਾਲ ਹੋਰ ਘੱਟ ਗਿਣਤੀਆਂ ਸਮੇਤ ਸਿੱਖਾਂ ਤੇ ਦਲਿਤਾਂ ਨਾਲ ਕਈ ਤਰੀਕਿਆਂ ਨਾਲ ਢਾਹਿਆ ਜਾਂਦਾ ਆ ਰਿਹਾ ਹੈ। ਜਿਹੜੇ-ਜਿਹੜੇ ਮਨਲੁਭਾਣੇ ਵਾਅਦੇ ਸ਼੍ਰੀ ਨਰਿੰਦਰ ਮੋਦੀ ਨੇ ਦੇਸ਼ ਦੇ ਲੋਕਾਂ ਨਾਲ ਕੀਤੇ ਸਨ, ਉਨ੍ਹਾਂ ਨੂੰ ਭੁੱਲ-ਭੁੱਲਾ ਕੇ ਦੇਸ਼ ਦੇ ਸਿਰਫ ਤੇ ਸਿਰਫ ਹਿੰਦੂਆਂ ਨੂੰ ਖੁਸ਼ ਕਰਨ ਦੀ ਨੀਅਤ ਨਾਲ ਜੰਮੂ-ਕਸ਼ਮੀਰ ਦੀ ਧਾਰਾ 370 ਤੇ 35ਏ ਖਤਮ ਕੀਤੀ ਗਈ। ਉਨ੍ਹਾਂ ਦੇ ਪ੍ਰਾਂਤ ਜੰਮੂ-ਕਸ਼ਮੀਰ ਦਾ ਨਾਮੋ-ਨਿਸ਼ਾਨ ਮਿਟਾ ਕੇ ਕੇਂਦਰੀ ਸ਼ਾਸਿਤ ਪਰਦੇਸ਼ ਬਣਾ ਦਿੱਤਾ ਗਿਆ। ਅੱਜ ਦੇਸ਼ ਦਾ ਹਰ ਵਰਗ ਚਾਹੇ ਹਿੰਦੂ ਹੈ, ਸਿੱਖ ਹੈ, ਮੁਸਲਮਾਨ ਹੈ ਜਾਂ ਫਿਰ ਦਲਿਤ ਹਨ, ਸਭ ਨੇ ਅਨੁਭਵ ਕਰ ਲਿਆ ਹੈ ਕਿ ਦੇਸ਼ ਦੀ ਸਰਕਾਰ ਲੋਕਾਂ ਨਾਲ ਕੀਤੇ ਸਾਰੇ ਵਾਅਦਿਆਂ ਨੂੰ ਭੁੱਲ-ਭੁਲਾ ਕੇ ਆਰ.ਐੱਸ.ਐੱਸ. ਦੀ ਸੋਚ ਮੁਤਾਬਿਕ ਦੇਸ਼ ਨੂੰ ਚਲਾਉਣਾ ਚਾਹੁੰਦੀ ਹੈ। ਉਹ ਸਮਝਣ ਲੱਗ ਪਈ ਹੈ ਦੇਸ਼ ਨੂੰ ਸਿਰਫ ਹਿੰਦੂ ਰਾਸ਼ਟਰ ਬਣਾਉਣ, ਮੁਸਲਮਾਨਾਂ ਤੇ ਹੋਰ ਵਰਗਾਂ ਨਾਲ ਨਫਰਤ ਕਰਨ ਨਾਲ ਉਨ੍ਹਾਂ ਦਾ ਢਿੱਡ ਨਹੀਂ ਭਰਨਾ। ਕੁਝ ਲੋਕ ਤਾਂ ਇਹ ਵੀ ਕਹਿਣ ਲੱਗ ਪਏ ਹਨ ਕਿ ਭਗਤਾਂ ਨੇ ਵੀ ਸਿਰਫ ਭੁੱਖੇ ਰੱਬ ਦੀ ਭਗਤੀ ਕਰਨ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ "ਭੁੱਖੇ ਭਗਤੀ ਨਹੀਂ ਕੀਤੀ ਜਾ ਸਕਦੀ"। ਦੇਸ਼ ਦੇ ਲੋਕਾਂ ਨਾਲ ਵਾਅਦਾ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਮੁਫਤ ਵਿਦਿਆ ਤੇ ਸਿਹਤ ਸਹੂਲਤਾਂ, ਰੁਜ਼ਗਾਰ ਨਾ ਮਿਲਣਾ, ਮਹਿੰਗਾਈ, ਰਿਸ਼ਵਤਖੋਰੀ ਆਦਿ ਨੇ ਉਨ੍ਹਾਂ ਦੇ ਜੀਵਨ ਨੂੰ ਦੁੱਭਰ ਕਰ ਦਿੱਤਾ ਹੈ। ਕੱਟੜ ਹਿੰਦੂਆਂ ਤੇ ਆਰ.ਐੱਸ.ਐੱਸ. ਪੱਖੀ ਲੋਕਾਂ ਦੇ ਦਿਲਾਂ ਵਿਚੋਂ ਭਾਜਪਾ ਤੇ ਵਿਸ਼ੇਸ਼ ਕਰਕੇ ਸ਼੍ਰੀ ਨਰਿੰਦਰ ਮੋਦੀ ਦਾ ਜਨੂੰਨ ਖਤਮ ਹੋਣਾ ਸ਼ੁਰੂ ਹੋ ਗਿਆ ਕਿਉਂਕਿ ਉਸ ਨੇ ਦੇਸ਼ ਦੇ ਲੋਕਾਂ ਨਾਲ ਜਿਹੜੇ-ਜਿਹੜੇ ਵਾਅਦੇ ਕੀਤੇ ਸਨ, ਉਨ੍ਹਾਂ ਵਿਚੋਂ ਕਿਸੇ ਇਕ ਉਤੇ ਵੀ ਖਰਾ ਨਹੀਂ ਉਤਰਿਆ। ਦੁੱਖ ਨਾਲ ਲਿਖਣਾ ਪੈ ਰਿਹਾ ਹੈ ਹਾਲੇ ਵੀ ਮੁੱਠੀ ਭਰ ਉਹ ਕੱਟੜ ਕਿਸਮ ਦੇ ਹਿੰਦੂ ਧਰਮ ਨਾਲ ਸਬੰਧਤ ਲੋਕ ਰਹਿ ਗਏ ਹਨ, ਜਿਹੜੇ ਉਨ੍ਹਾਂ ਦੇ ਢਿੱਡ ਭੁੱਖੇ ਹੋਣ ਦੇ ਬਾਵਜੂਦ ਇਹ ਕਹਿ ਰਹੇ ਹਨ ਕਿ 'ਸਾਨੂੰ ਨਾ ਚੰਗੇ ਸਕੂਲ ਚਾਹੀਦੇ ਹਨ', 'ਨਾ ਹੀ ਮੁਫਤ ਇਲਾਜ ਦੇ ਲਈ ਚੰਗੇ ਹਸਪਤਾਲ' ਸਾਨੂੰ ਤਾਂ ਸਿਰਫ ਤੇ ਸਿਰਫ 'ਹਿੰਦੂ ਰਾਸ਼ਟਰ' ਚਾਹੀਦਾ ਹੈ। ਅਜਿਹੇ ਕੱਟੜ ਕਿਸਮ ਦੇ ਲੋਕ ਜਿਥੇ ਦੇਸ਼ ਨਾਲ ਤਾਂ ਧਰੋਹ ਕਮਾ ਰਹੇ ਹਨ, ਉਥੇ ਉਹ ਦੇਸ਼ ਦੇ ਲੋਕਾਂ ਨਾਲ ਵੀ ਦੱਗਾ ਕਰ ਰਹੇ ਹਨ। ਦੇਸ਼ ਵਿਚ 2024 ਵਿਚ ਹੋਈਆਂ ਲੋਕ ਸਭਾ ਚੋਣਾਂ ਭਾਜਪਾ ਆਸ ਕਰਦੀ ਸੀ ਕਿ ਦੇਸ਼ ਦੇ ਲੋਕ ਵਿਸ਼ੇਸ਼ ਕਰਕੇ ਹਿੰਦੂ ਉਨ੍ਹਾਂ ਨੂੰ 300 ਤੋਂ ਵਧੇਰੇ ਸੀਟਾਂ ਜਿੱਤਾ ਕੇ ਦੇਣਗੇ। ਪਰ ਦੇਸ਼ ਦੇ ਵੱਡੀ ਗਿਣਤੀ ਵਿਚ ਲੋਕਾਂ ਨੇ ਉਨ੍ਹਾਂ ਉਤੇ ਕੱਟੜ ਹਿੰਦੂ ਹੋਣ ਦੇ ਚੜ੍ਹੇ ਮੁੱਲਮੇ ਨੂੰ ਕਾਫੀ ਹੱਦ ਤਕ ਲਾਹ ਦਿੱਤਾ ਹੈ। ਜਿਸ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਨੇ ਭਾਜਪਾ ਨੂੰ ਇੱਕਲਿਆਂ ਦੇਸ਼ ਵਿਚ ਰਾਜ ਕਰਨ ਲਈ ਬਹੁਮੱਤ ਵੀ ਨਹੀਂ ਦਿੱਤਾ। ਉਨ੍ਹਾਂ ਨੂੰ ਰਾਜ ਕਰਨ ਕਰਨ ਲਈ ਲੋੜੀਂਦੀਆਂ ਲੋਕ ਸਭਾ ਸੀਟਾਂ ਵੀ ਨਹੀਂ ਦਿੱਤੀਆਂ। ਭਾਜਪਾ ਨੂੰ ਹੋਰ ਰਾਜਸੀ ਪਾਰਟੀਆਂ ਨਾਲ ਰੱਲ ਕੇ ਕੇਂਦਰ ਵਿਚ ਸਰਕਾਰ ਬਣਾਉਣੀ ਪਈ ਹੈ। ਇਸ ਦਾ ਮਤਲਬ ਸਪੱਸ਼ਟ ਹੈ ਕਿ ਦੇਸ਼ ਦੇ ਲੋਕਾਂ ਵਿਚੋਂ ਭਾਜਪਾ ਤੇ ਆਰ.ਐੱਸ.ਐੱਸ. ਦਾ ਵਕਾਰ ਦਿਨ-ਬ-ਦਿਨ ਖਤਮ ਹੋ ਰਿਹਾ ਹੈ। ਇਸ ਤੋਂ ਇਹ ਵੀ ਸਪੱਸ਼ਟ ਹੋ ਰਿਹਾ ਹੈ ਕਿ ਦੇਸ਼ ਦੇ ਲੋਕ ਆਰ.ਐੱਸ.ਐੱਸ. ਦੀਆਂ ਨੀਤੀਆਂ ਨੂੰ ਪਸੰਦ ਨਹੀਂ ਕਰਦੇ। ਲੋਕ ਤਾਂ ਇਹ ਵੀ ਸੋਚਣ ਲਈ ਮਜਬੂਰ ਹੋ ਰਹੇ ਹਨ ਕਿ ਭਾਜਪਾ ਸਮੇਤ ਆਰ.ਐੱਸ.ਐੱਸ. ਦੇ ਆਗੂ ਸਿਖਰਾਂ ਦੇ ਝੂਠੇ ਹਨ। ਉਨ੍ਹਾਂ ਦੇ ਆਗੂ ਸ਼੍ਰੀ ਮੋਹਨ ਭਾਗਵਤ ਵਲੋਂ ਦੇਸ਼ ਆਜ਼ਾਦ ਹੋਣ ਤੋਂ 78 ਵਰ੍ਹੇ ਬਾਅਦ ਇਹ ਬਿਆਨ ਦੇਣਾ ਕਿ ਆਰ.ਐੱਸ.ਐੱਸ. ਦੀ ਸਥਾਪਨਾ ਦੇਸ਼ ਨੂੰ ਆਜ਼ਾਦ ਕਰਾਉਣ ਲਈ ਹੋਈ ਸੀ, ਨਿਰਾ ਝੂਠ ਦਾ ਪੁਲੰਦਾ ਤੇ ਸੱਚਾਈ ਤੋਂ ਕੋਹਾਂ ਦੂਰ ਵਾਲਾ ਪ੍ਰਤੀਤ ਹੋ ਰਿਹਾ ਹੈ। ਦੇਸ਼ ਦੀ ਮੌਜੂਦਾ ਭਾਜਪਾ ਸਰਕਾਰ ਵਲੋਂ ਹੁਣ ਜਦੋਂ ਦੇਸ਼ ਦੇ ਇਤਿਹਾਸ ਨੂੰ ਤਰੋੜ-ਮਰੋੜ ਕੇ ਝੂਠ-ਮੂਠ ਵੀ ਲਿਖਿਆ ਜਾ ਰਿਹਾ ਹੈ, ਤਾਂ ਕਿ ਆਉਣ ਵਾਲੀ ਨੌਜੁਆਨ ਪਨੀਰੀ ਨੂੰ ਗਲਤ-ਮਲਤ ਇਤਿਹਾਸ ਪੜ੍ਹਾ ਕੇ ਆਪਣੀ ਵਿਗੜੀ ਹੋਈ ਸ਼ਾਖ ਨੂੰ ਠੀਕ ਕੀਤਾ ਜਾ ਸਕੇ। ਪਰ ਦੇਸ਼ ਦੇ ਸਮਝਦਾਰ ਤੇ ਸਿਆਣੇ ਲੋਕ ਆਰ.ਐੱਸ.ਐੱਸ. ਦੇ ਮੁਖੀ ਸ਼੍ਰੀ ਮੋਹਨ ਭਾਗਵਤ ਦੀ ਇਸ ਝੂਠੀ ਤੇ ਕੋਝੀ ਚਾਲ ਨੂੰ ਵੀ ਕਦੇ ਸਫਲ ਨਹੀਂ ਹੋਣ ਦੇਣਗੇ।

**ਚੈਨਲਾਂ ਦੇ ਹੇਠਾਂ ਜਿਹੜੇ ਲੋਕਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ, ਉਨ੍ਹਾਂ ਨੇ ਆਰ.ਐੱਸ.ਐੱਸ. ਵਲੋਂ ਦੇਸ਼ ਦੀ ਆਜ਼ਾਦੀ ਸਮੇਂ ਨਿਭਾਈ ਭੂਮਿਕਾ ਤੇ ਉਸ ਦਾ ਸਾਰਾ ਹੀਜ ਪਿਆਜ ਵੀ ਲੋਕਾਂ ਵਿਚ ਨੰਗਾ ਕਰਕੇ ਰੱਖ ਦਿੱਤਾ ਹੈ।**

# ਬੈਠ ਖਡੂਰੇ ਜੋਤਿ ਜਗਾਈ

## ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

ਪ੍ਰੋਫੈਸਰ ਦਿਲਪ੍ਰੀਤ ਸਿੰਘ
ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ
ਮੋ. : 98772-94483
ਪੰਜਾਬ ਮੇਲ USA

ਸਿੱਖ ਧਰਮ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਹਯਾਤੀ ਸਮੇਂ ਪ੍ਰਚਾਰ ਅਤੇ ਪ੍ਰਸਾਰ ਰਾਹੀਂ ਭੁੱਲੀ ਹੋਈ ਲੁਕਾਈ ਨੂੰ ਸੱਚ ਦਾ ਮਾਰਗ ਦਿਖਾਇਆ, ਜਿਸ ਤੋਂ ਇੱਕ ਵਿਲੱਖਣ ਪੰਥ ਦੀ ਸ਼ੁਰੂਆਤ ਹੋਈ।

ਮਾਰਿਆ ਸਿਕਾ ਜਗਤਿ ਵਿਚ ਨਾਨਕ ਨਿਰਮਲ ਪੰਥ ਚਲਾਇਆ॥
(ਵਾਰ ਪਹਿਲੀ, ਪਉੜੀ 45)

ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਪੰਥ ਦੇ ਦੂਸਰੇ ਪਾਂਧੀ ਸ੍ਰੀ ਗੁਰੂ ਅੰਗਦ ਦੇਵ ਜੀ ਬਣੇ ਸਨ। ਗੁਰੂ ਅੰਗਦ ਦੇਵ ਜੀ ਨੇ ਭਾਈ ਲਹਿਣਾ ਦੇ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਸੇਵਾ ਕੀਤੀ ਅਤੇ ਉਨ੍ਹਾਂ ਦਾ ਹੁਕਮ ਮਨ ਕੇ ਗੁਰੂ ਘਰ ਵਿਚ ਪਰਵਾਨ ਹੋਏ।

ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ 1504 ਈ: ਨੂੰ ਮੱਤੇ ਦੀ ਸਰਾਂ, ਜ਼ਿਲ੍ਹਾ ਫਿਰੋਜ਼ਪੁਰ (ਹੁਣ ਮੁਕਤਸਰ ਸਾਹਿਬ) ਵਿਖੇ ਮਾਤਾ ਦਇਆ ਕੌਰ (ਕੁਝ ਵਿਦਵਾਨਾਂ ਅਨੁਸਾਰ ਮਾਤਾ ਸਭਰਾਈ) ਅਤੇ ਪਿਤਾ ਫੇਰੂ ਮੱਲ ਜੀ ਦੇ ਘਰ ਹੋਇਆ। ਭਾਈ ਲਹਿਣਾ ਜੀ ਦਾ ਵਿਆਹ 1519 ਈ: ਵਿਚ ਸੰਘਰ ਪਿੰਡ ਦੇ ਦੇਵੀ ਚੰਦ ਦੀ ਸਪੁੱਤਰੀ ਬੀਬੀ ਖੀਵੀ ਨਾਲ ਹੋਇਆ। ਆਪ ਜੀ ਦੇ ਘਰ ਦੋ ਸਪੁੱਤਰ ਦਾਸੂ ਤੇ ਦਾਤੂ ਜੀ ਅਤੇ ਦੋ ਸਪੁੱਤਰੀਆਂ ਬੀਬੀ ਅਮਰੋ ਤੇ ਬੀਬੀ ਅਨੋਖੀ ਨੇ ਜਨਮ ਲਿਆ। ਆਪ ਜੀ ਦੇ ਪਿਤਾ ਹੱਟੀ ਦੀ ਕਾਰ ਕਰਦੇ ਸਨ। ਪ੍ਰਮਾਤਮਾ ਦੇ ਹੁਕਮ ਅਨੁਸਾਰ ਆਪ ਜੀ ਦੇ ਪਿਤਾ ਕੁਝ ਸਮੇਂ ਬਾਅਦ ਚਲਾਣਾ ਕਰ ਗਏ ਸਨ। ਪਿਤਾ ਵਾਲੀ ਸਾਰੀ ਜ਼ਿੰਮੇਵਾਰੀ ਭਾਈ ਲਹਿਣਾ ਜੀ ਨੂੰ ਸੰਭਾਲਣੀ ਪਈ। ਆਪ ਜੀ ਦੇ ਪਿਤਾ ਹਰ ਸਾਲ ਦੇਵੀ ਦੀ ਯਾਤਰਾ ਲਈ ਜਾਂਦੇ ਸਨ। ਭਾਈ ਲਹਿਣਾ ਜੀ ਵੀ ਜਥੇ ਨੂੰ ਨਾਲ ਲੈ ਕੇ ਦੇਵੀ ਦੇ ਦਰਸ਼ਨਾਂ ਲਈ ਜਾਇਆ ਕਰਦੇ ਸਨ, ਪਰੰਤੂ ਉਥੋਂ ਆਪ ਦੀ ਮਨ ਨੂੰ ਬਹੁਤ ਹੀ ਸ਼ਾਂਤੀ ਪ੍ਰਾਪਤ ਨਾ ਹੋਈ।

ਇੱਕ ਦਿਨ ਇਸੇ ਤਰ੍ਹਾਂ ਭਾਈ ਲਹਿਣਾ ਜੀ ਜਾ ਰਹੇ ਸਨ। ਆਪ ਦੇ ਕੰਨਾਂ ਅੰਦਰ ਸ਼ਬਦ ਦੀ ਆਵਾਜ਼ ਪਈ, ਜਿਸ ਨੇ ਆਪ ਨੂੰ ਬਹੁਤ ਸਕੂਨ ਦਿੱਤਾ। ਉਹ ਸ਼ਬਦ ਇਹ ਸਨ:-

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗ ਜੀਵਣੁ ਸੰਸਾਰ ਤਾ ਕੈ ਪਾਛੈ ਜੀਵਣਾ॥
(ਗੁਰੂ ਗ੍ਰੰਥ ਸਾਹਿਬ, ਅੰਗ ੮੩)

ਇਸ ਨੂੰ ਭਾਈ ਜੋਧ ਜੀ ਰੋਜ਼ਾਨਾ ਦੀ ਤਰ੍ਹਾਂ ਬੜੀ ਪ੍ਰੇਮ ਵਿਚ ਭਿੱਜ ਕੇ ਗਾ ਰਹੇ ਸਨ।

ਇਹ ਸ਼ਬਦ ਨੇ ਭਾਈ ਲਹਿਣਾ ਜੀ ਦਾ ਜੀਵਨ ਪਲਟ ਦਿੱਤਾ। ਆਪ ਜੀ ਦੇ ਮਨ ਅੰਦਰ ਉਸ ਗੁਰੂ ਜੀ ਨੂੰ ਮਿਲਣ ਦੀ ਚੇਟਕ ਪੈਦਾ ਹੋਈ, ਜਿਨ੍ਹਾਂ ਦੀ ਬਾਣੀ ਭਾਈ ਜੋਧ ਜੀ ਗਾ ਰਹੇ ਸਨ। ਇਸ ਤੋਂ ਬਾਅਦ ਆਪ ਦਾ ਮਿਲਾਪ ਗੁਰੂ ਨਾਨਕ ਦੇਵ ਜੀ ਨਾਲ ਹੋਇਆ ਅਤੇ ਆਪ ਸਦਾ ਲਈ ਉਨ੍ਹਾਂ ਦੇ ਮੁਰੀਦ ਹੋ ਗਏ।


ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੀਆਂ ਬਹੁਤ ਸਾਰੀਆਂ ਪ੍ਰੀਖਿਆਵਾਂ ਲਈਆਂ ਸਨ। ਆਪ ਜੀ ਸਾਰੀਆਂ ਪ੍ਰੀਖਿਆਵਾਂ ਵਿਚ ਖਰੇ ਉਤਰੇ ਸਨ। ਗੁਰੂ ਨਾਨਕ ਦੇਵ ਜੀ ਨੇ ਗੁਰਿਆਈ ਦਾ ਤਿਲਕ ਆਪ ਨੂੰ ਬਖਸ਼ ਕੇ ਭਾਈ ਲਹਿਣਾ ਤੋਂ ਗੁਰੂ ਅੰਗਦ ਬਣਾ ਦਿੱਤਾ।

ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥
(ਵਾਰ ੧, ਪਉੜੀ ੪੫)

ਗੁਰੂ ਨਾਨਕ ਦੇਵ ਜੀ ਨੇ ਹੁਕਮ ਅਨੁਸਾਰ ਆਪ ਜੀ ਕਰਤਾਰਪੁਰ ਤੋਂ ਖਡੂਰ ਸਾਹਿਬ ਵਿਖੇ ਆ ਕੇ ਰਹਿਣ ਲੱਗੇ।

ਦਿਤਾ ਛੋੜਿ ਕਰਤਾਰ ਪੁਰ ਬੈਠਿ ਖਡੂਰੇ ਜੋਤਿ ਜਗਾਈ॥ (ਵਾਰ ੧, ਪਉੜੀ ੪੬)

ਗੁਰੂ ਅੰਗਦ ਦੇਵ ਜੀ ਨੇ ਨਾ ਕੇਵਲ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਕਾਰਜਾਂ ਨੂੰ ਨਿਰੰਤਰਤਾ ਦਿੱਤੀ, ਸਗੋਂ ਉਨ੍ਹਾਂ ਨੂੰ ਗਤੀ ਪ੍ਰਦਾਨ ਕਰਕੇ ਵਿਸਥਾਰ ਵੀ ਦਿੱਤਾ।



> **ਗੁਰੂ ਨਾਨਕ ਦੇਵ ਜੀ ਨੇ ਹੁਕਮ ਅਨੁਸਾਰ ਆਪ ਜੀ ਕਰਤਾਰਪੁਰ ਤੋਂ ਖਡੂਰ ਸਾਹਿਬ ਵਿਖੇ ਆ ਕੇ ਰਹਿਣ ਲੱਗੇ। ਦਿਤਾ ਛੋੜਿ ਕਰਤਾਰ ਪੁਰ ਬੈਠਿ ਖਡੂਰੇ ਜੋਤਿ ਜਗਾਈ॥ (ਵਾਰ ੧, ਪਉੜੀ ੪੬) ਗੁਰੂ ਅੰਗਦ ਦੇਵ ਜੀ ਨੇ ਨਾ ਕੇਵਲ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਕਾਰਜਾਂ ਨੂੰ ਨਿਰੰਤਰਤਾ ਦਿੱਤੀ, ਸਗੋਂ ਉਨ੍ਹਾਂ ਨੂੰ ਗਤੀ ਪ੍ਰਦਾਨ ਕਰਕੇ ਵਿਸਥਾਰ ਵੀ ਦਿੱਤਾ।**

ਗੁਰੂ ਅੰਗਦ ਦੇਵ ਜੀ ਨੇ ਆਪਣੀ ਜੀਵਨ ਦੌਰਾਨ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਖਡੂਰ ਸਾਹਿਬ ਵਿਖੇ ਬਹੁਤ ਮਹੱਤਵਪੂਰਨ ਕਾਰਜ ਕੀਤੇ। ਇਨ੍ਹਾਂ ਕਾਰਜਾਂ ਦਾ ਸਿੱਖੀ ਦੇ ਵਿਕਾਸ ਵਿਚ ਅਹਿਮ ਸਥਾਨ ਹੈ।

**ਗੁਰਮੁਖੀ ਲਿਪੀ ਨੂੰ ਤਰਤੀਬ ਬੱਧ ਕਰਨਾ:-** ਗੁਰਮੁਖੀ ਲਿਪੀ ਜੋ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਮੌਜੂਦ ਸੀ, ਨੂੰ ਤਰਤੀਬ ਦੇਣ ਦਾ ਕਾਰਜ ਗੁਰੂ ਅੰਗਦ ਦੇਵ ਜੀ ਨੇ ਕੀਤਾ। ਸਿੱਖ ਰਿਵਾਇਤ ਅਨੁਸਾਰ ਗੁਰੂ ਜੀ ਆਪਣੇ ਹੱਥੀਂ ਬਾਲ ਬੋਧ ਤਿਆਰ ਕਰਕੇ ਬੱਚਿਆਂ ਨੂੰ ਗੁਰਮੁਖੀ ਦੀ ਤਾਲੀਮ ਦਿੰਦੇ ਸਨ। ਇਸ ਤੋਂ ਇਲਾਵਾ ਰਹਿਤਨਾਮੇ ਅਨੁਸਾਰ ਹਰੇਕ ਸਿੱਖ ਨੂੰ ਗੁਰਮੁਖੀ ਸਿੱਖਣੀ ਲਾਜ਼ਮੀ ਹੈ।

ਗੁਰਮੁਖੀ ਅੱਖਰ ਜੋ ਹੈ ਭਾਈ ਸਿੰਘ ਸਿੰਘ ਤੇ ਸੀਖਹਿ ਜਾਈ॥ (ਰਹਿਤਨਾਮਾ ਭਾਈ ਦੇਸਾ ਸਿੰਘ)

**ਮੱਲ ਅਖਾੜੇ ਦੀ ਸਥਾਪਨਾ:-** ਗੁਰੂ ਅੰਗਦ ਦੇਵ ਜੀ ਨੇ ਜਿੱਥੇ ਗੁਰਮੁਖੀ ਲਿਪੀ ਦਾ ਵਿਕਾਸ ਕੀਤਾ, ਉਥੇ ਹੀ ਸਰੀਰਕ ਤੰਦਰੁਸਤੀ ਲਈ ਮੱਲ ਅਖਾੜੇ ਦੀ ਸਥਾਪਨਾ ਕੀਤੀ। ਇਥੇ ਸਿੱਖ ਨੌਜਵਾਨ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਘੋਲ ਕਰਦੇ ਸਨ। ਇਸ ਤੋਂ ਇਲਾਵਾ ਗੁਰੂ ਸਾਹਿਬ ਆਪਣੀ ਅਗਵਾਈ ਵਿਚ ਵੀ ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਉਂਦੇ ਸਨ।

ਇਸ ਸਥਾਨ 'ਤੇ ਅੱਜ ਵੀ ਗੁਰਦੁਆਰਾ ਸ੍ਰੀ ਮਾਲਾ ਸਾਹਿਬ ਸੁਸ਼ੋਭਿਤ ਹੈ। ਇੱਕ ਹੋਰ ਇਤਿਹਾਸਿਕ ਘਟਨਾ ਦਾ ਸਬੰਧ ਇਸ ਸਥਾਨ 'ਤੇ ਮਿਲਦਾ ਹੈ। ਗੁਰੂ ਅੰਗਦ ਦੇਵ ਜੀ ਦੇ ਸਮੇਂ ਦਾ ਸਮਕਾਲੀ ਬਾਦਸ਼ਾਹ ਹਮਾਯੂ ਸ਼ੇਰ ਸ਼ਾਹ ਸੂਰੀ ਤੋਂ ਰੰਗ ਵਿਚਾਰ ਕੇ ਵਾਪਸੀ ਦੌਰਾਨ ਇਸ ਜਗ੍ਹਾ 'ਤੇ ਆਇਆ ਸੀ। ਉਸ ਨੇ ਗੁਰੂ ਸਾਹਿਬ ਵੱਲ ਦੇਖ ਕੇ ਤਲਵਾਰ ਕੱਢੀ। ਗੁਰੂ ਸਾਹਿਬ ਨੇ ਸਹਿਜੇ ਹੀ ਬਚਨ ਕਹਿਆ ਕਿ ਜਿੱਥੇ ਜੰਗ ਦੇ ਮੈਦਾਨ ਦੇ ਵਿਚ ਤੇਰੀ ਇਹ ਤਲਵਾਰ ਚੱਲਣੀ ਸੀ, ਉਥੇ ਤਾਂ ਚੱਲੀ ਨਹੀਂ ਪ੍ਰੰਤੂ ਤੂੰ ਫਕੀਰਾਂ ਦੇ ਉੱਪਰ ਵਾਰ ਕਰਦਾ ਹੈਂ। ਇਨੇ ਬਚਨ ਸੁਣ ਕੇ ਹਮਾਯੂ ਦੀ ਤਲਵਾਰ ਉਥੇ ਹੀ ਰੁੱਕ ਗਈ ਤੇ ਉਹ ਆਪ ਗੁਰੂ ਜੀ ਦਾ ਮੁਰੀਦ ਬਣ ਗਿਆ।

**ਲੰਗਰ ਪ੍ਰਥਾ ਦਾ ਵਿਕਾਸ :-** ਲੰਗਰ ਪ੍ਰਥਾ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੋ ਗਈ ਸੀ। ਗੁਰੂ ਅੰਗਦ ਦੇਵ ਜੀ ਨੇ ਇਸ ਨੂੰ ਹੋਰ ਪੱਕਿਆਂ ਕੀਤਾ। ਖਡੂਰ ਸਾਹਿਬ ਵਿਖੇ ਗੁਰੂ ਅੰਗਦ ਦੇਵ ਜੀ ਨੇ ਸਿੱਖ ਨੂੰ ਆਤਮਿਕ ਗਿਆਨ ਨਾਲ ਜੋੜਨ ਲਈ ਸ਼ਬਦ ਦਾ ਲੰਗਰ ਚਲਾਇਆ, ਉਥੇ ਹੀ ਮਾਤਾ ਖੀਵੀ ਜੀ ਬੜੇ ਪਿਆਰ ਨਾਲ ਸੰਗਤਾਂ ਨੂੰ ਘਿਓ ਵਾਲੀ ਖੀਰ ਵਰਤਾਉਂਦੇ ਸਨ।

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥ ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥ (ਗੁਰੂ ਗ੍ਰੰਥ ਸਾਹਿਬ, ਅੰਗ ੯੬੬)

ਕੋਈ ਵੀ ਪ੍ਰਾਣੀ ਜਾਤ-ਪਾਤ ਅਤੇ ਵਰਨ-ਵੰਡ ਦੇ ਵਿਤਕਰੇ ਤੋਂ ਬਿਨਾਂ ਪੰਗਤ 'ਚ ਬੈਠ ਕੇ ਲੰਗਰ ਛਕ ਸਕਦਾ ਸੀ। ਅੱਜ ਵੀ ਇਹ ਪ੍ਰਥਾ ਨਿਰੰਤਰ ਜਾਰੀ ਹੈ। ਲੰਗਰ ਪ੍ਰਥਾ ਤੋਂ ਸਿੱਖੀ ਵਿਚ ਸੇਵਾ ਅਤੇ ਸਾਂਝੀਵਾਲਤਾ ਦਾ ਸੰਕਲਪ ਸਹਿਜੇ ਹੀ ਉਜਾਗਰ ਹੁੰਦਾ ਹੈ।

**ਜਨਮ ਸਾਖੀ ਲਿਖਵਾਉਣੀ:-** ਭਾਈ ਬਾਲਾ ਜੀ ਗੁਰੂ ਨਾਨਕ ਸਾਹਿਬ ਜੀ ਦੇ ਸਾਥੀ ਸਨ, ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਗੁਰੂ ਸਾਹਿਬ ਨੂੰ ਦੱਸੀਆਂ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਅਗਵਾਈ ਵਿਚ ਭਾਈ ਪੈੜਾ ਤੇ ਭਾਈ ਮੋਖਾ ਨੂੰ ਲਿਖਾਰੀ ਲਗਾ ਕੇ ਜਨਮਸਾਖੀ ਲਿਖਵਾਉਣ ਦਾ ਕਾਰਜ ਵੀ ਕੀਤਾ।

ਬਾਲਾ ਕਰਤ ਉਚਾਰ ਮੁਖ ਪੈੜੇ ਲਿਖੀ ਸੁਧਾਰ॥
ਲਿਖਵਾਈ ਅੰਗਦ ਗੁਰੂ ਜਗ ਕੇ ਕਾਜ ਉਧਾਰ॥ (ਗੁ: ਪ੍ਰ: ਸੂਰਜ ਗ੍ਰੰਥ)

**ਗੁਰਬਾਣੀ ਰਾਹੀਂ ਜੀਵਨ ਜਾਚ ਦੇਣੀ :-** ਗੁਰੂ ਅੰਗਦ ਦੇਵ ਜੀ ਦੇ 62 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹ ਸਲੋਕ ਵੱਖ-ਵੱਖ 'ਵਾਰਾਂ' ਦੇ ਨਾਲ ਅੰਕਿਤ ਕੀਤੇ ਗਏ ਹਨ। ਗੁਰੂ ਜੀ ਦੀ ਬਾਣੀ ਹਰੇਕ ਸਿੱਖ ਨੂੰ ਪਰਮਾਰਥ ਦੇ ਰਾਹ 'ਤੇ ਚੱਲਣ ਦੀ ਸੋਝੀ ਬਖਸ਼ਣ ਦੇ ਨਾਲ-ਨਾਲ ਸੇਵਾ, ਸਿਮਰਨ ਤੇ ਪਰਉਪਕਾਰ ਦੀ ਭਾਵਨਾ ਦਾ ਸੰਚਾਰ ਵੀ ਕਰਦੀ ਹੈ।

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਵਾਲੀ ਪ੍ਰੰਪਰਾ ਨੂੰ ਜਾਰੀ ਰੱਖਦਿਆਂ, ਬਾਬਾ ਅਮਰਦਾਸ ਜੀ (ਗੁਰੂ) ਦੀ ਸੇਵਾ ਤੋਂ ਪ੍ਰਸੰਨ ਹੋ ਕੇ ਬਾਰਾਂ ਵਰ ਦੇ ਕੇ ਗੁਰਿਆਈ ਦੀ ਦਾਤ ਉਨ੍ਹਾਂ ਦੀ ਝੋਲੀ ਵਿਚ ਪਾਈ।

ਲਹਣੈ ਪੰਥੁ ਧਰਮ ਕਾ ਕੀਆ॥
ਅਮਰਦਾਸ ਭਲੇ ਕਉ ਦੀਆ॥

ਗੁਰੂ ਅੰਗਦ ਦੇਵ ਜੀ ਮਾਰਚ 1552 ਈ ਨੂੰ 12 ਸਾਲ, 9 ਮਹੀਨੇ, 17 ਦਿਨ ਗੁਰਤਾ ਕਰਕੇ ਖਡੂਰ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ।

# ਕਸੋਲ ਤੋਂ ਕਸੌਲੀ

## (ਭਾਗ ਦੂਜਾ)

ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫਤਿਹਗੜ੍ਹ ਸਾਹਿਬ (ਪੰਜਾਬ)
ਮੋਬਾਈਲ ਨੰ: 98889-40211
ਪੰਜਾਬ ਮੇਲ USA





ਅਗਲੇ ਸਾਲ ਸੀਜ਼ਨ ਸ਼ੁਰੂ ਹੁੰਦਿਆਂ ਹੀ ਕਿਮ ਭਾਰਤ ਆਉਣ ਦੀਆਂ ਤਿਆਰੀਆਂ ਕਰ ਰਹੀ ਸੀ। ਇਸ ਬਾਰ ਉਹ ਬਹੁਤ ਖ਼ੁਸ਼ ਸੀ। ਵਿਕਰਮ ਦੇ ਪਿਆਰ ਦੀ ਨਿਸ਼ਾਨੀ ਦੇ ਰੂਪ ਵਿਚ ਕਿਮ ਦੀ ਗੋਦੀ ਦੋ-ਤਿੰਨ ਮਹੀਨਿਆਂ ਦਾ ਬੱਚਾ ਸੀ। ਉਸ ਦਾ ਬੱਚਾ ਵੀ ਵਿਕਰਮ ਵਾਂਗ ਹੀ ਬਹੁਤ ਸੋਹਣਾ-ਸੁਨੱਖਾ ਸੀ। ਕਿਮ ਨੇ ਉਸਦਾ ਨਾਂ 'ਵਿੱਕੀ' ਰੱਖਿਆ ਸੀ, ਵਿਕਰਮ ਦੇ ਨਾਂ ਨਾਲ਼ ਹੀ ਮਿਲਦਾ-ਜੁਲਦਾ ਜਿਹਾ 'ਵਿੱਕੀ ਰਾਠੌਰ'। ਉਹ ਛੇਤੀ-ਛੇਤੀ ਕਸੋਲ ਪਹੁੰਚ ਕੇ ਵਿਕਰਮ ਅਤੇ ਉਸਦੇ ਪਰਿਵਾਰ ਨਾਲ਼ ਆਪਣੀ ਖ਼ੁਸ਼ੀ ਸਾਂਝੀ ਕਰਨੀ ਚਾਹੁੰਦੀ ਸੀ। ਇੱਥੇ ਆ ਕੇ ਉਸਨੇ ਇੱਕ ਬਹੁਤ ਹੀ ਸ਼ਾਨਦਾਰ ਪਾਰਟੀ ਕਰਕੇ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨੀ ਸੀ।

ਇੱਥੇ ਪਿਛਲੇ ਸੀਜ਼ਨ ਬੱਦਲ ਫੱਟਣ ਕਰਕੇ ਸੈਲਾਨੀਆਂ ਦੀ ਗਿਣਤੀ ਓਨੀ ਜ਼ਿਆਦਾ ਨਹੀਂ ਸੀ ਪਰ ਫਿਰ ਵੀ ਹਰ ਰੋਜ਼ ਵਿਦੇਸ਼ੀ ਸੈਲਾਨੀਆਂ ਦੀ ਆਮਦ ਹੋ ਰਹੀ ਹੀ। ਮਿੱਥੇ ਦਿਨ 'ਤੇ ਸਮੇਂ ਕਿਮ ਕਸੋਲ ਪਹੁੰਚ ਗਈ। ਨਦੀ ਆਪਣੇ ਪੂਰੇ ਜੋਬਨ 'ਤੇ ਠਾਠਾਂ ਮਾਰ ਰਹੀ ਸੀ ਪਰ ਉਹ ਕਿਨਾਰਾ ਬਿਲਕੁਲ ਖਾਲੀ ਸੀ। ਬਦਲਿਆ ਹੋਇਆ ਨਜ਼ਾਰਾ ਦੇਖ ਕੇ ਕਿਮ ਨੂੰ ਆਪਣੀਆਂ ਅੱਖਾਂ 'ਤੇ ਯਕੀਨ ਨਹੀਂ ਆ ਰਿਹਾ ਸੀ। ਨਾ ਕਿਤੇ 'ਰਾਠੌਰ ਗੈਸਟ ਹਾਊਸ' ਦਿਖ ਰਿਹਾ ਸੀ ਤੇ ਨਾ ਹੀ ਵਿਕਰਮ ਅਤੇ ਉਸਦੇ ਮਾਂ-ਬਾਪ ਦਾ ਕੋਈ ਥਹੁ-ਪਤਾ ਲੱਗ ਰਿਹਾ ਸੀ। ਸੁਹਾਵਣੇ ਮੌਸਮ ਵਿਚ ਸਾਰੇ ਵਿਦੇਸ਼ੀ ਸੈਲਾਨੀ ਆਪਣੇ-ਆਪਣੇ ਢੰਗ ਨਾਲ਼ ਮੌਜ-ਮਸਤੀ ਕਰ ਰਹੇ ਸਨ ਪਰ ਕਿਮ ਨੂੰ ਕੁਝ ਵੀ ਚੰਗਾ ਨਹੀਂ ਲੱਗ ਰਿਹਾ ਸੀ। ਉਸਦੇ ਸਾਰੇ ਚਾਅ ਅਤੇ ਉਮੰਗਾਂ ਖੰਭ ਕਾ ਲੇ ਉੱਡ ਚੁੱਕੇ ਸਨ। ਆਉਣ ਵਾਲੀ ਨਵੀਂ ਜ਼ਿੰਦਗੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਖ਼ਤਮ ਹੋਣ ਕਿਨਾਰੇ ਸੀ। ਉੱਥੇ ਸਥਾਨਕ ਲੋਕਾਂ ਤੋਂ ਪੁੱਛਦੇ-ਪੁੱਛਾਉਂਦਿਆਂ ਕਿਮ ਨੂੰ ਵਿਕਰਮ ਦੇ ਜਿਊਂਦੇ ਹੋਣ ਬਾਰੇ ਹੀ ਪਤਾ ਲੱਗ ਸਕਿਆ ਪਰ ਹੁਣ ਵਿਕਰਮ ਕਿੱਥੇ ਤੇ ਕਿਸ ਹਾਲ ਵਿਚ ਸੀ, ਇਸ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਕਿਮ ਨੂੰ ਜਿਊਂਦੇ ਰਹਿਣ ਲਈ ਇਹ ਇੱਕ ਉਮੀਦ ਹੀ ਕਾਫ਼ੀ ਸੀ। ਉਹ ਸਾਰਾ ਸੀਜ਼ਨ ਨੇੜੇ-ਤੇੜੇ ਦੇ ਇਲਾਕਿਆਂ ਵਿਚ ਵਿਕਰਮ ਨੂੰ ਭਾਲਦੀ ਰਹੀ ਪਰ ਹਰ ਪਾਸਿਓਂ ਨਿਰਾਸ਼ਾ ਹੀ ਪੱਲੇ ਪਈ। ਸੀਜ਼ਨ ਖ਼ਤਮ ਹੋਣ 'ਤੇ ਕਿਮ ਦੁੱਖੀ ਮਨ ਨਾਲ਼ ਆਪਣੇ ਬੱਚੇ ਸਮੇਤ ਵਾਪਸ ਆਪਣੇ ਵਤਨ ਪਰਤ ਗਈ।

ਇਸ ਤਰ੍ਹਾਂ ਉਹ ਹਰ ਸਾਲ ਗਰਮੀਆਂ ਦੇ ਸੀਜ਼ਨ ਮੌਕੇ ਵਿੱਕੀ ਨਾਲ਼ ਭਾਰਤ ਆਉਂਦੀ ਤੇ ਵੱਖ-ਵੱਖ ਪਹਾੜੀ ਸ਼ਹਿਰਾਂ ਵਿਚ ਵਿਕਰਮ ਨੂੰ ਲੱਭਦੀ ਰਹਿੰਦੀ। ਹੁਣ ਵਿੱਕੀ ਦਸ ਸਾਲ ਦਾ ਹੋ ਗਿਆ ਸੀ। ਕਿਮ ਦੇ ਸੁਨਹਿਰੀ ਰੰਗ ਦੇ ਵਾਲ ਹੁਣ ਚਿੱਟੇ ਹੋਣੇ ਸ਼ੁਰੂ ਹੋਣ ਲੱਗੇ ਸਨ। ਵਿਕਰਮ ਨੂੰ ਲੱਭਣਾ ਤੇ ਵਿੱਕੀ ਦੀ ਪਰਵਰਿਸ਼, ਬੱਸ ਇਹੀ ਉਸਦੀ ਜ਼ਿੰਦਗੀ ਦਾ ਮਕਸਦ ਸੀ।

ਇਸ ਸਾਲ ਕਿਮ ਤੇ ਵਿੱਕੀ ਸ਼ਿਮਲੇ ਵੱਲੋਂ ਹੁੰਦੇ ਹੋਏ ਕਸੌਲੀ ਵਿਖੇ ਆ ਗਏ। ਦੂਜੇ ਦਿਨ ਉਹ ਲੱਕੜ ਬਾਜ਼ਾਰ ਵਿਚ ਇੱਕ ਢਾਬੇ 'ਤੇ ਕੁਝ ਖਾਣ-ਪੀਣ ਗਏ, ਤਾਂ ਸਾਹਮਣੇ ਵਿਕਰਮ ਮੌਜੂਦ ਸੀ। ਰੱਬ ਦੀ ਮਿਹਰ ਕਹੀਏ ਜਾਂ ਕਿਮ ਦਾ ਵਿਸ਼ਵਾਸ। ਕਿੰਨੀ ਹੀ ਦੇਰ ਦੋਵੇਂ ਇੱਕ ਦੂਜੇ ਨੂੰ ਦੂਰੋਂ ਹੀ ਦੇਖਦੇ ਰਹੇ। ਦਸ ਸਾਲਾਂ ਦੀ ਨਾ-ਉਮੀਦੀ ਉਮੀਦ ਵਿਚ ਬਦਲ ਰਹੀ ਸੀ। ਪਹਾੜੀਆਂ 'ਚ ਚੱਲਦੀ ਠੰਢੀ ਤੇ ਸਿੱਲੀ ਹਵਾ ਕਰਕੇ ਕਿਮ ਦੇ ਵਾਲ ਉੱਡ-ਉੱਡ ਕੇ ਉਸ ਦੀਆਂ ਅਖਾਂ ਅੱਗੇ ਆ ਰਹੇ ਸਨ ਤੇ ਉਸਦੇ ਵਾਲਾਂ ਦੀਆਂ ਲਟਾਂ ਉਸਦੀਆਂ ਗਿੱਲੀਆਂ ਅਖਾਂ ਨਾਲ਼ ਲੱਗ-ਲੱਗ ਕੇ ਅਖਾਂ 'ਤੇ ਹੀ ਚਿਪਕ ਗਈਆਂ ਸਨ। ਦੋਵੇਂ ਇੱਕ ਦੂਜੇ ਦੇ ਗਲ ਲੱਗ ਦੁਨੀਆਂ ਹੀ ਭੁੱਲ ਗਏ ਤੇ ਵਿੱਕੀ ਚੁੱਪ-ਚਾਪ ਖੜ੍ਹਾ ਉਨ੍ਹਾਂ ਨੂੰ ਦੇਖੀ ਜਾ ਰਿਹਾ ਸੀ।

ਇਸ ਸਾਲ ਕਿਮ ਤੇ ਵਿੱਕੀ ਸ਼ਿਮਲੇ ਵੱਲੋਂ ਹੁੰਦੇ ਹੋਏ ਕਸੌਲੀ ਵਿਖੇ ਆ ਗਏ। ਦੂਜੇ ਦਿਨ ਉਹ ਲੱਕੜ ਬਾਜ਼ਾਰ ਵਿਚ ਇੱਕ ਢਾਬੇ 'ਤੇ ਕੁਝ ਖਾਣ-ਪੀਣ ਗਏ, ਤਾਂ ਸਾਹਮਣੇ ਵਿਕਰਮ ਮੌਜੂਦ ਸੀ। ਰੱਬ ਦੀ ਮਿਹਰ ਕਹੀਏ ਜਾਂ ਕਿਮ ਦਾ ਵਿਸ਼ਵਾਸ। ਕਿੰਨੀ ਹੀ ਦੇਰ ਦੋਵੇਂ ਇੱਕ ਦੂਜੇ ਨੂੰ ਦੂਰੋਂ ਹੀ ਦੇਖਦੇ ਰਹੇ। ਦਸ ਸਾਲਾਂ ਦੀ ਨਾ-ਉਮੀਦੀ ਉਮੀਦ ਵਿਚ ਬਦਲ ਰਹੀ ਸੀ। ਪਹਾੜੀਆਂ 'ਚ ਚੱਲਦੀ ਠੰਢੀ ਤੇ ਸਿੱਲੀ ਹਵਾ ਕਰਕੇ ਕਿਮ ਦੇ ਵਾਲ ਉੱਡ-ਉੱਡ ਕੇ ਉਸ ਦੀਆਂ ਅਖਾਂ ਅੱਗੇ ਆ ਰਹੇ ਸਨ ਤੇ ਉਸਦੇ ਵਾਲਾਂ ਦੀਆਂ ਲਟਾਂ ਉਸਦੀਆਂ ਗਿੱਲੀਆਂ ਅਖਾਂ ਨਾਲ਼ ਲੱਗ-ਲੱਗ ਕੇ ਅਖਾਂ 'ਤੇ ਹੀ ਚਿਪਕ ਗਈਆਂ ਸਨ।

ਵਿਕਰਮ ਨੇ ਕਿਮ ਨੂੰ ਦੱਸਿਆ ਕਿ ਉਹ ਭਿਆਨਕ ਹਾਦਸੇ ਵਿਚ ਆਪਣਾ ਸਭ ਕੁਝ ਗੁਆ ਚੁੱਕਿਆ ਸੀ। ਬੱਸ ਇੱਕ ਗੱਡੀ ਸੀ ਤੇ ਥੋੜ੍ਹੇ-ਬਹੁਤ ਪੈਸੇ। ਉਸ ਤੋਂ ਬਾਅਦ ਕਸੋਲ ਰਹਿਣਾ ਉਸ ਲਈ ਅਸਹਿ ਹੋ ਗਿਆ ਸੀ ਤੇ ਉਸਨੇ ਗੱਡੀ ਵੇਚ ਕੇ ਇੱਥੇ ਕਸੌਲੀ ਵਿਖੇ ਇਹ ਛੋਟਾ ਜਿਹਾ ਢਾਬਾ ਪਾ ਲਿਆ ਸੀ। ਸਾਰਾ ਕਿੱਸਾ ਸੁਣਦੇ-ਸੁਣਾਉਂਦੇ ਸ਼ਾਮ ਪੈ ਗਈ। ਇੱਕਦਮ ਕਿਮ ਨੇ ਕਿਹਾ ਕਿ ਛੇਤੀ ਤਿਆਰ ਹੋ ਜਾਓ, ਆਪਾਂ ਕਸੋਲ ਚੱਲਣਾ ਹੈ। ਵਿਕਰਮ ਜਾਣਾ ਨਹੀਂ ਚਾਹੁੰਦਾ ਸੀ ਪਰ ਕਿਮ ਦੀ ਜਿੱਦ ਕਰਕੇ ਉਹ ਤਿੰਨੇ ਜਣੇ ਉਸੇ ਰਾਤ ਕਸੌਲੀ ਤੋਂ ਕਸੋਲ ਵੱਲ ਚੱਲ ਪਏ।

ਵਿਕਰਮ ਰਾਸਤੇ ਵਿਚ ਆਪਣੇ ਜਨਮ-ਸਥਾਨ ਬਾਰੇ ਹੀ ਸੋਚਦਾ ਰਿਹਾ ਕਿ ਕਿਵੇਂ ਉਹ ਪਹਾੜੀਆਂ ਵਿਚ ਖੇਡਦਾ-ਖੇਡਦਾ ਜਵਾਨ ਹੋਇਆ ਤੇ ਨਾਲ ਹੀ ਕਾਰੋਬਾਰ ਸ਼ੁਰੂ ਕੀਤਾ। ਫੇਰ ਅਚਾਨਕ ਸਭ ਕੁਝ ਲੁੱਟ ਜਾਣ ਤੋਂ ਬਾਅਦ ਕਿਹੜੇ ਹਾਲਾਤਾਂ ਵਿਚ ਉਸਨੂੰ ਕਸੋਲ ਛੱਡਣਾ ਪਿਆ ਸੀ। ਸੁਵੱਖਤੇ ਸਾਢੇ ਕੁ ਵਾਰ ਵਜੇ ਉਨ੍ਹਾਂ ਦੀ ਗੱਡੀ ਕਸੋਲ ਦੀਆ ਵਾਦੀਆਂ ਵਿਖੇ ਦਸਤਕ ਦੇ ਰਹੀ ਸੀ। ਉਹੀ ਨਦੀ ਅੱਜ ਵੀ ਆਪਣੇ ਜੋਬਨ 'ਤੇ ਵਹਿ ਰਹੀ ਸੀ। ਨਦੀ ਦੇ ਪਾਣੀ ਦੇ ਸ਼ੋਰ ਨਾਲ਼ ਵਿਕਰਮ ਦੀ ਅੱਖ ਖੁੱਲ੍ਹੀ। ਨਦੀ ਦੇ ਨਾਲ਼-ਨਾਲ਼ ਵਲ-ਵਲੇਵੇਂ ਖਾਂਦੀ ਸੜਕ 'ਤੇ ਬਿਲਕੁਲ ਉਸੇ ਜਗ੍ਹਾ 'ਤੇ ਕਿਮ ਨੇ ਗੱਡੀ ਨੂੰ ਬਰੇਕ ਲਗਾਈ ਸੀ। ਉਹੀ ਨਦੀ, ਉਹੀ ਨਦੀ ਦਾ ਕਿਨਾਰਾ ਤੇ ਸਾਹਮਣੇ ਸ਼ਾਨਦਾਰ ਬਹੁ-ਮੰਜ਼ਿਲੀ ਇਮਾਰਤ 'ਤੇ 'ਰਾਠੌਰ ਗੈਸਟ ਹਾਊਸ' ਦੀ ਵੱਡੀ ਤਖ਼ਤੀ ਲਟਕ ਰਹੀ ਸੀ।

ਨਦੀ ਕਿਨਾਰੇ ਖੜ੍ਹਾ ਵਿਕਰਮ ਕਦੇ ਕਿਮ ਵੱਲ ਤੇ ਕਦੇ ਸਾਹਮਣੀ ਇਮਾਰਤ ਵੱਲ ਦੇਖ ਰਿਹਾ ਸੀ। ਕਿਮ ਨੇ ਆਪਣੀਆ ਬਾਹਾਂ ਵਿਕਰਮ ਵੱਲ ਫੈਲਾਉਂਦਿਆਂ ਕਿਹਾ ਕਿ ਆਓ ਇੱਕ ਵਾਰੀ ਫਿਰ ਤੋਂ ਆਪਣੀ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਕਰੀਏ। ਵਿਕਰਮ ਦੇ ਨੇੜੇ ਆਉਣ 'ਤੇ ਕਿਮ ਨੇ ਉਸਨੂੰ ਚਾਬੀਆਂ ਦਾ ਗੁੱਛਾ ਫੜਾਉਂਦਿਆਂ ਕਿਹਾ ਕਿ ਇਹ ਇਮਾਰਤ ਕਦੋਂ ਦੀ ਤੁਹਾਨੂੰ ਉਡੀਕ ਰਹੀ ਹੈ, ਆਹ ਸਾਂਭੋ ਆਪਣਾ ਨਵਾਂ 'ਰਾਠੌਰ ਗੈਸਟ ਹਾਊਸ'। ਵਿਕਰਮ ਨੇ ਇੱਕ ਵਾਰੀ ਫੇਰ ਕਿਮ ਤੇ ਵਿੱਕੀ ਨੂੰ ਘੁੱਟ ਕੇ ਗਲ ਨਾਲ਼ ਲਾ ਲਿਆ। ਨਦੀ ਦੇ ਪਾਣੀ ਦੇ ਸ਼ੋਰ ਨਾਲ਼ ਉਨ੍ਹਾਂ ਦੇ ਹੰਝੂਆਂ ਦੀ ਆਵਾਜ਼ ਵੀ ਇੱਕ-ਮਿੱਕ ਹੋ ਗਈ ਸੀ। ਅੱਜ ਮਿਸਟਰ ਤੇ ਮਿਸਿਜ਼ ਰਾਠੌਰ ਦਾ ਉਹ ਸੁਪਨਾ ਜਿਹੜਾ ਪੂਰਾ ਹੋ ਕੇ ਵੀ ਅਧੂਰਾ ਰਹਿ ਗਿਆ ਸੀ, ਵਿਕਰਮ ਤੇ ਕਿਮ ਪੂਰਾ ਕਰ ਰਹੇ ਹਨ।



# ਸੁਰਾਂ ਦੀ ਦੁਨੀਆਂ ਵਿਚ ਅਮਰ ਹੋ ਗਈ ਆਸ਼ਾ ਭੋਸਲੇ

ਬਲਦੇਵ ਸਿੰਘ ਬੇਦੀ
ਜਲੰਧਰ
90419-25181
ਪੰਜਾਬ ਮੇਲ USA







ਆਸ਼ਾ ਭੋਸਲੇ ਕਿਸ਼ੋਰ ਕੁਮਾਰ ਨਾਲ ਗੀਤ ਗਾਉਂਦੇ ਹੋਏ।

**ਉਸਦੇ ਮੁੱਢਲੇ ਗੀਤ ਕਈ ਪ੍ਰਸਿੱਧ ਸੰਗੀਤਕਾਰਾਂ ਸੁਰਬੱਧਤਾ ਹੇਠ ਬਣੇ। ਫੇਰ ਵੀ ਇਹ ਗੀਤ ਉਸ ਸਮੇਂ ਵੱਡੀ ਕਾਮਯਾਬੀ ਹਾਸਲ ਨਾ ਕਰ ਸਕੇ, ਪਰ ਇਨ੍ਹਾਂ ਗੀਤਾਂ ਨੇ ਆਸ਼ਾ ਦੀ ਆਵਾਜ਼ ਨੂੰ ਇੱਕ ਨਵੀਂ ਮੰਜ਼ਿਲ ਦਾ ਰਾਹ ਵਿਖਾਇਆ। ਉਸਦੀ ਕਿਸਮਤ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਫ਼ਿਲਮ 'ਨਿਆ ਦੌਰ' ਦੇ ਗੀਤਾਂ ਨੇ, ਬੀ.ਆਰ. ਚੋਪੜਾ ਦੀ ਇਸ ਕਲਾਸਿਕ ਫ਼ਿਲਮ ਵਿਚ ਆਸ਼ਾ ਭੋਸਲੇ ਦੀ ਆਵਾਜ਼ ਨੂੰ ਉਹ ਮੌਕਾ ਮਿਲਿਆ, ਜਿਸ ਦੀ ਉਹ ਲੰਮੇ ਸਮੇਂ ਤੋਂ ਉਡੀਕ ਕਰ ਰਹੀ ਸੀ।**

ਭਾਰਤੀ ਸੰਗੀਤ ਜਗਤ ਲਈ 12 ਅਪ੍ਰੈਲ ਦਾ ਦਿਨ ਬਹੁਤ ਹੀ ਦੁਖਦਾਈ ਖ਼ਬਰ ਲੈ ਕੇ ਆਇਆ। ਮਹਾਨ ਗਾਇਕਾ ਆਸ਼ਾ ਭੋਸਲੇ ਦਾ 92 ਸਾਲ ਦੀ ਉਮਰ ਵਿਚ ਦਿਹਾਂਤ ਹੋ ਗਿਆ। ਜਦੋਂ ਵੀ ਸੁਰਾਂ, ਰਾਗਾਂ ਅਤੇ ਸੁਰੀਲੀ ਆਵਾਜ਼ ਦੀ ਗੱਲ ਹੋਵੇਗੀ, ਤਾਂ ਆਸ਼ਾ ਭੋਸਲੇ ਦਾ ਨਾਮ ਆਪਣੇ ਆਪ ਜ਼ੁਬਾਨ 'ਤੇ ਆ ਜਾਵੇਗਾ। ਉਹ ਸਿਰਫ਼ ਇੱਕ ਗਾਇਕਾ ਨਹੀਂ ਸਨ, ਸਗੋਂ ਸੰਗੀਤ ਦਾ ਇੱਕ ਜੀਉਂਦਾ ਜਾਗਦਾ ਇਤਿਹਾਸ ਸਨ, ਜਿਨ੍ਹਾਂ ਨੇ ਆਪਣੇ ਸੁਰਾਂ ਨਾਲ ਸੱਤ ਦਹਾਕਿਆਂ ਤੱਕ ਕਈ ਪੀੜ੍ਹੀਆਂ ਨੂੰ ਰੰਗਿਆ।

8 ਸਤੰਬਰ 1933 ਨੂੰ ਮਹਾਰਾਸ਼ਟਰ ਦੇ ਸਾਂਗਲੀ 'ਚ ਜਨਮੀ ਆਸ਼ਾ ਭੋਸਲੇ ਦਾ ਸਬੰਧ ਇੱਕ ਸੰਗੀਤਮਈ ਪਰਿਵਾਰ ਨਾਲ ਸੀ। ਉਨ੍ਹਾਂ ਦੇ ਪਿਤਾ ਦੀਨਾਨਾਥ ਮੰਗੇਸ਼ਕਰ ਪ੍ਰਸਿੱਧ ਗਾਇਕ ਅਤੇ ਰੰਗਮੰਚ ਕਲਾਕਾਰ ਸਨ। ਵੱਡੀ ਭੈਣ ਲਤਾ ਮੰਗੇਸ਼ਕਰ ਪਹਿਲਾਂ ਹੀ ਸੰਗੀਤ ਜਗਤ ਵਿਚ ਆਪਣੀ ਪਛਾਣ ਬਣਾ ਚੁੱਕੀ ਸੀ, ਪਰ ਆਸ਼ਾ ਭੋਸਲੇ ਨੇ ਆਪਣੇ ਲਈ ਇੱਕ ਵੱਖਰਾ ਰਸਤਾ ਚੁਣਿਆ ਅਤੇ ਇਹ ਸਾਬਤ ਕੀਤਾ ਕਿ ਆਪਣੀ ਮਿਹਨਤ ਅਤੇ ਲਗਨ ਨਾਲ ਹਰ ਇਨਸਾਨ ਆਪਣੀ ਵੱਖਰੀ ਪਛਾਣ ਬਣਾ ਸਕਦਾ ਹੈ।

ਆਸ਼ਾ ਭੋਸਲੇ ਦੀ ਆਵਾਜ਼ ਵਿਚ ਇੱਕ ਅਨੋਖੀ ਲਚਕ ਅਤੇ ਮਿਠਾਸ ਸੀ, ਜੋ ਕਿ ਕਿਸੇ ਇੱਕ ਹੀ ਸ਼ੈਲੀ ਤੱਕ ਸੀਮਿਤ ਨਹੀਂ ਰਹੀ। ਜਿੱਥੇ ਇੱਕ ਪਾਸੇ ਉਹ ਗ਼ਜ਼ਲਾਂ ਨੂੰ ਰੂਹਾਨੀ ਅਹਿਸਾਸ ਦੇ ਰਹੀ ਸੀ, ਉੱਥੇ ਹੀ ਦੂਜੇ ਪਾਸੇ ਉਹ ਚੁਸਤ ਤੇ ਜੋਸ਼ ਭਰੇ ਗੀਤਾਂ ਨੂੰ ਵੀ ਆਪਣੇ ਅੰਦਾਜ਼ ਨਾਲ ਜ਼ਿੰਦਗੀ ਦੇ ਰਹੀ ਸੀ। "ਪੀਆ ਤੂੰ ਅਬ ਤੋ ਆਜਾ", "ਦਮ ਮਾਰੋ ਦਮ", "ਚੁਰਾ ਲਿਆ ਹੈ ਤੁਮਨੇ", "ਇਨ ਆਂਖੋਂ ਦੀ ਮਸਤੀ", "ਦਿਲ ਚੀਜ਼ ਕਿਆ ਹੈ", "ਦਸ ਮੇਰਿਆ ਦਿਲਬਰਾ ਵੇ", "ਯਾਰੀ ਹਾਣ ਦੇ ਮੁੰਡੇ ਨਾਲ ਲਾਉਣੀ-ਅਮੀਰੀ ਦਾ ਤੂੰ ਮਾਣ ਨਾ ਕਰੀਂ", "ਪਹਿਲੀ ਪਹਿਲੀ ਵਾਰ ਮੈਨੂੰ", "ਮੈਨੂੰ ਚੂੜੀਆਂ ਚੜ੍ਹਾਦੇ ਚੰਨ ਵੇ ਮੈਂ ਛਮ ਛਮ ਨੱਚਦੀ ਫਿਰਾਂ" ਵਰਗੇ ਗੀਤ ਅੱਜ ਵੀ ਉਨ੍ਹਾਂ ਦੀ ਕਲਾ ਦੇ ਗਵਾਹ ਹਨ।

ਭਾਰਤੀ ਸੰਗੀਤ ਦੇ ਸੁਹਣੇ ਅਸਮਾਨ 'ਚ ਚਮਕਦੀ ਸੁਰਾਂ ਦੀ ਮਲਿਕਾ ਆਸ਼ਾ ਭੋਸਲੇ ਦੀ ਸ਼ੁਰੂਆਤੀ ਯਾਤਰਾ ਸੰਘਰਸ਼ ਅਤੇ ਸਬਰ ਨਾਲ ਭਰੀ ਰਹੀ। 1950 ਦੇ ਦਹਾਕੇ ਵਿਚ, ਜਦੋਂ ਬਾਲੀਵੁੱਡ ਵਿਚ ਕਈ ਮਸ਼ਹੂਰ ਪਲੇਅਬੈਕ ਗਾਇਕਾਂ ਦਾ ਰਾਜ ਸੀ, ਉਸ ਵੇਲੇ ਆਸ਼ਾ ਨੇ ਆਪਣੇ ਹੁਨਰ ਨੂੰ ਸਾਬਤ ਕਰਨ ਲਈ ਬੇਹਿਸਾਬ ਗੀਤ ਗਾਏ। ਪਰ ਇਨ੍ਹਾਂ ਵਿਚੋਂ ਜ਼ਿਆਦਾਤਰ ਗੀਤ ਘੱਟ ਬਜਟ ਵਾਲੀਆਂ ਫ਼ਿਲਮਾਂ ਦਾ ਹਿੱਸਾ ਰਹੇ, ਜਿਸ ਕਾਰਨ ਇਨ੍ਹਾਂ ਨੂੰ ਕੋਈ ਵੀ ਵੱਡੀ ਪਛਾਣ ਨਹੀਂ ਮਿਲੀ।

ਉਸਦੇ ਮੁੱਢਲੇ ਗੀਤ ਕਈ ਪ੍ਰਸਿੱਧ ਸੰਗੀਤਕਾਰਾਂ ਸੁਰਬੱਧਤਾ ਹੇਠ ਬਣੇ। ਫੇਰ ਵੀ ਇਹ ਗੀਤ ਉਸ ਸਮੇਂ ਵੱਡੀ ਕਾਮਯਾਬੀ ਹਾਸਲ ਨਾ ਕਰ ਸਕੇ, ਪਰ ਇਨ੍ਹਾਂ ਗੀਤਾਂ ਨੇ ਆਸ਼ਾ ਦੀ ਆਵਾਜ਼ ਨੂੰ ਇੱਕ ਨਵੀਂ ਮੰਜਿਲ ਦਾ ਰਾਹ ਵਿਖਾਇਆ। ਉਸਦੀ ਕਿਸਮਤ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਫ਼ਿਲਮ 'ਨਿਆ ਦੌਰ' ਦੇ ਗੀਤਾਂ ਨੇ, ਬੀ.ਆਰ. ਚੋਪੜਾ ਦੀ ਇਸ ਕਲਾਸਿਕ ਫ਼ਿਲਮ ਵਿਚ ਆਸ਼ਾ ਭੋਸਲੇ ਦੀ ਆਵਾਜ਼ ਨੂੰ ਉਹ ਮੌਕਾ ਮਿਲਿਆ, ਜਿਸ ਦੀ ਉਹ ਲੰਮੇ ਸਮੇਂ ਤੋਂ ਉਡੀਕ ਕਰ ਰਹੀ ਸੀ। ਸਾਹਿਰ ਲੁਧਿਆਣਵੀ ਦੇ ਲਿਖੇ ਅਮਰ ਗੀਤ, "ਮਾਂਗ ਕੇ ਸਾਥ ਤੁਮ੍ਹਾਰਾ", "ਸਾਥੀ ਹਾਥ ਬੜ੍ਹਾਨਾ" ਅਤੇ "ਉਡੇਂ ਜਬ ਜਬ ਜ਼ੁਲਫੇਂ ਤੇਰੀ" ਵਰਗੇ ਗੀਤ ਜਿਨ੍ਹਾਂ ਨੂੰ ਉਸਨੇ ਮਹੁੰਮਦ ਰਫ਼ੀ ਦੇ ਨਾਲ ਮਿਲ ਕੇ ਗਾਇਆ ਅਤੇ ਇਹ ਗੀਤ ਲੋਕਾਂ ਦੇ ਦਿਲਾਂ ਵਿਚ ਘਰ ਕਰ ਗਏ। ਇਹ ਗੀਤ ਸਿਰਫ਼ ਹਿੱਟ ਨਹੀਂ ਹੋਏ, ਸਗੋਂ ਆਸ਼ਾ ਦੀ ਇੱਕ ਵੱਖਰੀ ਅਤੇ ਮਜ਼ਬੂਤ ਪਛਾਣ ਬਣਾਉਣ ਵਿਚ ਵੀ ਮੀਲ ਪੱਥਰ ਸਾਬਤ ਹੋਏ।

ਇਹ ਪਹਿਲਾ ਮੌਕਾ ਸੀ, ਜਦੋਂ ਆਸ਼ਾ ਨੇ ਕਿਸੇ ਪ੍ਰਮੁੱਖ ਅਭਿਨੇਤਰੀ ਲਈ ਸਾਰੇ ਗੀਤ ਗਾਏ, ਜਿਸ ਨਾਲ ਉਸਦੀ ਕਲਾ ਨੂੰ ਨਵੀਂ ਉਚਾਈ ਮਿਲੀ। ਇਸ ਸਫ਼ਲਤਾ ਤੋਂ ਪ੍ਰਭਾਵਿਤ ਹੋ ਕੇ, ਬੀ.ਆਰ. ਚੋਪੜਾ ਨੇ ਆਪਣੀਆਂ ਅਗਲੀਆਂ ਕਈ ਮਹੱਤਵਪੂਰਨ ਫ਼ਿਲਮਾਂ ਲਈ ਵੀ ਆਸ਼ਾ ਨੂੰ ਚੁਣਿਆ। ਗੁੰਮਰਾਹ, ਵਕਤ, ਹਮਰਾਜ, ਆਦਮੀ ਔਰ ਇਨਸਾਨ ਅਤੇ ਧੁੰਦ ਵਰਗੀਆਂ ਫ਼ਿਲਮਾਂ ਵਿਚ ਉਸਦੀ ਆਵਾਜ਼ ਨੇ ਸੰਗੀਤ ਨੂੰ ਨਵੀਂ ਰੂਹ ਬਖ਼ਸ਼ੀ।

ਇਸ ਤਰ੍ਹਾਂ ਦੇ ਸੰਘਰਸ਼ ਤੋਂ ਸ਼ੁਰੂ ਹੋਈ ਆਸ਼ਾ ਭੋਸਲੇ ਦੀ ਇਹ ਯਾਤਰਾ ਕਾਮਯਾਬੀ ਦੇ ਸੁਰੀਲੇ ਸਫ਼ਰ ਵਿਚ ਬਦਲ ਗਈ, ਜਿਸ ਨੇ ਉਸਨੂੰ ਭਾਰਤੀ ਸੰਗੀਤ ਜਗਤ ਦੀ ਅਮਰ ਹਸਤੀ ਬਣਾ ਦਿੱਤਾ।

ਪੰਜਾਬੀ ਸਿਨੇਮਾ ਲਈ ਇਹ ਬੇਹੱਦ ਮਾਣ ਵਾਲੀ ਗੱਲ ਹੈ ਕਿ ਮਰਾਠੀ ਮੂਲ ਦੀ ਹੋਣ ਦੇ ਬਾਵਜੂਦ ਆਸ਼ਾ ਭੋਸਲੇ ਨੇ ਆਪਣੀ ਆਵਾਜ਼ ਨਾਲ ਪੰਜਾਬੀ ਫ਼ਿਲਮੀ ਸੰਗੀਤ ਨੂੰ ਅਮੋਲਕ ਖਜ਼ਾਨਾ ਬਖ਼ਸ਼ਿਆ। ਉਨ੍ਹਾਂ ਦੀ ਗਾਇਕੀ ਵਿਚ ਉਹ ਮਿਠਾਸ ਤੇ ਜਾਦੂ ਸੀ, ਜੋ ਸੁਣਨ ਵਾਲੇ ਦੇ ਦਿਲ ਨੂੰ ਛੂਹ ਲੈਂਦਾ ਸੀ। "ਨਾਨਕ ਨਾਮ ਜਹਾਜ ਹੈ", "ਮੰਨ ਜੀਤੇ ਜਗ ਜੀਤ", "ਸੱਸੀ ਪੁੰਨੂੰ", "ਉਡੀਕਾਂ", "ਸਵਾ ਲਾਖ ਸੇ ਏਕ ਲੜਾਊਂ", "ਕਣਕਾਂ ਦੇ ਓਹਲੇ", "ਚੰਗੇ ਮੰਦੇ ਤੇਰੇ ਬੰਦੇ", "ਲਾਡਲੀ", "ਸਹਿਤੀ ਮੁਰਾਦ", "ਪ੍ਰੇਮੀ ਗੰਗਾ ਰਾਮ" ਅਤੇ "ਮੁਟਿਆਰ" ਵਰਗੀਆਂ ਅਨੇਕਾਂ ਪੰਜਾਬੀ ਫ਼ਿਲਮਾਂ ਦੇ ਗੀਤਾਂ ਰਾਹੀਂ ਉਨ੍ਹਾਂ ਨੇ ਸੰਗੀਤ ਦੇ ਅੰਬਰਾਂ 'ਤੇ ਅਮਿੱਟ ਛਾਪ ਛੱਡੀ।


ਉਨ੍ਹਾਂ ਦੀ ਆਵਾਜ਼ ਵਿਚ ਗਾਏ ਇਹ ਗੀਤ ਅੱਜ ਵੀ ਸਮੇਂ ਦੀਆਂ ਹੱਦਾਂ ਤੋਂ ਪਰੇ ਹੋ ਕੇ ਸਦਾਬਹਾਰ ਬਣੇ ਹੋਏ ਹਨ, ਜੋ ਹਰ ਪੀੜ੍ਹੀ ਦੇ ਦਿਲਾਂ ਵਿਚ ਵੱਸਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਗਾਏ ਸ਼ਬਦ ਸੁਣ ਕੋਈ ਕਹਿ ਨਹੀਂ ਸਕਦਾ, ਕੀ ਇਹ ਕਿਸੇ ਪੰਜਾਬੀ ਵਲੋਂ ਨਹੀਂ ਗਾਏ।

ਆਸ਼ਾ ਭੋਸਲੇ ਦਾ ਸੰਗੀਤਕ ਦਾਇਰਾ ਬਹੁਤ ਵਿਸ਼ਾਲ ਸੀ। ਉਨ੍ਹਾਂ ਨੇ ਸਿਰਫ਼ ਹਿੰਦੀ-ਪੰਜਾਬੀ ਹੀ ਨਹੀਂ, ਸਗੋਂ ਬੰਗਾਲੀ, ਤਮਿਲ, ਤੇਲਗੂ, ਮਲਿਆਲਮ, ਕਨੜ, ਗੁਜਰਾਤੀ ਤੋਂ ਇਲਾਵਾ ਲਗਭਗ 20 ਤੋਂ ਵੱਧ ਭਾਸ਼ਾਵਾਂ ਵਿਚ ਕੋਈ 12000 ਦੇ ਲਗਭਗ ਗੀਤ ਗਾਏ, ਜੋ ਕਿ ਉਨ੍ਹਾਂ ਦੀ ਕਲਾ ਦੀ ਵਿਸ਼ਾਲਤਾ ਅਤੇ ਲੋਕਪ੍ਰਿਯਤਾ ਦਾ ਸਪੱਸ਼ਟ ਸਬੂਤ ਹੈ। ਉਨ੍ਹਾਂ ਦੇ ਗੀਤ ਸਿਰਫ਼ ਫ਼ਿਲਮਾਂ ਦਾ ਹਿੱਸਾ ਨਹੀਂ ਹੁੰਦੇ ਸਨ, ਸਗੋਂ ਉਹ ਫ਼ਿਲਮ ਦੀ ਰੂਹ ਬਣ ਜਾਂਦੇ ਸਨ। ਉਨ੍ਹਾਂ ਦੇ ਯੋਗਦਾਨ ਲਈ ਉਨ੍ਹਾਂ ਨੂੰ ਬੇਸ਼ੁਮਾਰ ਸਨਮਾਨ ਵੀ ਪ੍ਰਾਪਤ ਹੋਏ। ਉਨ੍ਹਾਂ ਨੇ ਕਈ ਵਾਰ ਫ਼ਿਲਮਫੇਅਰ ਅਵਾਰਡ ਜਿੱਤੇ ਅਤੇ 2001 ਵਿਚ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਹੋਏ। ਉਨ੍ਹਾਂ ਨੂੰ ਪਦਮ ਵਿਭੂਸ਼ਣ ਅਤੇ ਦਾਦਾ ਸਾਹਿਬ ਫਾਲਕੇ ਐਵਾਰਡ ਵਰਗੇ ਦੇਸ਼ ਦੇ ਸਭ ਤੋਂ ਵੱਡੇ ਸਨਮਾਨ ਵੀ ਮਿਲੇ।

ਆਸ਼ਾ ਭੋਸਲੇ ਦਾ ਦਿਹਾਂਤ ਸੰਗੀਤ ਜਗਤ ਲਈ ਇੱਕ ਨਾ ਪੂਰਾ ਹੋ ਸਕਣ ਵਾਲਾ ਘਾਟਾ ਹੈ। ਉਨ੍ਹਾਂ ਦੀ ਆਵਾਜ਼ ਭਾਵੇਂ ਅੱਜ ਖਾਮੋਸ਼ ਹੋ ਗਈ ਹੈ, ਪਰ ਉਨ੍ਹਾਂ ਦੇ ਗੀਤ ਸਦਾ ਸਾਡੇ ਦਿਲਾਂ ਵਿਚ ਗੂੰਜਦੇ ਰਹਿਣਗੇ। ਉਹ ਹਰ ਉਸ ਦਿਲ ਵਿਚ ਜ਼ਿੰਦਾ ਰਹਿਣਗੇ, ਜੋ ਸੰਗੀਤ ਨੂੰ ਪਿਆਰ ਕਰਦੇ ਹਨ। ਸਚਮੁੱਚ, ਆਸ਼ਾ ਭੋਸਲੇ ਸਿਰਫ਼ ਇੱਕ ਨਾਮ ਨਹੀਂ, ਸਗੋਂ ਸੰਗੀਤ ਦਾ ਇੱਕ ਅਮਰ ਅਧਿਆਇ ਹੈ, ਜੋ ਕਦੇ ਵੀ ਖ਼ਤਮ ਨਹੀਂ ਹੋਵੇਗਾ।

# ਜ਼ਿੰਦਗੀ ਦੇ ਅਨਮੋਲ ਪ੍ਰਵਚਨ


-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA

**ਮੈਂ ਤੁਹਾਨੂੰ ਬਹੁਤ ਹੀ ਸੰਖੇਪ ਵਿਚ ਕੁਝ ਸੁਝਾਅ ਦੇ ਰਿਹਾ ਹਾਂ, ਜਿਹੜੇ ਤੁਹਾਡੇ ਜੀਵਨ ਪੰਧ ਨੂੰ ਰੌਸ਼ਨ ਕਰ ਸਕਦੇ ਹਨ। ਪਹਿਲੀ ਗੱਲ ਮਨੁੱਖ ਨੂੰ ਆਪਣੀ ਸਿਹਤ ਦਾ ਖਿਆਲ ਰੱਖਣਾ ਚਾਹੀਦਾ ਹੈ ਕਿਉਂਕਿ ਸਿਆਣਿਆਂ ਦਾ ਕਥਨ ਹੈ, ਹੈਲਥ ਇਜ਼ ਵੈਲਥ, ਸਿਹਤ ਹੀ ਧੰਨ ਹੈ। ਇਸ ਲਈ ਸਭ ਤੋਂ ਪਹਿਲਾਂ ਬੱਚੇ ਨੂੰ ਚੰਗੀ ਸਿਹਤ ਤੇ ਚੰਗੇ ਇਨਸਾਨ ਬਣਨ ਦੀ ਸਿੱਖਿਆ ਦੇਣੀ ਚਾਹੀਦੀ ਹੈ।**

ਮਨੁੱਖ ਨੂੰ ਆਪਣੀ ਸਿਹਤ ਦਾ ਖਿਆਲ ਰੱਖਣਾ ਚਾਹੀਦਾ ਹੈ ਕਿਉਂਕਿ ਸਿਆਣਿਆਂ ਦਾ ਕਥਨ ਹੈ, ਹੈਲਥ ਇਜ਼ ਵੈਲਥ, ਸਿਹਤ ਹੀ ਧੰਨ ਹੈ। ਇਸ ਲਈ ਸਭ ਤੋਂ ਪਹਿਲਾਂ ਬੱਚੇ ਨੂੰ ਚੰਗੀ ਸਿਹਤ ਤੇ ਚੰਗੇ ਇਨਸਾਨ ਬਣਨ ਦੀ ਸਿੱਖਿਆ ਦੇਣੀ ਚਾਹੀਦੀ ਹੈ। ਬੱਚੇ ਨੇ ਜੀਵਨ ਵਿਚ ਕੀ ਕਰਨਾ ਹੈ, ਭਾਵ ਡਾਕਟਰ ਬਣਨਾ ਹੈ, ਇੰਜੀਨੀਅਰ, ਅਧਿਆਪਕ ਜਾਂ ਵਕੀਲ ਬਣਨਾ ਹੈ ਜਾਂ ਕੁਝ ਹੋਰ ਬਣਨਾ ਹੈ। ਇਹ ਬਾਅਦ ਦੀ ਗੱਲ ਹੈ। ਬੱਚੇ ਨੂੰ ਜੀਵਨ ਵਿਚ ਕੁਝ ਬਣਨ ਲਈ ਇਹ ਜ਼ਰੂਰੀ ਹੈ ਕਿ ਬੱਚਾ ਆਪਣੀ ਰੁਚੀ ਦੇਖੇ ਕਿ ਉਸਦੀ ਰੁਚੀ ਕਿਸ ਕੰਮ ਵਿਚ ਹੈ। ਹਰ ਬੱਚਾ ਹਰ ਕੰਮ ਨਹੀਂ ਕਰ ਸਕਦਾ। ਦੂਜੀ ਗੱਲ ਮਨੁੱਖ ਵਿਚ ਕੁਝ ਅਜਿਹੇ ਔਗੁਣ ਹਨ, ਜਿਹੜੇ ਮਨੁੱਖ ਨੂੰ ਪਸ਼ੂਆਂ ਨਾਲੋਂ ਵੀ ਮਾੜਾ ਬਣਾ ਦਿੰਦੇ ਹਨ।

ਮਨੁੱਖ ਦੇਖਣ ਨੂੰ ਤਾਂ ਮਨੁੱਖ ਲੱਗਦਾ ਹੈ ਪਰ ਇਸਦੇ ਕੰਮ ਪਸ਼ੂਆਂ ਨਾਲੋਂ ਵੀ ਮਾੜੇ ਹਨ, ਜਿਵੇਂ ਗੁਰਬਾਣੀ ਵਿਚ ਵੀ ਗੁਰੂ ਜੀ ਫ਼ਰਮਾਉਂਦੇ ਹਨ ਕਿ ਪਸ਼ੂ ਤਾਂ ਮਰ ਕੇ ਵੀ ਕਈ ਕੰਮ ਸੁਆਰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ, 'ਕਰਤੂਤਿ ਪਸੂ ਕੇ ਮਾਨਸ ਜਾਤਿ"

ਇਸ ਦਾ ਅਰਥ ਇਹ ਹੋਇਆ ਕਿ ਮਨੁੱਖ ਨੂੰ ਮਨੁੱਖ ਬਣਨ ਲਈ ਆਪਣੇ ਆਪ ਨੂੰ ਸੁਆਰਨ ਦੀ ਲੋੜ ਹੈ, ਭਾਵ ਮਨੁੱਖ ਨੂੰ ਚਾਹੀਦਾ ਹੈ ਕਿ ਆਪਣੇ ਆਪ ਦੀ ਪੜਚੋਲ ਕਰੇ। ਆਪਣੇ ਆਪ ਦੇ ਗੁਣ ਔਗੁਣਾਂ ਦੀ ਪਰਖ ਕਰੇ। ਆਪਣੇ ਔਗੁਣ ਨੂੰ ਦੂਰ ਕਰਕੇ ਆਪਣੇ ਵਿਚ ਗੁਣ ਪੈਦਾ ਕਰੇ। ਇਹ ਗੁਣ ਪੈਦਾ ਕਿਵੇਂ ਕੀਤੇ ਜਾਣ? ਇਕ ਤਰੀਕਾ ਇਹ ਹੈ, ਜਿਵੇਂ ਗੁਰੂ ਸਾਹਿਬਾਨ ਫ਼ਰਮਾਉਂਦੇ ਹਨ ਕਿ ਪ੍ਰਮਾਤਮਾ ਦਾ ਸਿਮਰਨ ਕਰਕੇ, ਭਾਵ ਨਾਮ ਜਪੁ ਕੇ ਕਿਉਂਕਿ ਨਾਮ ਜਪਣ ਨਾਲ ਮਨ ਸ਼ੁੱਧ ਹੋ ਜਾਂਦਾ ਹੈ। ਭਾਵ ਵਿਵੇਕ ਬੁੱਧੀ ਪ੍ਰਾਪਤ ਹੁੰਦੀ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿਚ ਫ਼ਰਮਾਉਂਦੇ ਹਨ:-

"ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥

ਮੂਤ ਪਲੀਤੀ ਕਪੜੁ ਹੋਇ॥ ਦੇਹ ਸਾਬੂਣ ਲਈਐ ਓਹੁ ਧੋਇ॥

ਭਰੀਐ ਮਤਿ ਪਾਪਾ ਕੈ ਸੰਗਿ॥ ਓਹ ਧੋਪੈ ਨਾਵੈ ਕੈ ਰੰਗਿ॥"

ਦੂਜਾ ਤਰੀਕਾ ਮਨੁੱਖ ਲਈ ਆਪਣੇ ਆਪ ਨੂੰ ਸੁਆਰਨ ਦਾ ਇਹ ਹੈ ਕਿ ਔਗੁਣ ਨੂੰ ਖ਼ਤਮ ਕਰਕੇ ਮਨੁੱਖੀ ਗੁਣਾਂ ਨੂੰ ਘੋਟਾ ਲਾ ਕੇ ਯਾਦ ਕੀਤਾ ਜਾਵੇ ਅਤੇ ਉਨ੍ਹਾਂ ਗੁਣਾਂ ਦੀ ਰੋਜ਼ਾਨਾ ਜੀਵਨ ਵਿਚ ਵਰਤੋਂ ਕੀਤੀ ਜਾਵੇ, ਜਿਵੇਂ ਕੁਝ ਵਿਦਿਆਰਥੀ ਬੁੱਧੀਮਾਨ ਹੁੰਦੇ ਅਤੇ ਉਹ ਪੜ੍ਹਾਈ ਦਿਮਾਗ ਨਾਲ ਕਰਦੇ ਹਨ, ਪਰ ਕੁਝ ਵਿਦਿਆਰਥੀ ਬੁੱਧੀਮਾਨ ਨਹੀਂ ਹੁੰਦੇ ਅਤੇ ਉਹ ਘੋਟਾ ਲਾ ਕੇ ਪੜ੍ਹਾਈ ਯਾਦ ਕਰ ਲੈਂਦੇ ਹਨ।

ਮੈਂ ਤੁਹਾਨੂੰ ਬਹੁਤ ਹੀ ਸੰਖੇਪ ਵਿਚ ਕੁਝ ਸੁਝਾਅ ਦੇ ਰਿਹਾ ਹਾਂ, ਜਿਹੜੇ ਤੁਹਾਡੇ ਜੀਵਨ ਪੰਧ ਨੂੰ ਰੌਸ਼ਨ ਕਰ ਸਕਦੇ ਹਨ।

ਪਹਿਲੀ ਗੱਲ ਮਨੁੱਖ ਨੂੰ ਆਪਣੀ ਸਿਹਤ ਦਾ ਖਿਆਲ ਰੱਖਣਾ ਚਾਹੀਦਾ ਹੈ ਕਿਉਂਕਿ ਸਿਆਣਿਆਂ ਦਾ ਕਥਨ ਹੈ, ਹੈਲਥ ਇਜ਼ ਵੈਲਥ, ਸਿਹਤ ਹੀ ਧੰਨ ਹੈ। ਇਸ ਲਈ ਸਭ ਤੋਂ ਪਹਿਲਾਂ ਬੱਚੇ ਨੂੰ ਚੰਗੀ ਸਿਹਤ ਤੇ ਚੰਗੇ ਇਨਸਾਨ ਬਣਨ ਦੀ ਸਿੱਖਿਆ ਦੇਣੀ ਚਾਹੀਦੀ ਹੈ। ਬੱਚੇ ਨੇ ਜੀਵਨ ਵਿਚ ਕੀ ਕਰਨਾ ਹੈ, ਭਾਵ ਡਾਕਟਰ ਬਣਨਾ ਹੈ, ਇੰਜੀਨੀਅਰ, ਅਧਿਆਪਕ ਜਾਂ ਵਕੀਲ ਬਣਨਾ ਹੈ ਜਾਂ ਕੁਝ ਹੋਰ ਬਣਨਾ ਹੈ। ਇਹ ਬਾਅਦ ਦੀ ਗੱਲ ਹੈ। ਬੱਚੇ ਨੂੰ ਜੀਵਨ ਵਿਚ ਕੁਝ ਬਣਨ ਲਈ ਇਹ ਜ਼ਰੂਰੀ ਹੈ ਕਿ ਬੱਚਾ ਆਪਣੀ ਰੁਚੀ ਦੇਖੇ ਕਿ ਉਸ ਦੀ ਰੁਚੀ ਕਿਸ ਕੰਮ ਵਿਚ ਹੈ। ਹਰ ਬੱਚਾ ਹਰ ਕੰਮ ਨਹੀਂ ਕਰ ਸਕਦਾ।

ਦੂਜੀ ਗੱਲ ਮਨੁੱਖ ਵਿਚ ਕੁਝ ਅਜਿਹੇ ਔਗੁਣ ਹਨ, ਜਿਹੜੇ ਮਨੁੱਖ ਨੂੰ ਪਸ਼ੂਆਂ ਨਾਲੋਂ ਵੀ ਮਾੜਾ ਬਣਾ ਦਿੰਦੇ ਹਨ, ਜਿਵੇਂ ਗੁਰੂ ਜੀ ਵੀ ਫ਼ਰਮਾਉਂਦੇ ਹਨ ਕਾਮ, ਕ੍ਰੋਧ, ਲੋਭ, ਅਹੰਕਾਰ ਤੇ ਈਰਖਾ। ਇਨ੍ਹਾਂ ਔਗੁਣਾਂ ਦਾ ਮਨੁੱਖ ਤਿਆਗ ਕਰੇ, ਭਾਵ ਇਨ੍ਹਾਂ ਦੀ ਦੁਰਵਰਤੋਂ ਤੋਂ ਆਦਮੀ ਜਿਵੇਂ ਅੱਜਕੱਲ੍ਹ ਸਮਾਜ ਵਿਚ ਹੋ ਰਿਹਾ ਹੈ, ਬਲਾਤਕਾਰ, ਕਤਲ, ਲੁੱਟਾਂ-ਖੋਹਾਂ ਆਦਿ ਦੀਆਂ ਘਟਨਾਵਾਂ ਨਿੱਤ ਵਾਪਰ ਰਹੀਆਂ ਹਨ। ਅਹੰਕਾਰ, ਈਰਖਾ ਮਨੁੱਖ ਦਾ ਬਹੁਤ ਭੈੜਾ ਔਗੁਣ ਹੈ।

ਅਹੰਕਾਰੀ ਤੇ ਈਰਖਾਲੂ ਮਨੁੱਖ ਪਤਾ ਨਹੀਂ ਸਮਾਜ ਵਿਚ ਵੀ ਕੁਝ ਗਲਤ ਕਰਦਾ ਹੈ। ਈਰਖਾ ਵਸ ਹੋ ਕੇ ਮਨੁੱਖ ਪਤਾ ਨਹੀਂ ਆਪ ਚੰਗਾ ਬਣਨ ਤੇ ਦੂਜੇ ਨੂੰ ਮਾੜਾ ਬਣਾਉਣ ਲਈ ਕੀ-ਕੀ ਪਾਪੜ ਵੇਲਦਾ ਹੈ? ਈਰਖਾ ਕਰਨ ਦੀ ਥਾਂ ਆਪਣੇ ਆਪ ਨੂੰ ਤੇ ਦੂਜੇ ਨੂੰ ਸਵੀਕਾਰ ਕਰੋ, ਨਾ ਕਿ ਈਰਖਾ ਤੇ ਅਹੰਕਾਰ ਦੀ ਅੱਗ ਵਿਚ ਸੜਦੇ ਰਹੋ।

ਤੀਜੀ ਗੱਲ, ਮਨੁੱਖ ਨੂੰ ਚਾਹੀਦਾ ਹੈ ਕਿ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ, ਸਬਰ-ਸੰਤੋਖ ਦਾ ਧਾਰਨੀ ਬਣੇ। ਦੂਜਿਆਂ ਲਈ ਵੀ ਜੀਊਣਾ ਸਿੱਖੇ।

ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:-

"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥

ਚੌਥੀ ਗੱਲ ਬਹੁਤ ਜ਼ਰੂਰੀ ਹੈ, ਜਿਸ ਨੂੰ ਜ਼ਿੰਦਗੀ ਦਾ ਆਧਾਰ ਬਣਾਉਣਾ ਚਾਹੀਦਾ ਹੈ। ਸਿੱਖ ਧਰਮ ਇਕ ਜੀਵਨ ਜਾਚ ਹੈ। ਕੇਸ ਦਾੜ੍ਹੀ ਰੱਖਣੀ, ਨਾਮ ਜਪੁਣਾ, ਕਿਰਤ ਕਰਨੀ ਤੇ ਵੰਡ ਛਕਣਾ ਸਿੱਖ ਸਿਧਾਂਤ ਦੇ ਮੁੱਢਲੇ ਸਿਧਾਂਤ ਹਨ।

ਖ਼ਾਲਸਾ ਬਣਨ ਲਈ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਣ ਦੀ ਪ੍ਰਥਾ ਆਰੰਭ ਕੀਤੀ। ਪੰਜਾਂ ਕਕਾਰਾਂ ਦਾ ਅਰਥ ਇਹ ਸੀ ਕਿ ਮਨੁੱਖ ਨੇ ਗ਼ਲਤ ਕੰਮ ਨਹੀਂ ਕਰਨੇ, ਭਾਵ ਮਨੁੱਖ ਖ਼ਾਲਸ ਬਾਣੇ ਸ਼ੁੱਧ, ਪਵਿੱਤਰ, ਛਲ ਕਪਟ ਤੋਂ ਰਹਿਤ।

ਮੇਰਾ ਕਹਿਣਾ ਹੈ ਕਿ ਜੇ ਮਨੁੱਖ ਇਹ ਸਭ ਭਾਵ ਕੇਸ ਦਾੜ੍ਹੀ, ਨਹੀਂ ਰੱਖ ਸਕਦਾ, ਸ਼ਰਾਬ ਨਹੀਂ ਛੱਡ ਸਕਦਾ, ਸਿਮਰਨ ਵੀ ਨਹੀਂ ਕਰ ਸਕਦਾ ਅਤੇ ਅੰਮ੍ਰਿਤ ਵੀ ਨਹੀਂ ਛਕਦਾ, ਤਾਂ ਘੱਟੋ-ਘੱਟ ਮਨੁੱਖ ਹੇਠ ਲਿਖੇ ਕੰਮ ਤਾਂ ਨਾ ਕਰੇ। ਜੇ ਮਨੁੱਖ ਆਪਣਾ ਜੀਵਨ ਸੁਖਮਈ, ਸ਼ਾਂਤ ਸੰਤੁਸ਼ਟ ਤੇ ਖੁਸ਼ਹਾਲ ਬਣਾਉਣਾ ਚਾਹੁੰਦਾ ਹੈ,

ਗ਼ਲਤ ਕੰਮ ਨਾ ਕਰੇ, ਜਿਵੇਂ ਸ੍ਰੀ ਗੁਰੂ ਅਮਰਦਾਸ ਫ਼ਰਮਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥" ਸ਼ੁਭ ਕਰਮ ਕਰੋ। ਸ਼ੁਭ ਅਮਲਾਂ 'ਤੇ ਹੋਣੇ ਨੇ ਨਿਬੇੜੇ, ਜਾਤ ਕਿਸੇ ਪੁੱਛਣੀ ਨਹੀਂ।

ਕਿਸੇ ਨਾਲ ਧੋਖਾ ਨਾ ਕਰੋ।
ਕਿਸੇ ਦਾ ਦਿਲ ਨਾ ਦੁਖਾਓ।
ਕਿਸੇ ਦਾ ਹੱਕ ਨਾ ਖਾਓ
ਜਿਵੇਂ ਗੁਰੂ ਜੀ ਫ਼ਰਮਾਉਂਦੇ ਹਨ:-
"ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥"

ਆਪਣੀ ਜ਼ਿੰਮੇਵਾਰੀ ਤੇ ਫਰਜ਼ ਨੂੰ ਸਮਝੋ। ਸਿੱਖਣ ਦੀ ਆਦਤ ਪਾਓ, ਜਿਵੇਂ ਗੁਰੂ ਜੀ ਫ਼ਰਮਾਉਂਦੇ ਹਨ :-

"ਸਿੱਖੀ ਸਿੱਖਿਆ ਗੁਰ ਵੀਚਾਰੁ
ਜੋ ਹੈ ਸੋਈ ਦਿਸੋ ਭਾਵ ਦਿਖਾਵਾ ਨਾ ਕਰੋ।

ਮਨੁੱਖ ਦੀ ਕਹਿਣੀ ਤੇ ਕਰਨੀ ਇਕ ਹੋਣੀ ਚਾਹੀਦੀ ਹੈ, ਪੂਰਨ ਮਨੁੱਖ ਬਣੋ।

ਭੈੜੀ ਸੰਗਤ ਤੋਂ ਬਚੋ। ਆਪਣੇ ਜੀਵਨ ਮਨੋਰਥ ਭਾਵ ਆਪਣੇ ਕਿੱਤੇ ਦੀ ਚੋਣ ਕਰਨ ਵਾਲੇ ਆਪਣੀ ਮਾਨਸਿਕਤਾ ਸਰੀਰਕ ਤੇ ਆਪਣੀ ਰੁਚੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਹਰ ਵੇਲੇ ਆਪਣੇ ਮਨੋਰਥ ਨੂੰ ਸਾਹਮਣੇ ਰੱਖੋ। ਆਪਣੇ ਮਨੋਰਥ ਨੂੰ ਪ੍ਰਾਪਤ ਕਰਨ ਲਈ ਮਨੁੱਖ ਨੂੰ ਹਿੰਮਤ, ਮਿਹਨਤ, ਲਗਨ, ਉਦਮ ਤੇ ਉਤਸ਼ਾਹ ਦੀ ਲੋੜ ਹੁੰਦੀ ਹੈ।

ਮੇਰੀ ਨਿਗਾਹ ਮੰਜ਼ਿਲ ਪੇ ਹੋਤੀ ਹੈ,
ਮੈਨੇ ਕਭੀ ਮੀਲ ਪੱਥਰ ਕੋ ਨਹੀਂ ਦੇਖਾ।
ਮੰਜ਼ਿਲ ਉਨ ਹੀ ਕੋ ਮਿਲਤੀ ਹੈ,
ਜਿੰਨ ਕੇ ਸੁਪਨੋ ਮੇਂ ਜਾਨ ਹੋਤੀ ਹੈ।
ਪੰਖੋਂ ਸੇ ਕੁਝ ਨਹੀਂ ਹੋਤਾ,
ਉਡਾਨ ਹੌਂਸਲੋਂ ਸੇ ਹੋਤੀ ਹੈ।

ਦੂਜਿਆਂ ਨਾਲ ਅਜਿਹਾ ਵਤੀਰਾ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ। ਉਹ ਮਹਾਨ ਹੁੰਦੇ ਹਨ, ਜਿਹੜੇ ਹੱਕ, ਸੱਚ, ਇਨਸਾਫ਼ ਤੇ ਮਨੁੱਖਤਾ ਲਈ ਜੀਉਂਦੇ ਹਨ।


# ਜਨਮ ਸਰਟੀਫਿਕੇਟ ਲਈ ਖੱਜਲ ਹੁੰਦੇ ਲੋਕ


ਰਘਵੀਰ ਸਿੰਘ ਟੇਰਕਿਆਨਾ
ਐਡਵੋਕੇਟ, ਹੁਸ਼ਿਆਰਪੁਰ
ਫ਼ੋਨ : 98141-73402
ਪੰਜਾਬ ਮੇਲ USA




ਪੁਰਾਣੇ ਸਮਿਆਂ ਵਿਚ ਬਹੁਤੇ ਲੰਬੜਦਾਰ ਅਨਪੜ੍ਹ ਹੁੰਦੇ ਸਨ ਤੇ ਅੰਗੂਠਾ ਛਾਪ ਚੌਕੀਦਾਰ ਪਿੰਡ ਦਾ ਮੁੱਢਲਾ ਸਰਕਾਰੀ ਸੇਵਾਦਾਰ ਸੀ। ਉਹ ਪਿੰਡ ਵਿਚ ਤੁਰਿਆ-ਫਿਰਦਾ ਤੇ ਪੇਂਡੂ ਲੋਕਾਂ ਨੂੰ ਗਲੀਆਂ-ਮੁਹੱਲਿਆਂ ਵਿਚ ਪੁੱਛਦਾ ਰਹਿੰਦਾ ਕਿ ਕਿਹਦੇ ਘਰ ਨਿਆਣਾ ਜੰਮਿਆ ਹੈ। ਫਿਰ ਰਫ ਜਿਹੀ ਕਾਪੀ ਉੱਤੇ ਟੁੱਟੇ-ਫੁੱਟੇ ਅੱਖਰਾਂ ਵਿਚ ਕਿਸੇ ਕੋਲ਼ੋਂ ਨੋਟ ਕਰਵਾ ਲੈਂਦਾ। ਉਨ੍ਹਾਂ ਦਿਨਾਂ ਵਿਚ ਸ਼ਹਿਰ ਤੱਕ ਪੈਦਲ ਤੁਰ ਕੇ ਜਾਣ ਦਾ ਜ਼ਮਾਨਾ ਸੀ। ਕੱਚੇ ਰਸਤੇ ਹੁੰਦੇ ਸਨ। ਜਾਣ ਆਉਣ ਦੇ ਸਾਧਨ ਨਹੀਂ ਸਨ।

ਫਿਰ ਉਹ ਚੌਕੀਦਾਰ ਰੋਜ਼ ਨਹੀਂ, ਕਦੇ-ਕਦੇ ਹੀ ਕਈ ਦਿਨਾਂ ਬਾਅਦ ਪੈਦਲ ਤੁਰ ਕੇ ਥਾਣੇ ਜਾਂਦਾ ਤੇ ਜਾ ਕੇ ਘੱਟ ਹੀ ਪੜ੍ਹੇ ਮੁਣਸ਼ੀ ਨੂੰ ਸੁਣੀ-ਸੁਣਾਈ ਇਤਲਾਹ ਦੇ ਆਉਂਦਾ ਸੀ ਤੇ ਉਹ ਥਾਣੇ ਦਾ ਮੁਣਸ਼ੀ ਵੀ ਬਹੁਤ ਪੜ੍ਹਿਆ-ਲਿਖਿਆ ਨਹੀਂ ਸੀ ਹੁੰਦਾ। ਉਹ ਮੁਣਸ਼ੀ ਅੱਗੋਂ ਨਾਵਾਂ ਦੇ ਸਪੈਲਿੰਗ ਗਲਤ-ਮਲਤ ਲਿਖ ਕੇ ਸਿਵਲ ਸਰਜਨ ਦੇ ਦਫਤਰ ਨੂੰ ਕੋਈ ਲਿਸਟ ਜਿਹੀ ਬਣਾ ਕੇ ਤੋਰ ਦਿੰਦਾ। ...ਤੇ ਇੰਝ ਰਜਿਸਟਰ ਵਿਚ ਅੱਟੇ-ਸੱਟੇ ਲਿਖੀ ਡੇਟ ਦੇ ਨਾਲ ਕਦੀ ਜਨਮ ਲੈਣ ਵਾਲੇ ਦੇ, ਕਦੇ ਜਨਮ ਦੇਣ ਵਾਲੇ ਮਾਂ-ਪਿਉ ਦੇ ਸਪੈਲਿੰਗ ਗਲਤ-ਮਲਤ ਹੀ ਉਸ ਰਜਿਸਟਰ ਵਿਚ ਚੜ੍ਹ ਜਾਂਦੇ।



ਡੀ.ਪੀ.ਐਫ. 368
ਕ੍ਰਮਾਂਕ-ਣ

ਫਾਰਮ ਨੰ :5 (ਵੇਖੋ ਰੂਲ 8)
ਰਜਿਸਟਰ ਦਾ ਸਫਾ ਨੰਬਰ .........

ਜਨਮ ਦਾ ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਹੇਠ ਲਿਖੀ ਸੂਚਨਾ ਅਸਲ ਜਨਮ ਰਿਕਾਰਡ ਵਿੱਚੋ ਲਈ ਗਈ ਹੈ ਜਿਹੜੀ ਕਿ ਲੋਕਲ ਰਜਿਸਟਰਾਰ ਜਨਮ ਤੇ ਮੌਤ ........ ਤਹਿਸੀਲ ........ ਜ਼ਿਲ੍ਹਾ ........ ਬਾਬਤ ਸਾਲ 2003 ਦੇ ਰਜਿਸਟਰ ਵਿੱਚ ਦਰਜ ਹੈ।

ਨਾਮ ........ ਰਜਿਸਟਰੇਸ਼ਨ ਨੰਬਰ 1295
ਲਿੰਗ ........ (ਲੜਕਾ/ਲੜਕੀ) ਰਜਿਸਟਰੇਸ਼ਨ ਦੀ ਮਿਤੀ 19.9.2003
ਜਨਮ ਅਸਥਾਨ ........ ਜਨਮ ਦੀ ਮਿਤੀ 16.9.2003
ਮਾਤਾ ਦਾ ਨਾਮ ........ ਮਾਤਾ/ਪਿਤਾ ਦਾ ਪੂਰਾ ਪਤਾ ........
ਪਿਤਾ ਦਾ ਨਾਮ ........ ਸਪੁਤਰ ........

ਨਾਮ ........ ਮੁਹਰ ........
ਔਹੁਦਾ ........ ਮਿਤੀ ........

ਨੋਟ : ਇਹ ਜਨਮ ਸਰਟੀਫਿਕੇਟ ਜਨਮ ਅਤੇ ਮੌਤ ਰਜਿਸਟਰੇਸ਼ਨ ਐਕਟ 1969 (ਭਾਰਤ ਸਰਕਾਰ) ਦੀ ਧਾਰਾ 12/17 ਦੇ ਅਧੀਨ ਜਾਰੀ ਕੀਤਾ ਗਿਆ।

ਸਾਲਾਂ ਬਾਅਦ ਜਦੋਂ ਕਿਤੇ ਜਨਮ ਦਿਨ ਦੀ ਲੋੜ ਪੈਂਦੀ, ਤਾਂ ਬਹੁਤਿਆਂ ਨੂੰ "ਨਾਟ ਫਾਊਂਡ" ਦਾ ਸਰਟੀਫਿਕੇਟ ਮਿਲ ਜਾਂਦਾ। ਚੌਕੀਦਾਰ ਦੀ ਬੇਸਮਝੀ ਕਾਰਣ ਕਿਸੇ ਦਾ ਨਿਆਣਾ ਕਿਸੇ ਹੋਰ ਪਿਓ ਦੇ ਨਾਮ ਵੀ ਚੜ੍ਹ ਜਾਂਦਾ ਸੀ। ਰਜਿਸਟਰ ਨਾਲ ਏਨੇ ਸਾਲਾਂ ਵਿਚ ਕਈਆਂ ਨੇ ਛੇੜਛਾੜ ਵੀ ਕੀਤੀ ਹੁੰਦੀ ਸੀ। ਕਈ ਜਗ੍ਹਾ ਕਟਿੰਗ ਹੋਈ ਹੁੰਦੀ। ਉਹ ਮੋਟਾ ਸਾਰਾ ਰਜਿਸਟਰ ਉੱਖੜ ਗਿਆ ਹੁੰਦਾ ਜਾਂ ਪਿਆ-ਪਿਆ ਖਸਤਾ ਹਾਲਤ ਵਿਚ ਹੋਣ ਕਰਕੇ ਗਰ ਜਾਂਦਾ। ਉਸ ਰਜਿਸਟਰ ਦਾ ਕੁਝ ਹਿੱਸਾ ਸਿਉਂਕ ਨੇ ਖਾ ਲਿਆ ਹੁੰਦਾ ਸੀ। ਕੁਝ ਵਰਕੇ ਪਾਟ ਗਏ ਹੁੰਦੇ। ਵਿਚਾਰੇ ਲੋਕ ਦਰੁੱਸਤੀਆਂ ਕਰਵਾਉਂਦੇ ਫਿਰਦੇ।

ਅਦਾਲਤਾਂ ਵਿਚ ਝਗੜੇ ਚੱਲ ਰਹੇ ਹਨ। ਕਿਸੇ ਦੀ ਮੌਤ ਦੀ ਤਾਰੀਖ ਦਾ ਝਗੜਾ। ਕਿਸੇ ਦੀ ਜਨਮ ਤਰੀਕ ਦਾ ਤੇ ਕਿਸੇ ਦੀ ਬਲਦੀਅਤ ਦਾ ਝਗੜਾ ਵੀ ਚੱਲਦਾ ਰਹਿੰਦਾ ਹੈ। ਸਿਸਟਮ ਵਿਚ ਵੇਲੇ ਸਿਰ ਸੁਧਾਰ ਹੋਣਾ ਚਾਹੀਦਾ ਸੀ ਪਰ ਬਹੁਤ ਦੇਰ ਕਰ ਦਿੱਤੀ ਗਈ। ਸਕੂਲ ਸਰਟੀਫਿਕੇਟ ਵੀ ਏਨੇ ਸਾਲ ਕੌਣ ਸਾਂਭਦਾ ਫਿਰੇ? ਪਰ ਇਕ ਗੱਲ ਐ ਕਿ ਜਨਮ ਦਿਨ ਹਰ ਕੋਈ ਮਨਾਈ ਜਾ ਰਿਹਾ। ਹੁਣ ਤਾਂ ਲੋਕ ਡਰਦੇ ਮਾਰੇ ਜਨਮ ਦਿਨ ਲਿਖਾਉਣ ਵੇਲੇ ਧਿਆਨ ਰੱਖਦੇ ਹਨ ਕਿ ਕੋਈ ਗ਼ਲਤੀ ਨਾ ਹੋ ਜਾਵੇ। ਧਿਆਨ ਰੱਖਣਾ ਵੀ ਚਾਹੀਦਾ, ਨਹੀਂ ਤਾਂ ਅਗਲੇ ਸਮੇਂ ਵਿਚ ਪੁਆੜੇ ਪਏ ਰਹਿਣਗੇ।

ਮੈਂ ਪੰਜਤਾਲੀ-ਛਿਆਲੀ ਸਾਲ ਪਹਿਲਾਂ ਜਦੋਂ ਵਕਾਲਤ ਸ਼ੁਰੂ ਕੀਤੀ, ਤਾਂ ਅਦਾਲਤ ਵਿਚ ਕਿਸੇ ਦਾ ਕੋਈ ਕੇਸ ਚੱਲਦਾ ਸੀ। ਕੇਸ ਵਿਚ ਆਵਾਜ਼ ਪੈਂਦੀ ਸੀ, ਵਕੀਲ ਸਿੰਘ ਬਨਾਮ ਵਕੀਲ ਸਿੰਘ। ਇਤਫ਼ਾਕ ਨਾਲ ਦੋਵਾਂ ਦੇ ਨਾਮ ਵੀ ਮਿਲਦੇ ਸਨ ਤੇ ਬਾਪ ਦੇ ਨਾਮ ਵੀ ਤੇ ਸ਼ਾਇਦ ਦਾਦਿਆਂ ਦੇ ਨਾਮ ਵੀ। ਦਿਲਚਸਪ ਗੱਲ ਇਹ ਵੀ ਕਿ ਉਨ੍ਹਾਂ ਦੇ ਮਾਪੇ ਵੀ ਪਿੱਛੋਂ ਪਾਕਿਸਤਾਨ ਤੋਂ ਇੱਕੋ ਜ਼ਿਲ੍ਹੇ ਵਿਚੋਂ ਤੇ ਇੱਕੋ ਪਿੰਡ 'ਚੋਂ ਉੱਠ ਕੇ ਮੁਲਕ ਦੀ ਤਕਸੀਮ ਵੇਲੇ ਆਏ ਸਨ। ਅਦਾਲਤ ਵਲੋਂ ਉਨ੍ਹਾਂ ਨੂੰ ਦਸਤਾਵੇਜ਼ ਪੇਸ਼ ਕਰਨ ਦੀ ਹਦਾਇਤ ਹੋਈ, ਤਾਂ ਬਹੁਤੇ ਦਸਤਾਵੇਜ਼ ਤਾਂ ਪਾਕਿਸਤਾਨ ਵਿਚ ਹੀ ਰਹਿ ਗਏ ਸਨ।

ਲੋਕਾਂ ਨੂੰ ਨੌਕਰੀਆਂ ਵੇਲੇ ਜਾਂ ਵਿਰਾਸਤ ਦਾ ਇੰਤਕਾਲ ਚੜ੍ਹਣ ਵੇਲੇ ਜਾਂ ਪਾਸਪੋਰਟ ਬਣਾਉਣ ਵੇਲੇ ਅਜਿਹੀਆਂ ਕਈ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋੜ ਹੈ ਜਨਮ ਦਿਨ ਜਾਂ ਮੌਤ ਦੀ ਤਾਰੀਖ ਲਿਖਵਾਉਣ ਵੇਲੇ ਚੌਕੰਨੇ ਰਹੀਏ।

# ਸੰਸਥਾ ਨਿਰਮਾਤਾ ਤੋਂ ਜੀਵਨ ਸਲਾਹਕਾਰ ਤੱਕ: ਡਾ. ਵਿਜੇ ਗਰਗ ਦੀ ਯਾਤਰਾ


ਪ੍ਰਿਅੰਕਾ ਸੌਰਭ
ਹਿਸਾਰ (ਹਰਿਆਣਾ)
ਮੋਬਾਈਲ: 7015375570
(ਗੱਲਬਾਤ ਅਤੇ ਵਟਸਐਪ)




ਪੰਜਾਬ ਮੇਲ USA

ਭਾਰਤ ਵਿਚ ਸਿੱਖਿਆ ਦੀ ਦੁਨੀਆਂ ਅੱਜ ਅੰਕੜਿਆਂ, ਪ੍ਰਤੀਸ਼ਤਤਾਵਾਂ ਅਤੇ ਦਰਜਾਬੰਦੀਆਂ ਦੀ ਇੱਕ ਚਮਕਦਾਰ ਲੜੀ ਵਿਚ ਉਲਝਦੀ ਜਾ ਰਹੀ ਹੈ। ਸਕੂਲਾਂ ਅਤੇ ਕਾਲਜਾਂ ਦੀ ਗੁਣਵੱਤਾ ਦਾ ਅੰਦਾਜ਼ਾ ਹੁਣ ਇਸ ਗੱਲ ਤੋਂ ਲਗਾਇਆ ਜਾਂਦਾ ਹੈ ਕਿ ਕਿੰਨੇ ਵਿਦਿਆਰਥੀ ਪ੍ਰੀਖਿਆਵਾਂ ਵਿਚ ਪਾਸ ਹੁੰਦੇ ਹਨ, ਵੱਕਾਰੀ ਨੌਕਰੀਆਂ ਪ੍ਰਾਪਤ ਕਰਦੇ ਹਨ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਪਾਸ ਕਰਦੇ ਹਨ। ਪਰ ਇਸ ਦ੍ਰਿਸ਼ ਦੇ ਵਿਚਕਾਰ, ਇੱਕ ਬੁਨਿਆਦੀ ਸਵਾਲ ਅਕਸਰ ਅਣਸੁਲਝਿਆ ਰਹਿੰਦਾ ਹੈ – ਕੀ ਸਿੱਖਿਆ ਸਿਰਫ਼ ਨਤੀਜੇ ਦੇਣ ਦਾ ਇੱਕ ਸਾਧਨ ਹੈ, ਜਾਂ ਇਹ ਮਨੁੱਖਾਂ ਨੂੰ ਆਕਾਰ ਦੇਣ ਦੀ ਇੱਕ ਪ੍ਰਕਿਰਿਆ ਵੀ ਹੈ? ਇਸ ਸਵਾਲ ਦਾ ਇੱਕ ਜੀਵਤ ਜਵਾਬ ਡਾ. ਵਿਜੇ ਗਰਗ ਹਨ, ਜਿਨ੍ਹਾਂ ਦਾ ਜੀਵਨ ਅਤੇ ਕੰਮ ਸਾਨੂੰ ਸਿੱਖਿਆ ਦੇ ਅਸਲ ਅਰਥਾਂ ਤੋਂ ਜਾਣੂ ਕਰਵਾਉਂਦੇ ਹਨ।

ਡਾ. ਵਿਜੇ ਗਰਗ ਦਾ ਨਾਮ ਸਿਰਫ਼ ਇੱਕ ਪ੍ਰਸ਼ਾਸਕੀ ਅਧਿਕਾਰੀ ਜਾਂ ਪ੍ਰਿੰਸੀਪਲ ਵਜੋਂ ਯਾਦ ਨਹੀਂ ਰੱਖਿਆ ਜਾ ਸਕਦਾ। ਉਨ੍ਹਾਂ ਨੇ ਲਗਭਗ ਚਾਰ ਦਹਾਕਿਆਂ ਤੱਕ ਵਿਦਿਅਕ ਸੰਸਥਾਵਾਂ ਦੀ ਅਗਵਾਈ ਕੀਤੀ, ਪਰ ਉਨ੍ਹਾਂ ਦੇ ਯੋਗਦਾਨ ਨੇ ਅਹੁਦੇ ਜਾਂ ਜ਼ਿੰਮੇਵਾਰੀ ਦੀਆਂ ਸੀਮਾਵਾਂ ਨੂੰ ਪਾਰ ਕਰ ਦਿੱਤਾ। ਉਹ ਉਨ੍ਹਾਂ ਦੁਰਲੱਭ ਸਿੱਖਿਅਕਾਂ ਵਿਚੋਂ ਇੱਕ ਸਨ, ਜਿਨ੍ਹਾਂ ਲਈ ਸਿੱਖਿਆ ਇੱਕ ਪੇਸ਼ਾ ਨਹੀਂ ਸੀ, ਸਗੋਂ ਇੱਕ ਨੈਤਿਕ ਜ਼ਿੰਮੇਵਾਰੀ ਸੀ। ਉਨ੍ਹਾਂ ਦੀ ਸ਼ਖਸੀਅਤ ਇੱਕ ਅਧਿਆਪਕ ਦੀ ਸਾਦਗੀ, ਇੱਕ ਚਿੰਤਕ ਦੀ ਡੂੰਘਾਈ ਅਤੇ ਇੱਕ ਮਾਰਗਦਰਸ਼ਕ ਦੀ ਸੰਵੇਦਨਸ਼ੀਲਤਾ ਨੂੰ ਦਰਸਾਉਂਦੀ ਹੈ।

ਉਨ੍ਹਾਂ ਦਾ ਜੀਵਨ ਇਸ ਗੱਲ ਦਾ ਪ੍ਰਮਾਣ ਹੈ ਕਿ ਇੱਕ ਸੱਚਾ ਅਧਿਆਪਕ ਸਿਰਫ਼ ਜਾਣਕਾਰੀ ਦਾ ਸਰੋਤ ਨਹੀਂ ਹੁੰਦਾ, ਸਗੋਂ ਉਹ ਹੁੰਦਾ ਹੈ, ਜੋ ਵਿਦਿਆਰਥੀਆਂ ਦੇ ਅੰਦਰ ਵਿਚਾਰਾਂ ਦੀ ਅੱਗ ਨੂੰ ਜਗਾਉਂਦਾ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਸਿੱਖਿਆ ਦਾ ਉਦੇਸ਼ ਜਵਾਬ ਦੇਣਾ ਨਹੀਂ ਹੈ, ਸਗੋਂ ਸਵਾਲ ਪੁੱਛਣ ਦੀ ਯੋਗਤਾ ਪੈਦਾ ਕਰਨਾ ਹੈ। ਇਹੀ ਕਾਰਨ ਸੀ ਕਿ ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲੇ ਵਿਦਿਆਰਥੀ ਨਾ ਸਿਰਫ਼ ਪ੍ਰੀਖਿਆਵਾਂ ਪਾਸ ਕਰਦੇ ਸਨ, ਸਗੋਂ ਜ਼ਿੰਦਗੀ ਦੇ ਗੁੰਝਲਦਾਰ ਸਵਾਲਾਂ ਦਾ ਸਾਹਮਣਾ ਕਰਨ ਲਈ ਵੀ ਤਿਆਰ ਹੁੰਦੇ ਸਨ।

ਡਾ. ਗਰਗ ਦਾ ਮੁੱਢਲਾ ਜੀਵਨ ਸਾਧਾਰਨ ਹਾਲਾਤਾਂ ਵਿਚ ਬਤੀਤ ਹੋਇਆ, ਪਰ ਉਨ੍ਹਾਂ ਦੀ ਸੋਚ ਅਸਾਧਾਰਨ ਸੀ। ਉਹ ਇੱਕ ਅਜਿਹੇ ਮਾਹੌਲ ਵਿਚ ਵੱਡੇ ਹੋਏ, ਜਿੱਥੇ ਸਿੱਖਿਆ ਨੂੰ ਸਮਾਜਿਕ ਰੁਤਬਾ ਪ੍ਰਾਪਤ ਕਰਨ ਦੇ ਸਾਧਨ ਵਜੋਂ ਨਹੀਂ, ਸਗੋਂ ਇੱਕ ਜ਼ਿੰਮੇਵਾਰੀ ਵਜੋਂ ਦੇਖਿਆ ਜਾਂਦਾ ਸੀ। ਸੀਮਤ ਸਰੋਤਾਂ ਦੇ ਬਾਵਜੂਦ, ਉਨ੍ਹਾਂ ਨੇ ਆਪਣੀ ਸਿੱਖਿਆ ਨੂੰ ਸਮਰਪਣ ਅਤੇ ਵਚਨਬੱਧਤਾ ਨਾਲ ਅੱਗੇ ਵਧਾਇਆ, ਅੰਤ ਵਿਚ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ। ਹਾਲਾਂਕਿ, ਉਨ੍ਹਾਂ ਨੇ ਕਦੇ ਵੀ ਇਸ ਪ੍ਰਾਪਤੀ ਨੂੰ ਆਪਣੀ ਸ਼ਖਸੀਅਤ ਦਾ ਕੇਂਦਰ ਨਹੀਂ ਬਣਾਇਆ। ਉਨ੍ਹਾਂ ਲਈ, ਇਹ ਸਿਰਫ਼ ਇੱਕ ਪੌੜੀ ਸੀ, ਅੰਤਮ ਟੀਚਾ ਨਹੀਂ।

ਇਹੀ ਨਿਮਰਤਾ ਅਤੇ ਨਿਰੰਤਰ ਸਿੱਖਣ ਨੇ ਉਸਨੂੰ ਵੱਖਰਾ ਬਣਾਇਆ। ਉਸਦਾ ਮੰਨਣਾ ਸੀ ਕਿ ਗਿਆਨ ਕਦੇ ਵੀ ਪੂਰਾ ਨਹੀਂ ਹੁੰਦਾ ਅਤੇ ਇੱਕ ਅਧਿਆਪਕ ਨੂੰ ਜੀਵਨ ਭਰ ਵਿਦਿਆਰਥੀ ਰਹਿਣਾ ਚਾਹੀਦਾ ਹੈ। ਜਦੋਂ ਉਸਨੇ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ, ਤਾਂ ਉਹ ਆਪਣੇ ਨਾਲ ਇਹ ਵਿਚਾਰ ਲੈ ਕੇ ਆਇਆ ਕਿ ਕਿਸੇ ਵੀ ਸੰਸਥਾ ਦਾ ਮੁਖੀ ਸਭ ਤੋਂ ਪਹਿਲਾਂ ਇੱਕ ਸਮਰਪਿਤ ਸਿੱਖਿਅਕ ਹੋਣਾ ਚਾਹੀਦਾ ਹੈ। ਇਹ ਦਰਸ਼ਨ ਉਸਦੇ ਪ੍ਰਸ਼ਾਸਨਿਕ ਕਰੀਅਰ ਦੌਰਾਨ ਸਪੱਸ਼ਟ ਤੌਰ 'ਤੇ ਸਪੱਸ਼ਟ ਸੀ।

ਉਹ ਸਵੇਰੇ ਸਭ ਤੋਂ ਪਹਿਲਾਂ ਸਕੂਲ ਪਹੁੰਚਦਾ ਸੀ ਅਤੇ ਦੇਰ ਨਾਲ ਰੁਕਦਾ ਸੀ। ਉਸਦੇ ਲਈ, ਇਹ ਸਿਰਫ਼ ਇੱਕ ਫਰਜ਼ ਨਹੀਂ ਸੀ, ਸਗੋਂ ਇੱਕ ਅਧਿਆਤਮਿਕ ਅਭਿਆਸ ਸੀ। ਉਹ ਸਕੂਲ ਦੇ ਹਰ ਪਹਿਲੂ ਨੂੰ ਸਮਝਦਾ ਸੀ – ਕਲਾਸਰੂਮ ਦੀਆਂ ਗਤੀਵਿਧੀਆਂ, ਅਧਿਆਪਕਾਂ ਦੀਆਂ ਸਮੱਸਿਆਵਾਂ, ਅਤੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ। ਉਹ ਸਮੱਸਿਆਵਾਂ ਨੂੰ ਆਦੇਸ਼ ਜਾਰੀ ਕਰਕੇ ਨਹੀਂ, ਸਗੋਂ ਉਨ੍ਹਾਂ ਨੂੰ ਸਮਝ ਕੇ ਅਤੇ ਹੱਲ ਕਰਕੇ ਪਹੁੰਚਦਾ ਸੀ। ਉਸਦੀ ਪ੍ਰਬੰਧਕੀ ਸ਼ੈਲੀ ਸੰਵੇਦਨਸ਼ੀਲਤਾ ਦੁਆਰਾ ਦਰਸਾਈ ਗਈ ਸੀ, ਕਠੋਰਤਾ ਦੁਆਰਾ ਨਹੀਂ; ਗੱਲਬਾਤ ਦੁਆਰਾ, ਦੂਰੀ ਦੁਆਰਾ ਨਹੀਂ।

ਉਸਨੇ ਕਦੇ ਵੀ ਅਧਿਆਪਕਾਂ ਨੂੰ ਆਪਣੇ ਅਧੀਨ ਨਹੀਂ ਸਮਝਿਆ, ਸਗੋਂ ਸਹਿਯੋਗੀ ਸਮਝਿਆ। ਉਸਨੇ ਕਦੇ ਵੀ ਵਿਦਿਆਰਥੀਆਂ ਦਾ ਨਿਰਣਾ ਸਿਰਫ਼ ਉਨ੍ਹਾਂ ਦੇ ਰੋਲ ਨੰਬਰਾਂ ਜਾਂ ਨਤੀਜਿਆਂ ਦੁਆਰਾ ਨਹੀਂ ਕੀਤਾ, ਸਗੋਂ ਉਨ੍ਹਾਂ ਨੂੰ ਸੰਪੂਰਨ ਵਿਅਕਤੀਆਂ ਵਜੋਂ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ। ਉਸਦੇ ਲਈ, ਕਿਸੇ ਸੰਸਥਾ ਦੀ ਸਫਲਤਾ ਦਾ ਮਾਪ ਪ੍ਰੀਖਿਆ ਦੇ ਨਤੀਜੇ ਨਹੀਂ ਸਨ, ਸਗੋਂ ਗ੍ਰੈਜੂਏਟ ਹੋਏ ਵਿਦਿਆਰਥੀਆਂ ਦਾ ਚਰਿੱਤਰ ਅਤੇ ਸੋਚ ਸੀ।

ਡਾ. ਗਰਗ ਦੇ ਸਾਥੀ ਅਤੇ ਵਿਦਿਆਰਥੀ ਅਕਸਰ ਸਾਲਾਂ ਬਾਅਦ ਵੀ, ਆਪਣੇ ਵਿਦਿਆਰਥੀਆਂ ਨੂੰ ਨਾਮ ਨਾਲ ਪਛਾਣਨ ਦੀ ਉਸਦੀ ਯੋਗਤਾ ਨੂੰ ਯਾਦ ਕਰਦੇ ਹਨ। ਇਹ ਸਿਰਫ਼ ਯਾਦਦਾਸ਼ਤ ਦੀ ਗੱਲ ਨਹੀਂ ਸੀ, ਸਗੋਂ ਉਨ੍ਹਾਂ ਨਾਲ ਉਨ੍ਹਾਂ ਦੇ ਡੂੰਘੇ ਸਬੰਧ ਦਾ ਪ੍ਰਮਾਣ ਸੀ। ਉਹ ਹਰ ਵਿਦਿਆਰਥੀ ਵਿਚ ਸੰਭਾਵਨਾ ਦੇਖਦੇ ਸਨ ਅਤੇ ਉਸ ਸੰਭਾਵਨਾ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਦੇ ਸਨ।

ਅਕਸਰ, ਉਹ ਚੁੱਪ-ਚਾਪ ਉਨ੍ਹਾਂ ਵਿਦਿਆਰਥੀਆਂ ਦੀ ਮਦਦ ਕਰਦੇ ਸਨ, ਜੋ ਪਿੱਛੇ ਰਹਿ ਰਹੇ ਸਨ। ਕਦੇ ਸਲਾਹ ਦੇ ਕੇ, ਕਦੇ ਮੌਕਾ ਦੇ ਕੇ, ਉਸਨੇ ਬਹੁਤ ਸਾਰੇ ਲੋਕਾਂ ਦੇ ਜੀਵਨ ਨੂੰ ਆਕਾਰ ਦਿੱਤਾ। ਉਸਦੇ ਲਈ, ਸਿੱਖਿਆ ਦਾ ਮਤਲਬ ਸਿਰਫ਼ ਪੜ੍ਹਾਉਣਾ ਹੀ ਨਹੀਂ ਸੀ, ਸਗੋਂ ਕਿਸੇ ਵੀ ਡਿੱਗਣ ਵਾਲੇ ਵਿਅਕਤੀ ਦਾ ਹੱਥ ਫੜਨਾ ਵੀ ਸੀ।

ਸਮੇਂ ਦੇ ਨਾਲ, ਜਦੋਂ ਉਸਦਾ ਰਸਮੀ ਕਾਰਜਕਾਲ ਖਤਮ ਹੋ ਗਿਆ, ਤਾਂ ਉਸਨੇ ਆਰਾਮ ਦੇ ਸਾਧਨ ਵਜੋਂ ਸੇਵਾਮੁਕਤੀ ਵੱਲ ਧਿਆਨ ਨਹੀਂ ਦਿੱਤਾ। ਉਸਦੇ ਲਈ, ਇਹ ਸਿਰਫ਼ ਕੰਮ ਕਰਨ ਦੇ ਉਸਦੇ ਦ੍ਰਿਸ਼ਟੀਕੋਣ ਵਿਚ ਇੱਕ ਤਬਦੀਲੀ ਸੀ। ਉਸਨੇ ਆਪਣੇ ਆਪ ਨੂੰ ਪ੍ਰਸ਼ਾਸਕੀ ਜ਼ਿੰਮੇਵਾਰੀਆਂ ਤੋਂ ਵੱਖ ਕਰ ਲਿਆ, ਪਰ ਕਦੇ ਵੀ ਵਿਚਾਰਾਂ ਅਤੇ ਚਿੰਤਨ ਦੀ ਦੁਨੀਆਂ ਤੋਂ ਨਹੀਂ।

ਅੱਜ, ਉਹ ਆਪਣੀਆਂ ਲਿਖਤਾਂ ਰਾਹੀਂ ਸਿੱਖਿਆ ਅਤੇ ਸਮਾਜ ਦੇ ਮੁੱਦਿਆਂ 'ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਉਨ੍ਹਾਂ ਦੀਆਂ ਲਿਖਤਾਂ ਉਨ੍ਹਾਂ ਦੇ ਅਨੁਭਵ ਦੀ ਡੂੰਘਾਈ ਅਤੇ ਵਿਚਾਰਾਂ ਦੀ ਸਪੱਸ਼ਟਤਾ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦੀਆਂ ਹਨ। ਉਹ ਸਿੱਖਿਆ ਨੀਤੀ, ਨੌਜਵਾਨਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਕਦਰਾਂ-ਕੀਮਤਾਂ ਦੇ ਪਤਨ ਵਰਗੇ ਵਿਸ਼ਿਆਂ 'ਤੇ ਲਿਖਦੇ ਹਨ, ਪਰ ਉਨ੍ਹਾਂ ਦਾ ਦ੍ਰਿਸ਼ਟੀਕੋਣ ਹਮੇਸ਼ਾ ਸੰਤੁਲਿਤ ਅਤੇ ਵਿਹਾਰਕ ਹੁੰਦਾ ਹੈ। ਉਹ ਨਾ ਸਿਰਫ਼ ਸਮੱਸਿਆਵਾਂ ਵੱਲ ਇਸ਼ਾਰਾ ਕਰਦੇ ਹਨ, ਸਗੋਂ ਹੱਲ ਵੀ ਸੁਝਾਉਂਦੇ ਹਨ।

ਉਸਦੀ ਲਿਖਤ ਕਿਸੇ ਉਪਦੇਸ਼ ਵਾਂਗ ਨਹੀਂ, ਸਗੋਂ ਇੱਕ ਸੰਵਾਦ ਵਾਂਗ ਜਾਪਦੀ ਹੈ। ਪਾਠਕਾਂ ਨੂੰ ਇੰਝ ਲੱਗਦਾ ਹੈ ਜਿਵੇਂ ਉਹ ਕਿਸੇ ਅਜਿਹੇ ਵਿਅਕਤੀ ਨਾਲ ਗੱਲ ਕਰ ਰਹੇ ਹੋਣ ਜਿਸਨੇ ਜ਼ਿੰਦਗੀ ਨੂੰ ਨੇੜਿਓਂ ਦੇਖਿਆ ਹੈ, ਇਸ ਦੀਆਂ ਗੁੰਝਲਾਂ ਨੂੰ ਸਮਝਿਆ ਹੈ, ਅਤੇ ਫਿਰ ਵੀ ਉਮੀਦ ਨਹੀਂ ਛੱਡੀ ਹੈ।

ਡਾ. ਗਰਗ ਦਾ ਪ੍ਰਭਾਵ ਸਿਰਫ਼ ਉਨ੍ਹਾਂ ਦੀਆਂ ਸੰਸਥਾਵਾਂ ਤੱਕ ਹੀ ਸੀਮਤ ਨਹੀਂ ਸੀ। ਉਨ੍ਹਾਂ ਦੇ ਵਿਦਿਆਰਥੀ ਹੁਣ ਵੱਖ-ਵੱਖ ਖੇਤਰਾਂ ਵਿਚ ਆਪਣੀ ਪਛਾਣ ਬਣਾ ਰਹੇ ਹਨ – ਕੁਝ ਡਾਕਟਰਾਂ ਵਜੋਂ, ਕੁਝ ਇੰਜੀਨੀਅਰਾਂ ਵਜੋਂ, ਕੁਝ ਅਧਿਆਪਕਾਂ ਵਜੋਂ, ਅਤੇ ਕੁਝ ਪ੍ਰਸ਼ਾਸਨਿਕ ਅਧਿਕਾਰੀਆਂ ਵਜੋਂ। ਪਰ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਨਹੀਂ ਹੈ ਕਿ ਉਨ੍ਹਾਂ ਦੇ ਵਿਦਿਆਰਥੀ ਸਫਲ ਹੋਏ, ਸਗੋਂ ਇਹ ਹੈ ਕਿ ਉਹ ਸੰਵੇਦਨਸ਼ੀਲ ਅਤੇ ਜ਼ਿੰਮੇਵਾਰ ਨਾਗਰਿਕ ਬਣੇ।

ਇੱਕ ਅਧਿਆਪਕ ਦੀ ਅਸਲ ਵਿਰਾਸਤ ਆਪਣੇ ਵਿਦਿਆਰਥੀਆਂ ਨੂੰ ਆਪਣੀਆਂ ਕਦਰਾਂ-ਕੀਮਤਾਂ ਸੌਂਪਣਾ ਹੈ। ਡਾ. ਗਰਗ ਨੇ ਇਹੀ ਕੀਤਾ। ਉਸਨੇ ਸਿਰਫ਼ ਕਰੀਅਰ ਹੀ ਨਹੀਂ ਬਣਾਇਆ, ਉਸਨੇ ਕਿਰਦਾਰਾਂ ਨੂੰ ਵੀ ਆਕਾਰ ਦਿੱਤਾ।

ਉਸਦੀ ਨਿੱਜੀ ਜ਼ਿੰਦਗੀ ਉਸਦੀ ਪੇਸ਼ੇਵਰ ਜ਼ਿੰਦਗੀ ਵਾਂਗ ਹੀ ਸੰਤੁਲਿਤ ਅਤੇ ਅਨੁਸ਼ਾਸਿਤ ਹੈ। ਉਹ ਇੱਕ ਨਿਯਮਤ ਪਾਠਕ ਹੈ, ਜਿਸਦੀ ਇਤਿਹਾਸ ਅਤੇ ਦਰਸ਼ਨ ਵਿਚ ਵਿਸ਼ੇਸ਼ ਦਿਲਚਸਪੀ ਹੈ। ਉਹ ਰੋਜ਼ਾਨਾ ਸੈਰ ਕਰਦਾ ਹੈ, ਜੋ ਕਿ ਉਸਦੇ ਲਈ ਨਾ ਸਿਰਫ਼ ਸਰੀਰਕ ਕਸਰਤ ਹੈ, ਸਗੋਂ ਮਾਨਸਿਕ ਚਿੰਤਨ ਦਾ ਸਮਾਂ ਵੀ ਹੈ।

ਉਸਦਾ ਆਪਣੇ ਪਰਿਵਾਰ ਨਾਲ ਬਹੁਤ ਡੂੰਘਾ ਸਬੰਧ ਹੈ। ਖਾਸ ਕਰਕੇ ਆਪਣੇ ਪੋਤੇ-ਪੋਤੀਆਂ ਨਾਲ ਉਸਦੀ ਗੱਲਬਾਤ ਦਰਸਾਉਂਦੀ ਹੈ ਕਿ ਉਸਦੇ ਅੰਦਰ ਅਧਿਆਪਕ ਜਿਉਂਦਾ ਹੈ। ਉਹ ਉਹੀ ਧੀਰਜ, ਪਿਆਰ ਅਤੇ ਉਤਸੁਕਤਾ ਦਰਸਾਉਂਦਾ ਹੈ, ਜੋ ਉਸਨੇ ਆਪਣੇ ਵਿਦਿਆਰਥੀਆਂ ਨਾਲ ਸਾਂਝੀ ਕੀਤੀ ਸੀ।

ਅੱਜ ਦੇ ਸਮੇਂ ਵਿਚ, ਜਦੋਂ ਸਿੱਖਿਆ ਦਾ ਸੁਭਾਅ ਤੇਜ਼ੀ ਨਾਲ ਬਦਲ ਰਿਹਾ ਹੈ ਅਤੇ ਮੁੱਲਾਂ ਦੀ ਥਾਂ ਮੁਕਾਬਲੇ ਲੈ ਰਹੇ ਹਨ, ਡਾ. ਵਿਜੇ ਗਰਗ ਵਰਗੀਆਂ ਹਸਤੀਆਂ ਸਾਨੂੰ ਸਿੱਖਿਆ ਦੇ ਅਸਲ ਉਦੇਸ਼ ਦੀ ਯਾਦ ਦਿਵਾਉਂਦੀਆਂ ਹਨ। ਉਹ ਸਾਨੂੰ ਸਿਖਾਉਂਦੇ ਹਨ ਕਿ ਇੱਕ ਅਧਿਆਪਕ ਸਿਰਫ਼ ਪਾਠਕ੍ਰਮ ਦੇਣ ਵਾਲਾ ਨਹੀਂ ਹੁੰਦਾ, ਸਗੋਂ ਇੱਕ ਸਮਾਜ ਨਿਰਮਾਤਾ ਹੁੰਦਾ ਹੈ।

ਭਾਰਤ ਨੇ ਬਹੁਤ ਸਾਰੇ ਸਿੱਖਿਅਕ ਅਤੇ ਪ੍ਰਸ਼ਾਸਕ ਦੇਖੇ ਹਨ, ਪਰ ਬਹੁਤ ਘੱਟ ਲੋਕਾਂ ਨੇ ਅਜਿਹੇ ਅਧਿਆਪਕ ਦੇਖੇ ਹਨ ਜਿਨ੍ਹਾਂ ਨੇ ਸਿੱਖਿਆ ਦੀ ਪਰਿਭਾਸ਼ਾ ਨੂੰ ਬਦਲ ਦਿੱਤਾ ਹੈ। ਡਾ. ਵਿਜੇ ਗਰਗ ਇੱਕ ਅਜਿਹਾ ਹੀ ਦੁਰਲੱਭ ਵਿਅਕਤੀ ਹੈ। ਉਨ੍ਹਾਂ ਦਾ ਜੀਵਨ ਇਸ ਗੱਲ ਦਾ ਸਬੂਤ ਹੈ ਕਿ ਸੱਚੀ ਸਿੱਖਿਆ ਉਹ ਹੈ, ਜੋ ਵਿਅਕਤੀ ਨੂੰ ਨਾ ਸਿਰਫ਼ ਸਫਲ ਬਣਾਉਂਦੀ ਹੈ, ਸਗੋਂ ਸਾਰਥਕ ਵੀ ਬਣਾਉਂਦੀ ਹੈ।

ਅਤੇ ਸ਼ਾਇਦ ਇਸੇ ਲਈ ਉਸਨੇ ਸ਼ੁਰੂ ਕੀਤਾ "ਸ਼ਾਂਤ ਇਨਕਲਾਬ" ਅੱਜ ਵੀ ਜਾਰੀ ਹੈ – ਹਰ ਉਸ ਵਿਦਿਆਰਥੀ ਦੁਆਰਾ ਜਿਸਨੇ ਉਸ ਤੋਂ ਸਿੱਖਿਆ, ਅਤੇ ਹਰ ਵਿਚਾਰ ਦੁਆਰਾ ਜੋ ਉਸਨੇ ਪੈਦਾ ਕੀਤਾ।

*ਡਾ. ਪ੍ਰਿਯੰਕਾ ਸੌਰਭ, ਪੀ.ਐੱਚ.ਡੀ. (ਰਾਜਨੀਤੀ ਵਿਗਿਆਨ), ਇੱਕ ਕਵੀ ਅਤੇ ਸਮਾਜਿਕ ਚਿੰਤਕ ਹਨ।)*









**ਨਮਰਤਾ ਅਤੇ ਨਿਰੰਤਰ ਸਿੱਖਣ ਨੇ ਉਸਨੂੰ ਵੱਖਰਾ ਬਣਾਇਆ। ਉਸਦਾ ਮੰਨਣਾ ਸੀ ਕਿ ਗਿਆਨ ਕਦੇ ਵੀ ਪੂਰਾ ਨਹੀਂ ਹੁੰਦਾ ਅਤੇ ਇੱਕ ਅਧਿਆਪਕ ਨੂੰ ਜੀਵਨ ਭਰ ਵਿਦਿਆਰਥੀ ਰਹਿਣਾ ਚਾਹੀਦਾ ਹੈ। ਜਦੋਂ ਉਸਨੇ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ, ਤਾਂ ਉਹ ਆਪਣੇ ਨਾਲ ਇਹ ਵਿਚਾਰ ਲੈ ਕੇ ਆਇਆ ਕਿ ਕਿਸੇ ਵੀ ਸੰਸਥਾ ਦਾ ਮੁਖੀ ਸਭ ਤੋਂ ਪਹਿਲਾਂ ਇੱਕ ਸਮਰਪਿਤ ਸਿੱਖਿਅਕ ਹੋਣਾ ਚਾਹੀਦਾ ਹੈ। ਇਹ ਦਰਸ਼ਨ ਉਸਦੇ ਪ੍ਰਸ਼ਾਸਨਿਕ ਕਰੀਅਰ ਦੌਰਾਨ ਸਪੱਸ਼ਟ ਤੌਰ 'ਤੇ ਸਪੱਸ਼ਟ ਸੀ।**

# ਡਾਕਟਰਾਂ ਦੀਆਂ ਮੁੱਲਵਾਨ ਸਿਹਤ-ਵੀਡੀਓ

-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA





ਯੂਟਿਊਬ 'ਤੇ ਉਨ੍ਹਾਂ ਦੀਆਂ 50 ਤੋਂ ਵੱਧ ਵੀਡੀਓ ਵੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਨੇ ਦਿਲ ਦੀ ਸਿਹਤ ਦੇ ਹਰੇਕ ਪਹਿਲੂ ਸੰਬੰਧੀ ਗੱਲ ਕੀਤੀ ਹੈ। ਸਰਲ, ਸਪੱਸ਼ਟ, ਸੰਖੇਪ ਸ਼ਬਦਾਂ ਵਿਚ। ਉਹ ਦਿਲ ਦੀ ਚੀਰ-ਫਾੜ ਦੇ ਵਿਰੁੱਧ ਹਨ ਅਤੇ ਬਦਲਵੇਂ ਕੁਦਰਤੀ ਢੰਗ-ਤਰੀਕੇ ਵਰਤਣ ਲਈ ਉਤਸ਼ਾਹਿਤ ਕਰਦੇ ਹਨ। ਉਹ ਘਿਉ-ਤੇਲ ਤੋਂ ਵਰਜਦੇ ਹਨ। ਪ੍ਰਦੂਸ਼ਣ ਦੇ ਤਣਾਅ ਤੋਂ ਬਚਣ ਦੀ ਸਲਾਹ ਦਿੰਦੇ ਹਨ। ਸਿਹਤਮੰਦ ਹਲਕੀ ਖ਼ੁਰਾਕ ਖਾਣ ਲਈ ਕਹਿੰਦੇ ਹਨ। ਯੋਗਾ ਅਤੇ ਕਸਰਤ ਨੂੰ ਰੋਜ਼ਾਨਾ ਜੀਵਨ-ਸ਼ੈਲੀ ਦਾ ਹਿੱਸਾ ਬਣਾਉਣ ਲਈ ਪ੍ਰੇਰਦੇ ਹਨ। ਡਾਕਟਰ ਅਮਰ ਸਿੰਘ ਆਜ਼ਾਦ ਦੂਸਰੇ ਡਾਕਟਰ ਹਨ, ਜਿਨ੍ਹਾਂ ਦੀਆਂ ਵੀਡੀਓ, ਗੱਲਬਾਤ, ਇੰਟਰਵਿਊ ਨੇ ਮੈਨੂੰ ਬੇਹੱਦ ਪ੍ਰਭਾਵਿਤ ਕੀਤਾ। ਉਹ ਸਹੀ ਮਾਅਨਿਆਂ ਵਿਚ ਸਹੀ ਸਲਾਹ ਦੇਣ ਵਾਲੇ ਡਾਕਟਰ ਸਨ। ਉਹ ਪਟਿਆਲਾ ਨਾਲ ਸੰਬੰਧਤ ਸਨ ਪਰ ਵੱਖ-ਵੱਖ ਸ਼ਹਿਰਾਂ ਵਿਚ ਨਿਸ਼ਚਿਤ ਤਰੀਕਾਂ ਨੂੰ ਪਹੁੰਚਦੇ ਸਨ।

ਸੋਸ਼ਲ ਮੀਡੀਆ 'ਤੇ ਤੁਹਾਨੂੰ ਸੈਂਕੜੇ ਸਿਹਤ ਸੰਬੰਧੀ ਵੀਡੀਓ ਨਜ਼ਰ ਆਉਣਗੀਆਂ। ਉਨ੍ਹਾਂ ਵਿਚੋਂ ਬਹੁਤ ਸਾਰੀਆਂ ਤੁਸੀਂ ਵੇਖੀਆਂ ਵੀ ਹੋਣਗੀਆਂ। ਪ੍ਰੇਰਿਤ ਵੀ ਹੋਏ ਹੋਵੋਗੇ। ਚੰਗੀਆਂ ਗੱਲਾਂ ਨੂੰ ਜੀਵਨ-ਸ਼ੈਲੀ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਵੀ ਕੀਤੀ ਹੋਵੇਗੀ। ਜ਼ਰੂਰ ਉਨ੍ਹਾਂ ਦਾ ਤੁਹਾਡੀ ਸਰੀਰਕ ਮਾਨਸਿਕ ਸਿਹਤ ਨੂੰ ਲਾਭ ਵੀ ਮਿਲਿਆ ਹੋਵੇਗਾ।

ਮੈਂ ਵੀ ਅਜਿਹੀਆਂ ਬਹੁਤ ਸਾਰੀਆਂ ਸਿਹਤ-ਵੀਡੀਓ ਵੇਖਦਾ-ਸੁਣਦਾ ਹਾਂ। ਪਰ ਮੈਨੂੰ ਉਹੀ ਵੀਡਓ, ਉਹੀ ਡਾਕਟਰ ਪ੍ਰਭਾਵਿਤ ਤੇ ਪ੍ਰੇਰਿਤ ਕਰਦੇ ਹਨ, ਜਿਨ੍ਹਾਂ ਦੀਆਂ ਗੱਲਾਂ ਕੁਦਰਤ-ਪੱਖੀ, ਸਿਹਤ-ਪੱਖੀ ਹੋਣ। ਜਿਨ੍ਹਾਂ ਦੀਆਂ ਗੱਲਾਂ ਸਿਹਤ-ਵਿਗਿਆਨ, ਇਲਾਜ-ਵਿਗਿਆਨ 'ਤੇ ਖਰੀਆਂ ਉੱਤਰਦੀਆਂ ਹੋਣ। ਜਿਹੜੇ ਇਲਾਜ-ਕਾਰੋਬਾਰ ਨੂੰ ਰੱਦ ਕਰਦਿਆਂ ਸਿਹਤ-ਪ੍ਰੇਮੀ, ਕੁਦਰਤ-ਪ੍ਰੇਮੀ ਬਣਨ ਦੀ ਪ੍ਰੇਰਨਾ ਦਿੰਦੇ ਹੋਣ। ਜਿਹੜੇ ਇਸ ਧਾਰਨਾ ਨੂੰ ਮੰਨਦੇ ਸਮਝਦੇ ਹੋਣ ਕਿ ਸਾਡਾ ਸਰੀਰ ਖ਼ੁਦ ਆਪਣੇ ਆਪ ਨੂੰ ਹੀਲ ਕਰਦਾ ਹੈ। ਅਸੀਂ ਉਸ ਨੂੰ ਸਹਿਯੋਗ ਦੇਣਾ ਹੁੰਦਾ ਹੈ, ਚੰਗੀ ਜੀਵਨ-ਸ਼ੈਲੀ ਨਾਲ, ਚੰਗੀ ਖ਼ੁਰਾਕ ਨਾਲ, ਕਸਰਤ ਨਾਲ, ਡੀਪ-ਬ੍ਰੀਦਿੰਗ ਨਾਲ। ਅਜਿਹੇ ਡਾਕਟਰਾਂ ਦੀਆਂ ਵੀਡੀਓ ਤੋਂ ਮੈਂ ਬੜਾ ਕੁਝ ਸਿੱਖਿਆ ਸਮਝਿਆ ਹੈ। ਬੜਾ ਲਾਭ ਉਠਾਇਆ ਹੈ।

ਸਭ ਤੋਂ ਪਹਿਲਾਂ ਜਿਹੜੇ ਡਾਕਟਰ ਸਾਹਿਬਾਨ ਦੀਆਂ ਵੀਡੀਓ ਨੇ ਮੈਨੂੰ ਪ੍ਰਭਾਵਿਤ ਪ੍ਰੇਰਿਤ ਕੀਤਾ, ਉਹ ਡਾਕਟਰ ਬਿਮਲ ਛਾਜੇੜ ਹਨ। ਐੱਮ.ਬੀ.ਬੀ.ਐੱਸ., ਐੱਮ.ਡੀ ਹਨ। ਜਦੋਂ ਉਨ੍ਹਾਂ ਕਲਕੱਤਾ ਦੇ ਮੈਡੀਕਲ ਕਾਲਜ ਤੋਂ ਐੱਮ.ਬੀ.ਬੀ.ਐੱਸ. ਦੀ ਡਿਗਰੀ ਪ੍ਰਾਪਤ ਕੀਤੀ, ਤਾਂ ਉਹ ਵੀ ਦਵਾਈਆਂ ਅਤੇ ਸਰਜਰੀ ਵਾਲੇ ਇਲਾਜ ਨੂੰ ਹੀ ਬਿਹਤਰੀਨ ਮੰਨਦੇ ਸਨ। ਪਰੰਤੂ ਅਗਲੇ ਹੀ ਸਾਲ ਜਦ ਉਹ ਦਿੱਲੀ ਦੇ ਪ੍ਰਸਿੱਧ ਹਸਪਤਾਲ ਵਿਚ ਦਿਲ ਦੇ ਮਾਹਿਰ ਡਾਕਟਰ ਵਜੋਂ ਸੇਵਾਵਾਂ ਦੇ ਰਹੇ ਸਨ, ਤਾਂ ਸਾਰਾ ਕੁਝ ਵੇਖ ਸਮਝ ਕੇ ਉਨ੍ਹਾਂ ਦੀ ਸੋਚ ਬਦਲਣ ਲੱਗੀ। ਲਖਨਊ ਦੇ ਮੈਡੀਕਲ ਕਾਲਜ ਅਤੇ ਏਮਜ਼ ਵਿਚ ਰਹਿੰਦਿਆਂ ਅਨੇਕਾਂ ਤਜ਼ਰਬੇ ਕੀਤੇ। ਜਦ ਉਨ੍ਹਾਂ ਨੇ ਵੇਖਿਆ ਕਿ ਜੀਵਨ-ਸ਼ੈਲੀ, ਕਸਰਤ, ਖ਼ੁਰਾਕ ਅਤੇ ਤਣਾਅ-ਪ੍ਰਬੰਧ ਨਾਲ ਇਲਾਜ ਦਾ ਸਮੁੱਚਾ ਸਿਸਟਮ ਅਤੇ ਡਾਕਟਰ ਭਾਈਚਾਰਾ ਵਿਰੋਧ ਕਰਦਾ ਹੈ, ਤਾਂ ਉਨ੍ਹਾਂ ਏਮਜ਼ ਤੋਂ ਅਸਤੀਫ਼ਾ ਦੇ ਕੇ ਆਪਣੇ ਪੱਧਰ 'ਤੇ ਦਿਲ ਦੇ ਮਰੀਜ਼ਾਂ ਦਾ ਇਲਾਜ ਆਰੰਭ ਕੀਤਾ।

ਉਨ੍ਹਾਂ ਨੇ 'ਸਾਓਲ ਹਾਰਟ ਸੈਂਟਰ' ਨਾਂਅ ਹੇਠ ਪੂਰੇ ਭਾਰਤ 'ਚ ਇਲਾਜ ਕੇਂਦਰ ਖੋਲ੍ਹੇ ਅਤੇ ਕਾਮਯਾਬ ਹੋਏ। ਉਹ ਹੁਣ ਤੱਕ ਦਿਲ ਦੀ ਸਿਹਤ ਅਤੇ ਖ਼ੁਰਾਕ ਸੰਬੰਧੀ ਵੱਧ ਤੋਂ ਵੱਧ ਕਿਤਾਬਾਂ ਲਿਖ ਚੁੱਕੇ ਹਨ, ਜਿਹੜੀਆਂ ਵੱਖ-ਵੱਖ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋਈਆਂ ਹਨ।

ਯੂਟਿਊਬ 'ਤੇ ਉਨ੍ਹਾਂ ਦੀਆਂ 50 ਤੋਂ ਵੱਧ ਵੀਡੀਓ ਵੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਨੇ ਦਿਲ ਦੀ ਸਿਹਤ ਦੇ ਹਰੇਕ ਪਹਿਲੂ ਸੰਬੰਧੀ ਗੱਲ ਕੀਤੀ ਹੈ। ਸਰਲ, ਸਪੱਸ਼ਟ, ਸੰਖੇਪ ਸ਼ਬਦਾਂ ਵਿਚ। ਉਹ ਦਿਲ ਦੀ ਚੀਰ-ਫਾੜ ਦੇ ਵਿਰੁੱਧ ਹਨ ਅਤੇ ਬਦਲਵੇਂ ਕੁਦਰਤੀ ਢੰਗ-ਤਰੀਕੇ ਵਰਤਣ ਲਈ ਉਤਸ਼ਾਹਿਤ ਕਰਦੇ ਹਨ। ਉਹ ਘਿਉ-ਤੇਲ ਤੋਂ ਵਰਜਦੇ ਹਨ। ਪ੍ਰਦੂਸ਼ਣ ਦੇ ਤਣਾਅ ਤੋਂ ਬਚਣ ਦੀ ਸਲਾਹ ਦਿੰਦੇ ਹਨ। ਸਿਹਤਮੰਦ ਹਲਕੀ ਖ਼ੁਰਾਕ ਖਾਣ ਲਈ ਕਹਿੰਦੇ ਹਨ। ਯੋਗਾ ਅਤੇ ਕਸਰਤ ਨੂੰ ਰੋਜ਼ਾਨਾ ਜੀਵਨ-ਸ਼ੈਲੀ ਦਾ ਹਿੱਸਾ ਬਣਾਉਣ ਲਈ ਪ੍ਰੇਰਦੇ ਹਨ।

ਡਾਕਟਰ ਅਮਰ ਸਿੰਘ ਆਜ਼ਾਦ ਦੂਸਰੇ ਡਾਕਟਰ ਹਨ, ਜਿਨ੍ਹਾਂ ਦੀਆਂ ਵੀਡੀਓ, ਗੱਲਬਾਤ, ਇੰਟਰਵਿਊ ਨੇ ਮੈਨੂੰ ਬੇਹੱਦ ਪ੍ਰਭਾਵਿਤ ਕੀਤਾ। ਉਹ ਸਹੀ ਮਾਅਨਿਆਂ ਵਿਚ ਸਹੀ ਸਲਾਹ ਦੇਣ ਵਾਲੇ ਡਾਕਟਰ ਸਨ। ਉਹ ਪਟਿਆਲਾ ਨਾਲ ਸੰਬੰਧਤ ਸਨ ਪਰ ਵੱਖ-ਵੱਖ ਸ਼ਹਿਰਾਂ ਵਿਚ ਨਿਸ਼ਚਿਤ ਤਰੀਕਾਂ ਨੂੰ ਪਹੁੰਚਦੇ ਸਨ। ਮੈਂ ਦੋ-ਤਿੰਨ ਵਾਰ ਜਲੰਧਰ ਵਿਖੇ ਉਨ੍ਹਾਂ ਨੂੰ ਮਿਲਿਆ ਸਾਂ।

ਪ੍ਰਾਈਮ ਏਸ਼ੀਆ ਟੈਲੀਵਿਜ਼ਨ 'ਤੇ ਉਨ੍ਹਾਂ ਦੀਆਂ ਲੰਮੀਆਂ ਸਿਹਤ-ਇੰਟਰਵਿਊ ਸੁਣ ਕੇ ਮੈਂ ਉਨ੍ਹਾਂ ਦਾ ਵੱਡਾ ਪ੍ਰਸ਼ੰਸਕ ਬਣ ਗਿਆ ਸਾਂ। ਮਨ ਵਿਚ ਸੋਚਦਾ ਸਾਂ ਡਾਕਟਰ ਹੋਵੇ ਤਾਂ ਇਹੋ ਜਿਹਾ ਹੋਵੇ।

ਕੋਵਿਡ 19 ਦੌਰਾਨ ਕੋਰੋਨਾ ਵਾਇਰਸ ਸੰਬੰਧੀ ਜਦ ਉਨ੍ਹਾਂ ਦਾ ਆਰਟੀਕਲ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋਇਆ, ਤਾਂ ਮੇਰੇ ਅੰਦਰ ਉਨ੍ਹਾਂ ਬਾਰੇ ਹੋਰ ਹੋਰ ਜਾਨਣ ਦੀ ਜਗਿਆਸਾ ਜਾਗ ਪਈ।

ਉਨ੍ਹਾਂ ਨੇ ਐੱਮ.ਬੀ.ਬੀ.ਐੱਸ. ਕਰਨ ਉਪਰੰਤ ਪਹਿਲਾਂ ਬਾਲ ਚਕਿਤਸਾ ਅਤੇ ਫਿਰ ਸੋਸ਼ਲ ਮੈਡੀਸਨ ਦੇ ਖੇਤਰ ਵਿਚ ਐੱਮ.ਡੀ. ਕੀਤੀ। ਇਸ ਨੂੰ ਕਮਿਊਨਿਟੀ ਮੈਡੀਸਨ ਵੀ ਕਿਹਾ ਜਾਂਦਾ ਹੈ। ਇਹ ਮੈਡੀਕਲ ਸਾਇੰਸ ਦੀ ਉਹ ਸ਼ਾਖਾ ਹੈ, ਜੋ ਕਿਸੇ ਇਕ ਵਿਅਕਤੀ ਦੀ ਬਜਾਏ ਪੂਰੇ ਸਮਾਜ ਜਾਂ ਭਾਈਚਾਰੇ ਦੀ ਸਿਹਤ ਨੂੰ ਸੁਧਾਰਨ, ਬਿਮਾਰੀਆਂ ਨੂੰ ਰੋਕਣ ਅਤੇ ਲੋਕਾਂ ਨੂੰ ਸਿਹਤਮੰਦ ਜੀਵਨ ਜਿਊਣ ਲਈ ਸਿੱਖਿਅਤ ਕਰਨ 'ਤੇ ਜ਼ੋਰ ਦਿੰਦੀ ਹੈ।

ਬਿਮਾਰੀ ਦੇ ਇਲਾਜ ਨਾਲੋਂ ਬਿਮਾਰੀ ਨੂੰ ਹੋਣ ਤੋਂ ਪਹਿਲਾਂ ਰੋਕਣਾ ਇਸ ਦਾ ਮੁੱਖ ਮਕਸਦ ਹੁੰਦਾ ਹੈ। ਇਹ ਪੌਸ਼ਟਿਕ ਖ਼ੁਰਾਕ ਬਾਰੇ ਜਾਗਰੂਕਤਾ 'ਤੇ ਜ਼ੋਰ ਦਿੰਦੀ ਹੈ। ਇਹ ਸਮੂਹਕ ਸਿਹਤ ਸੰਭਾਲ ਦਾ ਵਿਗਿਆਨ ਹੈ।

30 ਸਾਲ ਦੀਆਂ ਸਿਹਤ-ਸੇਵਾਵਾਂ ਦੌਰਾਨ ਉਹ ਸੀਨੀਅਰ ਮੈਡੀਲ ਅਫ਼ਸਰ ਦੇ ਅਹੁਦੇ 'ਤੇ ਵੀ ਰਹੇ। ਅਸਿਸਟੈਂਟ ਪ੍ਰੋਫ਼ੈਸਰ ਵਜੋਂ ਬਾਬਾ ਫ਼ਰੀਦ ਯੂਨੀਵਰਸਿਟੀ ਵਿਚ ਪੜ੍ਹਾਇਆ ਵੀ। ਉਹ ਕੁਦਰਤੀ ਢੰਗ ਨਾਲ ਵਿਅਕਤੀ ਨੂੰ ਤੰਦਰੁਸਤ ਰੱਖਣ ਅਤੇ ਮਰੀਜ਼ ਨੂੰ ਠੀਕ ਕਰਨ 'ਤੇ ਜ਼ੋਰ ਦਿੰਦੇ ਹਨ। ਉਹ ਕਣਕ ਅਤੇ ਦੁੱਧ ਬੰਦ ਕਰਨ ਲਈ ਕਹਿੰਦੇ ਹਨ ਕਿਉਂਕਿ ਇਹ ਦੋਵੇਂ ਚੀਜ਼ਾਂ ਅੱਜ ਖਾਣ-ਪੀਣ ਦੇ ਯੋਗ ਨਹੀਂ ਰਹੀਆਂ। ਮਿੱਠਾ ਨਾਮਾਤਰ ਵਰਤਣ ਲਈ ਪ੍ਰੇਰਦੇ ਹਨ। ਇਨ੍ਹਾਂ ਗੱਲਾਂ 'ਤੇ ਕਿਸੇ ਹੱਦ ਤੱਕ ਅਮਲ ਕਰਕੇ ਮੈਨੂੰ ਬੜਾ ਲਾਭ ਮਿਲਿਆ ਹੈ। ਮੈਂ ਅਕਸਰ ਉਨ੍ਹਾਂ ਨੂੰ ਯਾਦ ਕਰਦਾ ਹਾਂ। ਕਣਕ ਦੀ ਜਗ੍ਹਾ ਉਹ ਮਿਲਟ ਵਰਤਣ 'ਤੇ ਜ਼ੋਰ ਦਿੰਦੇ ਸਨ। ਸਮੁੱਚੇ ਇਲਾਜ ਅਤੇ ਸੰਪੂਰਨ ਤੰਦਰੁਸਤੀ 'ਤੇ ਧਿਆਨ ਕੇਂਦ੍ਰਿਤ ਕਰਦੇ ਸਨ। ਇਹ ਸਰੀਰਕ ਬਿਮਾਰੀ ਠੀਕ ਕਰਨ ਦੀ ਬਜਾਏ ਮਨੁੱਖ ਦੇ ਸਰੀਰ, ਮਨ ਅਤੇ ਆਤਮਾ ਨੂੰ ਇਕੱਠਿਆਂ ਤੰਦਰੁਸਤ ਕਰਨ ਦੀ ਪ੍ਰਕਿਰਿਆ ਹੈ। ਕੁਦਰਤੀ ਇਲਾਜ ਅਤੇ ਯੋਗਾ ਉਨ੍ਹਾਂ ਦੀ ਇਲਾਜ-ਵਿਧੀ ਦਾ ਕੇਂਦਰ-ਬਿੰਦੂ ਸਨ। ਇਸੇ ਲਈ ਉਨ੍ਹਾਂ ਨੇ ਪਟਿਆਲਾ ਵਿਖੇ 'ਨੇਚਰ ਕਿਓਰ ਸੈਂਟਰ' ਖੋਲ੍ਹਿਆ ਹੋਇਆ ਸੀ। ਦੂਰੋਂ-ਦੂਰੋਂ ਮਰੀਜ਼ ਆਉਂਦੇ ਸਨ ਅਤੇ ਵਾਰੀ ਲਈ ਉਡੀਕ ਕਰਨੀ ਪੈਂਦੀ ਸੀ।

ਤੀਸਰੇ ਨੰਬਰ 'ਤੇ ਡਾ. ਹਰਸ਼ਿੰਦਰ ਕੌਰ ਅਤੇ ਡਾ. ਗੁਰਪਾਲ ਸਿੰਘ ਦੀ ਜੋੜੀ ਹੈ। ਇਹ ਵੀ ਪਟਿਆਲਾ ਨਾਲ ਸੰਬੰਧਤ ਹਨ ਅਤੇ ਸੋਸ਼ਲ ਮੀਡੀਆ 'ਤੇ ਕਾਫੀ ਚਰਚਿਤ ਹਨ। ਮੈਨੂੰ ਉਹੀ ਡਾਕਟਰ ਭਾਉਂਦਾ ਹੈ, ਜਿਹੜਾ ਸਿੱਧੇ, ਸਰਲ, ਸਪੱਸ਼ਟ ਢੰਗ ਨਾਲ ਮਰੀਜ਼ ਨੂੰ, ਲੋਕਾਂ ਨੂੰ ਬਿਮਾਰੀ ਬਾਰੇ, ਇਲਾਜ ਬਾਰੇ, ਖੁੱਲ੍ਹ ਕੇ ਸਮਝਾ ਦੇਵੇ। ਕੋਈ ਓਹਲਾ ਨਾ ਰੱਖੇ ਅਤੇ ਇਮਾਨਦਾਰੀ ਦਾ ਪੱਲਾ ਨਾ ਛੱਡੇ।

ਡਾ. ਹਰਸ਼ਿੰਦਰ ਕੌਰ ਰਜਿੰਦਰ ਹਸਪਤਾਲ ਪਟਿਆਲਾ ਵਿਖੇ ਬੱਚਿਆਂ ਦੇ ਮਾਹਿਰ ਡਾਕਟਰ ਵਜੋਂ ਸੇਵਾਵਾਂ ਨਿਭਾਉਂਦੇ ਰਹੇ। ਉਹ ਲਗਾਤਾਰ ਅਖ਼ਬਾਰਾਂ ਵਿਚ ਲਿਖਦੇ ਹਨ ਅਤੇ ਬਹੁਤ ਸਾਰੀਆਂ ਪੁਸਤਕਾਂ ਪ੍ਰਕਾਸ਼ਿਤ ਕਰਵਾ ਚੁੱਕੇ ਹਨ। ਆਪਣੇ ਯੂਟਿਊਬ ਚੈਨਲ ਰਾਹੀਂ ਲੋਕਾਂ ਨੂੰ ਸਿਹਤ ਪ੍ਰਤੀ ਚੇਤੰਨ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਕੁਝ ਦੇਰ ਤੋਂ ਉਨ੍ਹਾਂ ਦੇ ਹਮਸਫ਼ਰ ਡਾ. ਗੁਰਪਾਲ ਸਿੰਘ ਵੀ ਉਨ੍ਹਾਂ ਦੇ ਇਸ ਯਤਨ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਦੁਆਰਾ ਸਮਝਾਏ ਸਿਹਤ-ਨੁਕਤੇ ਬੜੇ ਮਹੱਤਵਪੂਰਨ, ਬੜੇ ਮੁੱਲਵਾਨ, ਬੜੇ ਕਮਾਲ ਦੇ ਹੁੰਦੇ ਹਨ।

ਸਿਹਤ ਦਾ ਮਾਮਲਾ ਸਿੱਧੇ ਤੌਰ 'ਤੇ ਖ਼ੁਰਾਕ, ਕਸਰਤ, ਤਣਾਅ, ਮਨ, ਕੁਦਰਤ ਅਤੇ ਇਲਾਜ ਨਾਲ ਜੁੜਿਆ ਹੈ। ਇਹਦੇ ਲਈ ਸਰੀਰਕ ਬਣਤਰ ਅਤੇ ਵੱਖ-ਵੱਖ ਅੰਗਾਂ ਦੀ ਕਾਰਜ-ਪ੍ਰਣਾਲੀ ਨੂੰ ਸਮਝਣ ਜਾਨਣ ਦੀ ਲੋੜ ਹੈ। ਕੀ ਕਰਨਾ ਹੈ, ਕੀ ਨਹੀਂ ਕਰਨਾ ਹੈ। ਕੀ ਖਾਣਾ ਹੈ, ਕੀ ਨਹੀਂ ਖਾਣਾ ਹੈ, ਇਸ ਪਿੱਛੇ ਕੀ ਵਿਵੇਕ ਹੈ, ਉਹ ਸਮਝਾਉਣਾ ਜ਼ਰੂਰੀ ਹੈ। ਇਹ ਸਾਰੇ ਡਾਕਟਰ ਇਹੀ ਜ਼ਿੰਮੇਵਾਰੀ ਨਿਭਾ ਰਹੇ ਹਨ।

ਇਸ ਲੜੀ ਵਿਚ ਚੌਥੇ ਤੇ ਆਖ਼ਰੀ ਸ਼ਖ਼ਸ ਹਨ ਡਾਕਟਰ ਕੇ.ਪੀ.ਐੱਸ. ਸੇਖੋਂ। ਮੈਂ ਜਦ ਇਨ੍ਹਾਂ ਦੀਆਂ ਸਿਹਤ ਸੰਬੰਧੀ ਵੀਡੀਓ ਵੇਖੀਆਂ-ਸੁਣੀਆਂ ਤਾਂ ਬਿਲਕੁਲ ਉਵੇਂ ਪ੍ਰਭਾਵਿਤ ਹੋਇਆ, ਜਿਵੇਂ ਡਾਕਟਰ ਅਮਰ ਸਿੰਘ ਆਜ਼ਾਦ ਦੀਆਂ ਲੰਮੀਆਂ ਟੈਲੀਵਿਜ਼ਨ ਇੰਟਰਵਿਊ ਸੁਣ ਕੇ ਹੋਇਆ ਸਾਂ। ਜਦ ਇਨ੍ਹਾਂ ਦੀਆਂ ਹੋਰ ਵੀਡੀਓ ਅਤੇ ਸਮਾਜਿਕ ਸਰਗਰਮੀਆਂ ਸੰਬੰਧੀ ਜਾਣਕਾਰੀ ਹਾਸਲ ਕੀਤੀ, ਤਾਂ ਪਤਾ ਚੱਲਿਆ ਕਿ ਇਹ ਵੀ ਉਸੇ ਦਿਸ਼ਾ ਵਿਚ ਪੂਰੀ ਲਗਨ, ਪੂਰੀ ਸਮਰੱਥਾ, ਪੂਰੀ ਇਮਾਨਦਾਰੀ ਨਾਲ ਕੰਮ ਕਰ ਰਹੇ ਹਨ। ਡਾ. ਸੇਖੋਂ ਗੰਭੀਰ ਅਤੇ ਲੰਮਾ ਸਮਾਂ ਚੱਲਣ ਵਾਲੀਆਂ ਬਿਮਾਰੀਆਂ ਦੇ ਮਾਹਰ ਹਨ। ਮਾਨਸਿਕ ਤੰਦਰੁਸਤੀ 'ਤੇ ਬਹੁਤ ਜ਼ੋਰ ਦਿੰਦੇ ਹਨ। ਸੰਪੂਰਨ ਇਲਾਜ ਅਤੇ ਪੂਰਨ ਸਿਹਤਯਾਬੀ ਉਨ੍ਹਾਂ ਦੀ ਮੁੱਖ ਤਰਜੀਹ ਹੈ। ਉਹ ਡਾਕਟਰ ਹਨ, ਸਮਾਜ ਸੇਵਕ ਹਨ, ਦਾਰਸ਼ਨਿਕ ਹਨ। ਤਜ਼ਰਬੇਕਾਰ ਹਨ, ਗਿਆਨਵਾਨ ਹਨ, ਨੇਕ ਡਾਕਟਰ ਹਨ। ਉਨ੍ਹਾਂ ਦੀਆਂ ਗੱਲਾਂ, ਉਨ੍ਹਾਂ ਦੀ ਛੋਹ ਮਰੀਜ਼ ਨੂੰ ਸਰੀਰਕ ਮਾਨਸਿਕ ਰਾਹਤ ਦਿੰਦੀ ਹੈ। ਤੰਦਰੁਸਤੀ ਅਤੇ ਸਕੂਨ ਪ੍ਰਦਾਨ ਕਰਦੀ ਹੈ।

ਉਨ੍ਹਾਂ ਦੀਆਂ ਸੈਂਕੜੇ ਸਿਹਤ-ਵੀਡਓ ਸੋਸ਼ਲ ਮੀਡੀਆ 'ਤੇ ਉਪਲਬਧ ਹਨ, ਜਿਨ੍ਹਾਂ ਨੂੰ ਵੇਖ-ਸੁਣ ਕੇ ਮਰੀਜ਼ ਤੰਦਰੁਸਤ ਜੀਵਨ ਵੱਲ ਵੱਧ ਸਕਦੇ ਹਨ। ਜੀਵਨ ਨੂੰ ਨਵੀਂ ਦਿਸ਼ਾ ਦੇ ਸਕਦੇ ਹਨ। ਮੈਂ ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ, ਸਮਝਿਆ, ਜਾਣਿਆ ਹੈ।

ਜਦ ਇਕ ਸੈਮੀਨਾਰ ਦੌਰਾਨ ਕਾਲਜ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੀ ਲੰਮੀ ਵੀਡੀਓ ਵੇਖੀ, ਤਾਂ ਮੈਂ ਡਾਕਟਰ ਸੇਖੋਂ ਦਾ ਵੱਡਾ ਪ੍ਰਸ਼ੰਸਕ ਬਣ ਗਿਆ।


ਮੈਨੂੰ ਲੱਗਦਾ ਇੰਝ ਪਾਠਕਾਂ ਨਾਲ ਗੱਲ ਸਾਂਝੀ ਕਰਕੇ ਮੈਂ ਉਪਰੋਕਤ ਡਾਕਟਰਾਂ ਦਾ ਕੁਝ ਕੁ ਰਿਣ ਉਤਾਰਨ ਦੇ ਯੋਗ ਹੋ ਸਕਿਆ ਹਾਂ।


# ‘ਬੁੱਢਾ ਦਲ ਦੇ ਮੁਖੀ ਜਥੇਦਾਰ ਸਾਹਿਬਾਨ’ ਪੁਸਤਕ ਇਤਿਹਾਸਕ ਦਸਤਾਵੇਜ਼

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




**128 ਪੰਨਿਆਂ, 250 ਰੁਪਏ ਭੇਟਾ ਵਾਲੀ ਇਹ ਪੁਸਤਕ, ਬੁੱਢਾ ਦਲ ਨੇ ਪ੍ਰਕਾਸ਼ਤ ਕੀਤੀ ਹੈ ਤੇ ਭਾ. ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਤੋਂ ਮਿਲਦੀ ਹੈ।**




ਦਿਲਜੀਤ ਸਿੰਘ ਬੇਦੀ ਸਿੱਖ ਗੁਰਮਤਿ ਨੂੰ ਪ੍ਰਣਾਇਆ ਸਿੱਖ ਵਿਦਵਾਨ ਸੀ। ਉਸ ਦੀਆਂ ਸਿੱਖ ਵਿਰਾਸਤ ਅਤੇ ਸਿੱਖ ਵਿਚਾਰਧਾਰਾ ਨਾਲ ਸੰਬੰਧਤ ਅੱਠ ਮੌਲਿਕ ਅਤੇ ਦੋ ਦਰਜਨ ਤੋਂ ਵੱਧ ਸੰਪਾਦਿਤ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਉਹ ਸਿੱਖ ਧਰਮ ਦਾ ਇਤਿਹਾਸਕ ਵਿਸ਼ਲੇਸਣਕਾਰ ਸੀ। ਚਰਚਾ ਅਧੀਨ ‘ਬੁੱਢਾ ਦਲ ਦੇ ਮੁਖੀ ਜਥੇਦਾਰ ਸਾਹਿਬਾਨ’ ਪੁਸਤਕ ਵਿਚ ਉਸਨੇ ਹੁਣ ਤੱਕ ਦੇ ਚੌਦਾਂ ਜਥੇਦਾਰ ਸਾਹਿਬਾਨ ਦੇ ਜੀਵਨ ਸੰਬੰਧੀ ਲੇਖ ਤੱਥਾਂ ਸਮੇਤ ਪ੍ਰਕਾਸ਼ਤ ਕੀਤੇ ਹਨ। ਇਸ ਪੁਸਤਕ ਦੀ ਸੰਪਾਦਨਾ ਦਿਲਜੀਤ ਸਿੰਘ ਬੇਦੀ ਨੇ ਬੜੀ ਸਿਆਣਪ ਅਤੇ ਵਿਦਵਤਾ ਨਾਲ ਕੀਤੀ ਸੀ, ਕਿਉਂਕਿ ਇਸ ਪੁਸਤਕ ਵਿਚ ਸਿੱਖ ਇਤਿਹਾਸ ਦੇ ਖੋਜੀ ਵਿਦਵਾਨਾਂ ਦੇ ਲੇਖ ਸ਼ਾਮਲ ਕੀਤੇ ਗਏ ਹਨ। ਸੰਪਾਦਕ ਦੀ ਮਿਹਨਤ ਨਾਲ ਇਹ ਪੁਸਤਕ ਇਤਿਹਾਸਕ ਦਸਤਾਵੇਜ਼ ਬਣ ਗਈ ਹੈ। ਆਉਣ ਵਾਲੀ ਸਿੱਖ ਪਨੀਰੀ ਲਈ ਇਹ ਪੁਸਤਕ ਮਾਰਗ ਦਰਸ਼ਕ ਤੇ ਪ੍ਰੇਰਨਾ ਸਰੋਤ ਬਣੇਗੀ, ਕਿਉਂਕਿ ਬਹਾਦਰ ਜਥੇਦਾਰ ਸਾਹਿਬਾਨ ਦੇ ਸੰਘਰਸ਼ਮਈ ਜੀਵਨ ਅਤੇ ਸਿੱਖ ਸਿਧਾਂਤਾਂ ’ਤੇ ਪਹਿਰਾ ਦੇਣ ਵਾਲੇ ਹੋਏ ਹਨ। ਨਿਹੰਗ ਸਿੰਘਾਂ ਨੂੰ ਗੁਰੂ ਸਾਹਿਬ ਦੀਆਂ ਲਾਡਲੀਆਂ ਫੌਜਾਂ ਕਿਹਾ ਜਾਂਦਾ ਹੈ, ਕਿਉਂਕਿ ਉਹ ਸਿੱਖ ਪ੍ਰੰਪਰਾਵਾਂ, ਸਿਧਾਂਤਾਂ ਤੋਂ ਇਲਾਵਾ ਜੰਗ ਦੇ ਮੈਦਾਨ ਵਿਚ ਵੀ ਆਪਣੇ ਕਰਤਵ ਵਿਖਾਉਣ ਲਈ ਬਹਾਦਰੀ ਨਾਲ ਮੁਕਾਬਲਾ ਹੀ ਨਹੀਂ ਕਰਦੇ, ਸਗੋਂ ਜਿੱਤਾਂ ਪ੍ਰਾਪਤ ਕਰਦੇ ਰਹੇ ਹਨ। ਇਸ ਪੁਸਤਕ ਵਿਚਲੇ ਚੌਦਾਂ ਜਥੇਦਾਰ ਜੰਗਜੂ, ਬਹਾਦਰ, ਕਮਾਂਡਰ, ਨਿਰਵੈਰ, ਨਿਰਪੱਖ, ਯੋਧੇ, ਯੁੱਧ ਰਣਨੀਤੀਕਾਰ, ਅਧਿਆਤਮਿਕ ਤੇ ਅਗਾਂਹਵਧੂ ਸਿੱਖ ਧਰਮ ਅਤੇ ਦੇਸ ਦੇ ਕੌਮੀ ਹਿੱਤਾਂ ਦੇ ਪਹਿਰੇਦਾਰ ਸਨ। ਇਹ ਵੀ ਮਾਣ ਦੀ ਗੱਲ ਹੈ ਕਿ ਨਿਹੰਗ ਸਿੰਘਾਂ ਦੀ ਜਥੇਬੰਦੀ ਦੇ ਪਹਿਲੇ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਨੇ ਆਪਣੇ ਪਿਤਾ ਦੇ ਨਾਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਛਤਰ ਛਾਇਆ ਵਿਚ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ ਸਨ। ਇਥੇ ਹੀ ਬਸ ਨਹੀਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨਾਲ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਪੰਜ ਸਿੰਘ ਬਾਬਾ ਬਿਨੋਦ ਸਿੰਘ ਜੀ ਦੀ ਅਗਵਾਈ ਵਿਚ ਗੁਰਮਤਿ ਅਨੁਸਾਰ ਅਗਵਾਈ ਕਰਨ ਲਈ ਭੇਜਿਆ ਸੀ। ਬਾਬਾ ਬਿਨੋਦ ਸਿੰਘ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਵੰਸ਼ ਵਿਚੋਂ ਸਨ। ਉਹ ਸੁਰਮਈ ਬਾਣਾ, ਦਸਤਾਰ ‘ਤੇ ਚਕਰ, ਰਹਿਤ ਮਰਿਆਦਾ ਦੇ ਪੱਕੇ ਅਤੇ ਗੁਰੂ ਦੇ ਆਗਿਆਕਾਰੀ ਵਫ਼ਾਦਾਰ ਸਿੰਘ ਸਨ। ਬੰਦਾ ਸਿੰਘ ਬਹਾਦਰ ਨੂੰ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਉਹ ਇਨ੍ਹਾਂ ਪੰਜ ਸਿੰਘਾਂ ਦੀ ਅਗਵਾਈ ਅਨੁਸਾਰ ਕੰਮ ਕਰਨ। ਸੰਪਾਦਕ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਚਪੜਚਿੜੀ ਅਤੇ ਸਰਹੰਦ ਦੀ ਫਤਿਹ ਵਿਚ ਬਾਬਾ ਬਿਨੋਦ ਸਿੰਘ ਦੀ ਰਹਿਨੁਮਾਈ, ਯੋਜਨਾਬੰਦੀ ਅਤੇ ਯੁੱਧ ਦੇ ਨਿਯਮਾਂ ਬਾਰੇ ਵੀ ਜਾਣਕਾਰੀ ਦਿੱਤੀ ਹੈ। ਉਹ ਫੌਜ ਦੇ ਬਿਹਤਰੀਨ ਕਮਾਂਡਰ ਦੇ ਫ਼ਰਜ਼ ਨਿਭਾਉਂਦੇ ਰਹੇ ਸਨ। ਮੁੱਖ ਤੌਰ ’ਤੇ ਬੰਦਾ ਬਹਾਦਰ ਦੇ ਸਲਾਹਕਾਰ ਸਨ। ਸਰਹੰਦ ਫਤਿਹ ਕਰਨ ਤੋਂ ਬਾਅਦ ਜਿਹੜਾ ਸਿੱਕਾ ਚਲਾਇਆ, ਉਸ ਉਤੇ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਦੀ ਪ੍ਰਭੁਸੱਤਾ ਲਿਖਵਾਇਆ। ਗੁਰਦਾਸ ਨੰਗਲ ਪਿੰਡ ਦੀ ਗੜ੍ਹੀ ਵਿਚ ਮੁਗਲ ਫੌਜਾਂ ਦੇ ਘੇਰੇ ਨੂੰ ਤੋੜਕੇ ਨਿਕਲਣ ਦੀ ਬਾਬਾ ਬੰਦਾ ਸਿੰਘ ਨੇ ਬਾਬਾ ਬਿਨੋਦ ਸਿੰਘ ਦੀ ਸਲਾਹ ਨਹੀਂ ਮੰਨੀ, ਜਿਸ ਕਰਕੇ ਦੋਹਾਂ ਵਿਚ ਵਿਚਾਰਾਂ ਦਾ ਵਖਰੇਵਾਂ ਹੋ ਗਿਆ। ਅੰਮ੍ਰਿਤਸਰ ਰਹੇ ਜਿਥੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਮਨਾਇਆ ਅਤੇ ਬੰਦੀਆਂ ਦਾ ਮੁੱਖੀ ਕਰਮ ਸਿੰਘ ਚੜ੍ਹਾਵਾ ਲੈਣ ਦੇ ਝਗੜੇ ਵਿਚ ਮਾਰਿਆ ਗਿਆ। ਇਸ ਤੋਂ ਇਲਾਵਾ ਜਦੋਂ ਮਾਤਾ ਸੁੰਦਰੀ ਦੇ ਹੁਕਮ ਨੂੰ ਬੰਦਾ ਸਿੰਘ ਬਹਾਦਰ ਨੇ ਅਪ੍ਰਵਾਨ ਕਰ ਦਿੱਤਾ, ਤਾਂ ਫਿਰ ਉਹ ਬੰਦਾ ਸਿੰਘ ਬਹਾਦਰ ਤੋਂ ਬਾਗੀ ਹੋ ਗਏ। ਉਨ੍ਹਾਂ ਦੇ ਜਨਮ ਅਤੇ ਮਰਨ ਬਾਰੇ ਪੱਕੀ ਜਾਣਕਾਰੀ ਉਪਲਭਧ ਨਹੀਂ ਹੈ। ਦੂਜੇ ਜਥੇਦਾਰ ਦੀਵਾਨ ਦਰਬਾਰਾ ਸਿੰਘ ਜੀ ਦੇ ਸਮੇਂ ਸਿੱਖ ਬਾਬਾ ਬੰਦਾ ਸਿੰਘ ਦੀ ਮੌਤ ਤੋਂ ਬਾਅਦ ਫੁੱਟ ਦਾ ਸ਼ਿਕਾਰ ਸਨ। ਲਾਹੌਰ ਅਤੇ ਦਿੱਲੀ ਦਰਬਾਰ ਵੱਲੋਂ ਸਿੱਖਾਂ ’ਤੇ ਤਸ਼ੱਦਦ ਕੀਤਾ ਜਾ ਰਿਹਾ ਸੀ। ਸਿੱਖ ਜੰਗਲਾਂ ਵਿਚ ਜਾਣ ਲਈ ਮਜਬੂਰ ਸਨ। ਦੀਵਾਨ ਦਰਬਾਰਾ ਸਿੰਘ ਦਾ ਜਨਮ ਨਾਨੂੰ ਸਿੰਘ ਦਿਲਵਾਨੀ ਦੇ ਘਰ 1644 ਨੂੰ ਹੋਇਆ। ਦਰਬਾਰਾ ਸਿੰਘ ਬਾਰ੍ਹਾਂ ਸਾਲ ਦੀ ਉਮਰ ਵਿਚ ਸ੍ਰੀ ਆਨੰਦਪੁਰ ਸਾਹਿਬ ਵਿਚ ਜਾ ਕੇ ਗੁਰੂ ਗੋਬਿੰਦ ਸਿੰਘ ਦੇ ਲੜ ਲੱਗ ਗਿਆ ਤੇ 16 ਸਾਲ ਦੀ ਉਮਰ ਵਿਚ ਦੀਵਾਨ ਦੀ ਪਦਵੀ ਮਿਲ ਗਈ। ਉਨ੍ਹਾਂ ਦਾ ਪਰਿਵਾਰ ਸ੍ਰੀ ਗੁਰੂ ਹਰਿਗੋਬਿੰਦ ਦੇ ਮੌਕੇ ਪੰਥ ਨਾਲ ਜੁੜ ਗਿਆ ਸੀ। ਦੀਵਾਨ ਦਰਬਾਰਾ ਸਿੰਘ 16 ਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਗੜਵਈ ਰਿਹਾ ਸੀ। ਉਹ 1734 ਵਿਚ 90 ਸਾਲ ਦੀ ਉਮਰ ਭੋਗ ਕੇ ਸਵਰਗ ਸਿਧਾਰ ਗਏ ਸਨ। ਸਿੱਖ ਪੰਥ ਦਾ ਸ਼ੇਰਦਿਲ ਜਰਨੈਲ ਸਿੰਘ ਸਾਹਿਬ ਜਥੇਦਾਰ ਨਵਾਬ ਕਪੂਰ ਸਿੰਘ ਤੀਜੇ ਜਥੇਦਾਰ ਸਨ। ਉਹ ਵਿਰਕ ਗੋਤ ਦੇ ਸਨ। ਉਨ੍ਹਾਂ ਦਾ ਜਨਮ ਪਿੰਡ ਮਾਲੋ ਕੀ ਟਿੱਬੀ ਸ਼ੇਖੂਪੁਰ ਵਿਚ ਚੌਧਰੀ ਦਲੀਪ ਸਿੰਘ ਦੇ ਘਰ 1697 ਨੂੰ ਹੋਇਆ। ਅੱਠ ਸਾਲ ਦੀ ਉਮਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਕੋਲ ਦਮਦਮਾ ਸਾਹਿਬ ਪਿਤਾ ਨਾਲ ਪਹੁੰਚ ਗਿਆ। ਉਥੇ ਅੰਮ੍ਰਿਤ ਪਾਨ ਕੀਤਾ ਤੇ ਬਾਬਾ ਦੀਪ ਸਿੰਘ ਦੀ ਰਹਿਨੁਮਾਈ ਵਿਚ ਰਹਿਣ ਲੱਗ ਪਿਆ। 1715 ਵਿਚ ਫੌਜ ਨਾਲ ਲੜਾਈ ਵਿਚ ਉਸਦਾ ਪਿਤਾ ਸ਼ਹੀਦ ਹੋ ਗਿਆ। ਉਹ ਪ੍ਰਤਾਪੀ, ਸੁੰਦਰ, ਸਡੌਲ ਸਰੀਰ, ਚੌੜੀ ਛਾਤੀ, ਸ਼ਸਤਰ ਵਿਦਿਆ, ਤੇਗ, ਨੇਜ਼ੇ, ਢਾਲ ਦੀ ਵਰਤੋਂ ਕਰਨ ਵਾਲਾ ਅਤੇ ਨਿਹਾਇਤ ਦਾਨੀ ਸੀ। ਸਰਕਾਰੀ ਖ਼ਜ਼ਾਨੇ ਲੁੱਟ ਕੇ ਪੰਜ ਲੱਖ ਹੱਥ ਲੱਗ ਗਿਆ ਅਤੇ ਫਿਰ ਮੁਰਤਜ਼ਾ ਖ਼ਾਨ ਦੇ ਘੋੜਿਆਂ ਦੇ ਕਾਫਲੇ ਨੂੰ ਸੋਧ ਕੇ ਕਬਜ਼ੇ ਵਿਚ ਕਰ ਲਿਆ। 1732 ਵਿਚ ਕਪੂਰ ਸਿੰਘ ਨੇ ਫ਼ੈਜ਼ੁਲਾਪੁਰ ’ਤੇ ਕਬਜ਼ਾ ਕਰ ਲਿਆ। 1733 ਵਿਚ ਮੁਗਲ ਸਰਕਾਰ ਨੇ ਨਵਾਬੀ ਦਾ ਖ਼ਿਤਾਬ ਦੇ ਦਿੱਤਾ। ਦੀਵਾਨ ਦਰਬਾਰਾ ਸਿੰਘ ਦੀ ਮੌਤ ਤੋਂ ਬਾਅਦ ਨਵਾਬ ਕਪੂਰ ਸਿੰਘ ਨੇ ਜਥੇਦਾਰੀ ਦੀ ਜ਼ਿੰਮੇਵਾਰੀ ਸੰਭਾਲ ਲਈ। ਨਵਾਬ ਕਪੂਰ ਸਿੰਘ ਨੇ ਦਰਬਾਰ ਸਾਹਿਬ ਤੋਂ ਮੁਗਲਾਂ ਦਾ ਕਬਜ਼ਾ ਛੁਡਾ ਲਿਆ। 29 ਅਪ੍ਰੈਲ 1748 ਨੂੰ ਸਿੱਖ ਸ਼ਕਤੀ ਨੂੰ ਬਾਰਾਂ ਮਿਸਲਾਂ ਵਿਚ ਜਥੇਬੰਦ ਕਰਨ ਦਾ ਗੁਰਮਤਾ ਪਾ ਦਿੱਤਾ। ਸਾਂਝੇ ਦਲ ਖਾਲਸਾ ਦਾ ਜਥੇਦਾਰ ਨਵਾਬ ਕਪੂਰ ਸਿੰਘ ਨੂੰ ਬਣਾ ਦਿੱਤਾ। 28 ਸਾਲ ਦੀ ਅਣਥੱਕ ਸੇਵਾ ਤੋਂ ਬਾਅਦ 7 ਅਕਤੂਬਰ 1753 ਨੂੰ ਸਵਰਗ ਸਿਧਾਰ ਗਏ। ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਚੌਥੇ ਮੁੱਖੀ ਸਨ, ਉਨ੍ਹਾਂ ਦਾ ਜਨਮ ਪਿਤਾ ਬਦਰ ਸਿੰਘ ਤੇ ਮਾਤਾ ਜੀਵਨ ਕੌਰ ਦੀ ਕੁੱਖੋਂ ਤਿੰਨ ਮਈ 1718 ਈ ਨੂੰ ਜ਼ਿਲ੍ਹਾ ਲਾਹੌਰ ਦੇ ਆਹਲੂ ਪਿੰਡ ਵਿਚ ਹੋਇਆ। ਉਸਦੀ ਛੋਟੀ ਉਮਰ ਹੀ ਸੀ ਕਿ ਪਿਤਾ ਦੀ ਮੌਤ ਹੋ ਗਈ। ਉਸਦੀ ਮਾਤਾ ਨਵਾਬ ਕਪੂਰ ਸਿੰਘ ਕੋਲ ਲੈ ਗਏ ਤੇ ਕਪੂਰ ਸਿੰਘ ਨੇ ਆਪਣੇ ਕੋਲ ਰੱਖਕੇ ਪਾਲਣ-ਪੋਸ਼ਣ ਕੀਤਾ, ਘੋੜ ਸਵਾਰੀ, ਤੇਗ, ਜੌਹਰ, ਨੇਜ਼ੇਬਾਜ਼ੀ ਤੇ ਤੀਰ ਕਮਾਨ ਦੀ ਬਾਰੀਕੀ ਨਾਲ ਸਿੱਖਿਆ ਦਿਵਾਈ। 1738 ਵਿਚ ਹੀ ਜੱਸਾ ਸਿੰਘ ਸਿੱਖ ਸਰਦਾਰਾਂ ਦੀ ਪਹਿਲੀ ਕਤਾਰ ਵਿਚ ਸ਼ਾਮਲ ਹੋ ਗਿਆ। 1761 ਵਿਚ ਅਹਿਮਦ ਸ਼ਾਹ ਅਬਦਾਲੀ ਕੋਲੋਂ 2200 ਜਵਾਨ ਹਿੰਦੂ ਕੁੜੀਆਂ ਨੂੰ ਬਾਇੱਜ਼ਤ ਛੁਡਾਕੇ ਘਰੋ-ਘਰੀ ਪਹੁੰਚਾਇਆ। ਲਾਹੌਰ ਫਤਿਹ ਕਰਨ ਕਰਕੇ ਜੱਸਾ ਸਿੰਘ ਨੂੰ ਸੁਲਤਾਨ-ਉਲ-ਕੌਮ ਦਾ ਖ਼ਿਤਾਬ ਦਿੱਤਾ ਗਿਆ ਤੇ ਬੁੱਢਾ ਦਲ ਦੇ ਚੌਥੇ ਜਥੇਦਾਰ ਤੇ ਅਕਾਲ ਤਖ਼ਤ ਦੇ ਜਥੇਦਾਰ ਬਣਾਇਆ ਗਿਆ। 11 ਮਾਰਚ 1783 ’ਚ ਸਿੱਖ ਸਰਦਾਰਾਂ ਨਾਲ ਲਾਲ ਕਿਲ੍ਹੇ ’ਤੇ ਕੇਸਰੀ ਝੰਡਾ ਝੁਲਾਇਆ। ਉਹ 20 ਅਕਤੂਬਰ, 1783 ਨੂੰ ਸਵਰਗ ਸਿਧਾਰ ਗਏ। ਉਨ੍ਹਾਂ ਤੋਂ ਬਾਅਦ ਬਾਬਾ ਨੈਣਾ ਸਿੰਘ ਪੰਜਵੇਂ ਜਥੇਦਾਰ ਬਣੇ, ਜਿਨ੍ਹਾਂ ਦਾ ਜਨਮ 1736 ਵਿਚ ਹੋਇਆ। ਉਨ੍ਹਾਂ ਦੇ ਜਨਮ ਸਥਾਨ ਬਾਰੇ ਵੀ ਵੱਖਰੀਆਂ ਰਾਵਾਂ ਹਨ। ਨਿਹੰਗ ਸਿੰਘ ਜੋ ਉੱਚਾ ਦੁਮਾਲਾ ਫਰਲਾ ਸਜਾਉਂਦੇ ਹਨ, ਬਾਬਾ ਨੈਣਾ ਸਿੰਘ ਨੇ ਸ਼ੁਰੂ ਕੀਤਾ ਸੀ। ਉਨ੍ਹਾਂ ਦੀ ਅਗਵਾਈ ਵਿਚ ਦੋ ਹਜ਼ਾਰ ਘੋੜ ਸਵਾਰ ਸਿੰਘ, ਹਰਿਮੰਦਰ ਸਾਹਿਬ ਅਤੇ ਹੋਰ ਗੁਰੂ ਧਾਮਾਂ ਦੀ ਰਾਖੀ ਲਈ ਤਿਆਰ-ਬਰ-ਤਿਆਰ ਰਹਿੰਦੇ ਸਨ। ਅਕਾਲੀ ਫੂਲਾ ਸਿੰਘ ਛੇਵੇਂ ਮੁੱਖੀ ਸਨ, ਉਨ੍ਹਾਂ ਦਾ ਜਨਮ ਇੱਕ ਜਨਵਰੀ 1761 ਨੂੰ ਸੰਗਰੂਰ ਜ਼ਿਲ੍ਹੇ ਦੇ ਪਿੰਡ ਸ਼ੀਹਾਂ ਵਿਚ ਹੋਇਆ। ਇੱਕ ਸਾਲ ਬਾਅਦ ਹੀ ਉਸਦੀ ਮਾਤਾ ਜੀ ਸਵਰਗਵਾਸ ਹੋ ਗਏ। ਫਿਰ ਉਸਦੀ ਪਾਲਣ-ਪੋਸ਼ਣ ਨੈਣਾ ਸਿੰਘ ਨੇ ਕੀਤੀ। ਉਸਨੂੰ ਘੋੜ ਸਵਾਰੀ ਤੇ ਨਿਸ਼ਾਨੇਬਾਜ਼ੀ ਵਿਚ ਸਿੱਖਿਆ ਦਿੱਤੀ ਗਈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਉਨ੍ਹਾਂ ਆਪਣੀ ਅਕਾਲ ਰੈਜੀਮੈਂਟ ਬਣਾ ਲਈ, ਜਿਹੜੀ ਹਮੇਸ਼ਾ ਰਣਜੀਤ ਸਿੰਘ ਦੀ ਲੜਾਈ ਵਿਚ ਅੱਗੇ ਹੋ ਕੇ ਮਦਦ ਕਰਦੀ ਸੀ। ਉਹ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੀ ਰਹੇ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਕੋੜਿਆਂ ਦੀ ਸਜ਼ਾ ਵੀ ਲਗਾਈ ਸੀ। ਬਾਬਾ ਹਨੂੰਮਾਨ ਸਿੰਘ ਸੱਤਵੇਂ ਜਥੇਦਾਰ ਬਣੇ। ਉਨ੍ਹਾਂ ਦਾ ਜਨਮ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਨੌਰੰਗਪੁਰ ਵਿਚ 18 ਮੱਗਰ 1813 ਨੂੰ ਪਿਤਾ ਗਰਜਾ ਸਿੰਘ ਬਾਠ ਤੇ ਮਾਤਾ ਹਰਨਾਮ ਕੌਰ ਦੀ ਕੁੱਖੋਂ ਹੋਇਆ। ਮੁਦਕੀ ਦੀ ਜੰਗ ਵਿਚ ਬਰਤਾਨਵੀ ਸੈਨਾ ਨੂੰ ਭਜਾਇਆ। ਮਹਾਰਾਜਾ ਕਰਮ ਸਿੰਘ ਦੀ ਫੌਜ ਨਾਲ ਪਟਿਆਲਾ ਅਤੇ ਘੁੜਾਮ ਲੜਦਿਆਂ ਜ਼ਖ਼ਮੀ ਹੋ ਗਏ ਤੇ ਫਿਰ 1846 ਕੁੰਬੜਾ ਸੋਹਾਣਾ ਵਿਖੇ ਲੜਾਈ ਵਿਚ ਸ਼ਹੀਦ ਹੋ ਗਏ। 1846 ਵਿਚ ਬਾਬਾ ਪ੍ਰਹਿਲਾਦਾ ਸਿੰਘ ਅੱਠਵੇਂ ਜਥੇਦਾਰ ਬਣੇ। ਇਹ ਸਮਾਂ ਵੀ ਸਿੱਖਾਂ ਲਈ ਬਹੁਤ ਹੀ ਮੁਸ਼ਕਲਾਂ ਵਾਲਾ ਸੀ। ਬਾਬਾ ਪ੍ਰਹਿਲਾਦਾ ਸਿੰਘ ਗੋਦਾਵਰੀ ਨਜ਼ਦੀਕ ਹੈਦਰਾਬਾਦ ਰਿਆਸਤ ਵਿਚ ਸ਼ਹੀਦ ਕਰ ਦਿੱਤੇ ਗਏ। ਬਾਬਾ ਗਿਆਨਾ ਸਿੰਘ ਨੌਵੇਂ ਜਥੇਦਾਰ ਬਣੇ। ਬਾਬਾ ਗਿਆਨਾ ਸਿੰਘ ਦਿਉਲ ਜਗਰਾਉਂ ਤਹਿਸੀਲ ਦੇ ਭਰੋਵਾਲ ਪਿੰਡ ਦੇ ਸਨ। ਉਨ੍ਹਾਂ ਬਾਰੇ ਬਹੁਤੀ ਜਾਣਕਾਰੀ ਪੁਸਤਕ ਵਿਚ ਨਹੀਂ ਹੈ। ਦਸਵੇਂ ਜਥੇਦਾਰ ਤੇਜਾ ਸਿੰਘ 96 ਕਰੋੜੀ ਦਾ ਜਨਮ ਪਿੰਡ ਸਿੱਖਾਂਵਾਲੀ ਜ਼ਿਲ੍ਹਾ ਰਾਵਲਪਿੰਡੀ ਵਿਚ ਖ਼ਜ਼ਾਨ ਸਿੰਘ ਵੱਡੇ ਸ਼ਾਹੂਕਾਰ ਦੇ ਘਰ ਮਾਤਾ ਸੁਗੋ ਦੀ ਕੁੱਖੋਂ 1839 ਈਸਵੀ ਨੂੰ ਹੋਇਆ। ਉਨ੍ਹਾਂ ਨੇ 1907 ਬੁੱਢਾ ਦਲ ਦੀ ਜਥੇਦਾਰੀ ਸੰਭਾਲੀ ਤੇ ਬਾਈ ਸਾਲ 1929 ਆਪਣੇ ਆਖਰੀ ਸਮੇਂ ਤੱਕ ਜਥੇਦਾਰ ਰਹੇ। ਗਿਆਰਵੇਂ ਜਥੇਦਾਰ ਬਾਬਾ ਸਾਹਿਬ ਸਿੰਘ ਕਲਾਧਾਰੀ ਦਾ ਜਨਮ 1876 ਵਿਚ ਖੰਨਾ ਨੇੜੇ ਭੜੀ ਪਿੰਡ ਵਿਚ ਹੋਇਆ। ਲਾਹੌਰ ਤੋਂ ਬੀ.ਏ. ਕਰਕੇ ਤਹਿਸੀਲਦਾਰ ਲੱਗ ਗਏ। ਫਿਰ ਅਸਤੀਫ਼ਾ ਦੇ ਕੇ ਨਿਹੰਗ ਸਿੰਘ ਸਜ ਗਏ। ਬਾਰ੍ਹਾਂ ਸਾਲ ਕਠਿਨ ਘਾਲ ਕੀਤੀ, ਜਿਸ ਕਰਕੇ ਕਲਾਧਾਰੀ ਕਿਹਾ ਜਾਂਦਾ ਹੈ। 1942 ਵਿਚ ਸਵਰਗ ਸਿਧਾਰ ਗਏ। ਬਾਬਾ ਚੇਤ ਸਿੰਘ ਬਾਰਵੇਂ ਜਥੇਦਾਰ ਦਾ ਜਨਮ 1903 ਵਿਚ ਤਲਵੰਡੀ ਸਾਬੋਕੀ ਵਿਚ ਰਾਮ ਸਿੰਘ ਦੇ ਘਰ ਮਾਤਾ ਪ੍ਰਧਾਨ ਕੌਰ ਦੀ ਕੁੱਖੋਂ ਹੋਇਆ। 13 ਸਾਲ ਦੀ ਉਮਰ ਵਿਚ ਬੁੱਢਾ ਦਲ ਵਿਚ ਭਰਤੀ ਹੋ ਗਏ। 1942 ਵਿਚ ਜਥੇਦਾਰ ਬਣ ਗਏ ਤੇ 65 ਸਾਲ ਦਾ ਆਦਰਸ਼ ਜੀਵਨ ਬਿਤਾਕੇ ਸਵਰਗ ਸਿਧਾਰ ਗਏ। ਤੇਰਵੇਂ ਮੁਖੀ ਬਾਬਾ ਸੰਤਾ ਸਿੰਘ ਦਾ ਜਨਮ 1928 ਵਿਚ ਪਿਤਾ ਭਗਵਾਨ ਸਿੰਘ ਤੇ ਮਾਤਾ ਪ੍ਰਿਤਪਾਲ ਕੌਰ ਦੀ ਕੁੱਖੋਂ ਹੋਇਆ। ਦਸ ਸਾਲ ਦੀ ਉਮਰ ਵਿਚ ਅੰਮ੍ਰਿਤ ਛੱਕ ਲਿਆ। ਕੋਟਕਪੂਰਾ ਗੁਰੂ ਘਰ ਵਿਚ ਬਾਰਾਂ ਸਾਲ ਸੇਵਾ ਕੀਤੀ। ਚਾਲੀ ਸਾਲ ਦੀ ਉਮਰ ਵਿਚ 1968 ਵਿਚ ਜਥੇਦਾਰ ਬਣੇ। ਚਾਲੀ ਸਾਲ ਹੀ ਬੁੱਢਾ ਦਲ ਦੀ ਅਗਵਾਈ ਕਰਕੇ ਕਈ ਨਵੇਂ ਕੀਰਤੀਮਾਨ ਸਥਾਪਤ ਕੀਤੇ। ਅੱਠ ਮਈ 2008 ਨੂੰ ਗੁਰੂ ਨੂੰ ਪਿਆਰੇ ਹੋ ਗਏ। ਬਾਬਾ ਬਲਬੀਰ ਸਿੰਘ ਅੱਠ ਸਾਲ ਦੀ ਉਮਰ ਵਿਚ ਬੁੱਢਾ ਦਲ ਵਿਚ ਭਰਤੀ ਹੋ ਗਏ। ਉਹ ਬਾਬਾ ਸੰਤਾ ਸਿੰਘ ਦੇ ਗੜਵਈ ਅਤੇ ਹਜ਼ੂਰ ਸੇਵਕ ਲੰਬਾ ਸਮਾਂ ਰਹੇ। ਇੱਕ ਅਕਤੂਬਰ 2007 ਚੌਧਵੇਂ ਜਥੇਦਾਰ ਬਣੇ। ਉਨ੍ਹਾਂ ਦੇ ਸਮੇਂ ਬੁੱਢਾ ਦਲ ਨੇ ਅਨੇਕਾਂ ਬਾਕਮਾਲ ਕੰਮ ਕੀਤੇ, ਵਿਦਿਅਕ ਖੇਤਰ ਵਿਚ ਪਬਲਿਕ ਸਕੂਲ ਸਥਾਪਤ ਕੀਤੇ। ਪ੍ਰਿੰਟਿੰਗ ਦੀ ਪ੍ਰੈੱਸ ਲਗਵਾਈ, ਬਹੁਤ ਸਾਰੀ ਪ੍ਰਚਾਰ ਸਮੱਗਰੀ ਪ੍ਰਕਾਸ਼ਤ ਕਰਵਾਈ, ਜਿਨ੍ਹਾਂ ਵਿਚ ਨਵੀਂਆਂ ਛਾਉਣੀਆਂ ਦੀ ਉਸਾਰੀ, ਕੁਆਰਟਰ, ਸਰਾਵਾਂ, ਸਰਬਲੋਹ ਗ੍ਰੰਥ ਦੀਆਂ ਦੋਵੇਂ ਜਿਲਦਾਂ, ਨਿਹੰਗ ਸਿੰਘ ਸੰਦੇਸ਼ ਰਸਾਲਾ, ਸਾਰੇ ਜਥੇਦਾਰਾਂ ਦੇ ਜੀਵਨ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਬਾਰੇ ਪੁਸਤਕ ਆਦਿ ਵਰਣਨਯੋਗ ਹਨ, ਜਿਸ ਕਰਕੇ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਸੇਵਾ ਰਤਨ ਦੀ ਉਪਾਧੀ ਦਿੱਤੀ ਗਈ। ਤਖ਼ਤ ਹਰਿਮੰਦਰ ਸਾਹਿਬ ਪਟਨਾ ਤੋਂ ਸ਼੍ਰੋਮਣੀ ਪੰਥ ਰਤਨ ਤੋਂ ਇਲਾਵਾ ਸੰਸਾਰ ਦੇ ਇੱਕ ਸੌ ਪ੍ਰਭਾਵਸ਼ਾਲੀ ਵਿਅਕਤੀਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ। ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਬੁੱਢਾ ਦਲ ਦੇ ਇਤਿਹਾਸ ਵਿਚ ਆਪਣੀ ਕਾਰਜ਼ਸ਼ੈਲੀ ਨਾਲ ਇਤਿਹਾਸ ਸਿਰਜ ਦਿੱਤਾ ਹੈ। ਇਹ ਪੁਸਤਕ ਇਤਿਹਾਸਕ ਦਸਤਾਵੇਜ਼ ਬਣ ਗਈ ਹੈ।

# ਯਾਦਾਂ ਦੇ ਮਲਾਹ



ਮੇਰੀ ਮੁਹੱਬਤ ਦੇ, ਗਵਾਹ ਜੋ ਸਨ
ਮੇਰੇ ਲਈ ਵਾਂਗ, ਖੁਦਾ ਉਹ ਸਨ

ਮੈਨੂੰ ਨੀ ਇਲਮ, ਕੀ ਖਤਾ ਹੋਈ ਏ
ਪਰ ਬਦਲੇ ਵਾਂਗ ਹਵਾ, ਉਹ ਸਨ

ਇਕਦਮ ਗੁੱਸੇ 'ਚ ਆਏ, ਤੇ ਵਰ੍ਹ ਪਏ
ਤੇ ਕਰ ਗਏ ਸਭ, ਤਬਾਹ ਉਹ ਸਨ

ਉਸ ਦਿਨ ਵੱਖਰੀ ਸ਼ਖਸੀਅਤ ਦੇਖੀ
ਬਦਲ ਕੇ ਆਏ, ਸੁਭਾਅ ਉਹ ਸਨ

ਸੌਖਾ ਨਹੀਂ ਇੰਝ ਛੱਡਣਾ ਕਿਸੇ ਨੂੰ
'ਸ਼ਿਵ' ਸੀ ਜ਼ਿੰਦਾ, ਵਜਾਹ ਉਹ ਸਨ

ਚੱਲ ਕੋਈ ਨਾ, ਦਿਲਾ ਕਰੜਾ ਰਹੀਂ
ਧੜਕਣ ਤੇ ਭਾਵੇਂ, ਸਾਹ ਉਹ ਸਨ

ਵਕਤ ਨੇ ਭਰਨੇ, ਸੱਜਣਾਂ ਦੇ ਫੱਟ
'ਸ਼ਿਵ' ਦੇ ਖੈਰ-ਖਵਾਹ, ਉਹ ਸਨ

ਮੈਂ ਨੀ ਕਹਿੰਦਾ ਕਿ ਭੁੱਲ ਜਾਵਾਂਗਾ
ਬੇੜੀ ਦੇ ਇਕਲੌਤੇ, ਮਲਾਹ ਉਹ ਸਨ

ਪਲ-ਪਲ ਉਨ੍ਹਾਂ ਦੀ ਯਾਦ ਨੇ ਆਉਣਾ
ਜੇ ਭਟਕਾਂ, ਦਿਖਾਉਂਦੇ ਰਾਹ ਉਹ ਸਨ

'ਸ਼ਿਵ' ਨੇ ਕੀ ਹੋਣਾ ਏ, ਹੋਰ ਕਿਸੇ ਦਾ
ਰੂਹ ਨਾਲ ਕਰ ਗਏ ਵਿਆਹ, ਉਹ ਸਨ

ਮੇਰੀ ਮੁਹੱਬਤ ਦੇ ਗਵਾਹ ਜੋ ਸਨ
ਮੇਰੇ ਲਈ ਵਾਂਗ, ਖੁਦਾ ਉਹ ਸਨ

ਮੈਨੂੰ ਨੀ ਇਲਮ, ਕੀ ਖਤਾ ਹੋਈ
ਪਰ ਬਦਲੇ ਵਾਂਗ, ਹਵਾ ਉਹ ਸਨ



-ਸ਼ਿਵ ਫਰੀਦਕੋਟ

ਪੰਜਾਬ ਮੇਲ USA

# ਮਾਂ ਨੱਚ ਪਈ

ਪੁੱਤ ਦੇ ਵਿਆਹ 'ਤੇ ਮਾਂ ਤੋਂ ਚਾਅ ਨ੍ਹੀਂ ਜਾਂਦਾ ਸਾਂਭਿਆ।
ਮੁੜ-ਮੁੜ ਆਖੇ ਉਡ ਹਵਾ'ਚ ਪਰਾਂਦਿਆ।
ਝੱਲੀ ਰੂਪ ਦੀ ਨਾ ਜਾਂਦੀ ਅੱਜ ਝਾਲ।
ਨੂੰਹ ਦੇ ਨਾਲ ਸੱਸ ਨੱਚ ਪਈ,
ਖੁਸ਼ੀ ਦੋਹਾਂ ਕੋਲੋਂ ਹੁੰਦੀ ਨ੍ਹੀਂ ਸੰਭਾਲ।
ਨੂੰਹ ਦੇ ਨਾਲ .... .... ....।
ਮਾਂ ਦੇ ਨਾਲ ਮਾਂ ਦੀਆਂ ਸਹੇਲੀਆਂ ਵੀ ਨੱਚੀਆਂ।
ਇੱਕ-ਦੂਜੀ ਨਾਲੋਂ ਵੱਧ-ਵੱਧਕੇ ਨੇ ਜੱਚੀਆਂ।
ਪਾਤੀ ਗਿੱਧੇ ਵਿਚ ਮਿਲਕੇ ਧਮਾਲ।
ਨੂੰਹ ਦੇ ਨਾਲ ਸੱਸ ਨੱਚ ਪਈ,
ਖੁਸ਼ੀ ਦੋਹਾਂ ਕੋਲੋਂ ਹੁੰਦੀ ਨ੍ਹੀਂ ਸੰਭਾਲ।
ਨੂੰਹ ਦੇ ਨਾਲ .... .... ....।
ਮੁੰਡੇ ਦਾ ਪਿਓ ਵੀ ਨੋਟ ਕੋਰੇ-ਕੋਰੇ ਵਾਰਦਾ।
ਵਾਰ-ਵਾਰ ਨੋਟਾਂ ਨੂੰ ਉਹ ਹਵਾ 'ਚ ਉਲਾਰਦਾ।
ਨਾਲੇ ਸਾਲੀਆਂ ਦਾ ਰੱਖਦਾ ਖਿਆਲ।
ਨੂੰਹ ਦੇ ਨਾਲ ਸੱਸ ਨੱਚ ਪਈ,
ਖੁਸ਼ੀ ਦੋਹਾਂ ਕੋਲੋਂ ਹੁੰਦੀ ਨ੍ਹੀਂ ਸੰਭਾਲ।
ਨੂੰਹ ਦੇ ਨਾਲ .... .... ....।
ਸੱਸ ਅਤੇ ਨੂੰਹ ਦਾ ਅੱਜ ਹੋਣਾ ਏ ਮੁਕਾਬਲਾ।
ਵੇਖਣੇ ਨੂੰ 'ਨਾਗਰਾ' ਵੀ ਹੋਇਆ ਏ ਉਤਾਵਲਾ।
ਆਜੂ ਗਿੱਧੇ ਵਿਚ ਅੱਜ ਤਾਂ ਭੁਚਾਲ।
ਨੂੰਹ ਦੇ ਨਾਲ ਸੱਸ ਨੱਚ ਪਈ,
ਖੁਸ਼ੀ ਦੋਹਾਂ ਕੋਲੋਂ ਹੁੰਦੀ ਨ੍ਹੀਂ ਸੰਭਾਲ।
ਨੂੰਹ ਦੇ ਨਾਲ ਸੱਸ ਨੱਚ ਪਈ।

-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਪੋਰਟਲੈਂਡ, ਓਰੇਗਨ (ਅਮਰੀਕਾ)
+1-360-448-1989



ਪੰਜਾਬ ਮੇਲ USA

# ਅੜਬ ਬੁੜਾ - ਸਾਡੇ ਟਰੰਪ ਸਾਹਿਬ

ਬੁੜਾ ਅੜਬ ਸੁਭਾ ਦਾ ਏ, ਗੱਲ ਸੁਣੇ ਨਾ ਉਹ ਕੋਈ,
ਫਸਾ ਲਏ ਨੇ ਸਿੰਗ ਉਨ੍ਹੇ, ਕਹੇ ਦੇਖ ਲਾਂਗੇ ਜੋ ਹੋਈ,
ਬਿਗਾਨੀ ਚੁੱਕ ਉੱਤੇ ਟੰਗ ਹੈ ਫਸਾਈ।
ਝੁੱਗਾ ਚੌੜ ਕਰਵਾ ਕੇ ਹੈ ਬਹਿ ਗਿਆ,
ਰਾਹ ਦਿਸਦੇ ਨਹੀਂ ਜਿਹਨੂੰ ਹੁਣ ਕੋਈ।

ਕਰਕੇ ਸ਼ਰੀਕ 'ਤੇ ਭਰੋਸਾ, ਮੀਟਕੇ ਅੱਖਾਂ ਛਾਲ਼ ਮਾਰੀ,
ਬਿਗਾਨਿਆਂ ਨੱਕ ਭੰਨ'ਤਾ, ਕੀਤੀ ਬਹੁਤ ਹੈ ਖੁਆਰੀ,
ਮਸਾਂ ਨੱਠਕੇ ਹੁਣ ਜਾਨ ਹੈ ਬਚਾਈ।
ਝੁੱਗਾ ਚੌੜ ਕਰਵਾ ਕੇ ਹੈ ਬਹਿ ਗਿਆ,
ਰਾਹ ਦਿਸਦੇ ਨਹੀਂ ਜਿਹਨੂੰ ਅੱਜ ਕੋਈ।

ਊਠਾਂ ਵਾਲਿਆਂ ਨਾਲ਼ ਯਾਰੀ, ਹੁਣ ਦਰ ਨੀਵੇਂ ਨਹੀਂ ਹੋਣੇ,
ਪਊ ਸਿਰਾਂ ਨਾਲ਼ ਨਿਭਾਉਣੀ, ਹੁਣ ਲੱਲੇ ਭੱਭੇ ਨਹੀਂ ਹੋਣੇ,
ਮੰਨੇ ਸਲਾਹ ਨਾ ਕਿਸੇ ਦੀ ਕਰੇ ਮਨ ਆਈ।
ਝੁੱਗਾ ਚੌੜ ਕਰਵਾ ਕੇ ਬਹਿ ਗਿਆ,
ਰਾਹ ਦਿਸਦੇ ਨਹੀਂ ਜਿਹਨੂੰ ਅੱਜ ਕੋਈ।

ਮੱਥਾ ਇਰਾਨ ਨਾਲ਼ ਲਾਇਆ, ਉਹਨੂੰ ਸਮਝ ਕੇ 'ਕੱਲਾ
ਚੀਨ ਰੂਸ ਨੇ ਆਣ ਢਾਹਿਆ, ਹੁੰਦੀ ਪਈ ਅੱਲਾ ਅੱਲਾ,
ਚਾਲ ਵੈਨਜ਼ੁਏਲਾ ਵਾਂਗੂੰ ਰਾਸ ਨਾ ਆਈ।
ਝੁੱਗਾ ਚੌੜ ਕਰਵਾ ਕੇ ਬਹਿ ਗਿਆ,
ਰਾਹ ਦਿਸਦੇ ਨਹੀਂ ਜਿਹਨੂੰ ਅੱਜ ਕੋਈ।

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲ USA

# ਦੀਵਾਲੀਆ ਸਲਤਨਤ

ਉੱਖੜ ਗਈਆਂ ਨੇ ਸੜਕਾਂ, ਅੱਜ ਸਾਮਰਾਜ ਦੀਆਂ,
ਬੀਤੇ ਹੋਏ ਸਮਿਆਂ ਨੂੰ, ਰੋ ਰੋ ਪੁਕਾਰਦੀਆਂ।

ਮਹਿਲਾਂ 'ਤੇ ਕਿਲਿਆਂ ਦੀਆਂ, ਨੀਹਾਂ ਨੇ ਖੋਖਲੀਆਂ,
ਮੱਧਮ ਪੈ ਗਈਆਂ ਸ਼ਾਨਾਂ, ਜੋ ਸਨ ਚਮਕਾਰਦੀਆਂ।

ਸਮੇਂ ਸਨ ਉਹ ਵੀ ਜਦੋਂ, ਸੀ ਦੁਨੀਆਂ ਕੰਬਦੀ,
ਧਰਤ ਦੀਆਂ ਕਈ ਕੌਮਾਂ, ਸਲੂਟਾਂ ਸੀ ਮਾਰਦੀਆਂ।

ਚੜ੍ਹਿਆ ਰਹਿੰਦਾ ਸੀ ਸੂਰਜ, ਇਨ੍ਹਾਂ ਦੇ ਰਾਜ ਉੱਤੇ,
ਅੱਜ ਸੂਰਜ ਦੀਆਂ ਕਿਰਨਾਂ, ਘੱਟ ਹੀ ਲਿਸ਼ਕਾਰਦੀਆਂ।

ਉੱਖੜ ਕੇ ਸਲਤਨਤ ਡਿਗ ਰਹੀ, ਆਪਣੇ ਮੂੰਹ ਪਰਨੇ,
ਚੱਲਦੀਆਂ ਨਹੀਂ ਹੁਣ ਚਾਲਾਂ, ਪੁਰਾਣੀ ਪਰਕਾਰ ਦੀਆਂ।

ਸਾਮ, ਦਾਮ ਅਤੇ ਦੰਡ, ਭੇਦ, ਸਭ ਹੋ ਗਏ ਖੁੰਢੇ,
ਬਿੱਲੀਆਂ ਖਚਰੀਆਂ ਅੱਖਾਂ, ਹੁਣ ਨਹੀਂ ਪੁਚਕਾਰਦੀਆਂ।

ਲੁੱਟੀ ਦੁਨੀਆਂ ਦੀ ਮਾਇਆ, ਖਾ ਗਏ ਵਿਹਲੇ ਬਹਿ,
ਕਰਜ਼ਿਆਂ ਦੀ ਖ਼ੂਬ ਕਮਾਈ, ਬੈਂਕਾਂ ਡਕਾਰਦੀਆਂ।

ਨੌਜਵਾਨੀ ਭੁੱਲ ਗਈ ਹੁਣ, ਕਰਨੀਆਂ ਮਿਹਨਤਾਂ,
ਹੱਥ 'ਤੇ ਹੱਥ ਧਰ ਬੈਠੀਆਂ, ਮੱਖੀਆਂ ਮਾਰਦੀਆਂ।

ਬਦਲ ਜਾਣਗੇ ਨਕਸ਼ੇ, ਬਰਤਾਨਵੀ ਸਲਤਨਤ ਦੇ,
ਹਾਰਨਗੀਆਂ ਹੁਣ ਫੌਜਾਂ, ਜੋ ਨਹੀਂ ਸਨ ਹਾਰਦੀਆਂ।

-ਰਵਿੰਦਰ ਸਿੰਘ ਕੁੰਦਰਾ,
ਕੌਵੈਂਟਰੀ, ਯੂ.ਕੇ.



ਪੰਜਾਬ ਮੇਲ USA

# ਸ਼ਹੀਦੀ

## ਸ. ਭਗਤ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ

ਸ਼ਹੀਦੀ ਕੋਈ ਸਾਧਾਰਨ ਮੌਤ ਦਾ ਨਾਮ ਨਹੀਂ
ਸ਼ਹੀਦੀ ਪਾਉਣੀ ਕੋਈ ਸੌਖੀ ਗੱਲ ਨਹੀਂ ਹੁੰਦੀ
ਸ਼ਹੀਦੀ ਦੀ ਪਦਵੀ ਬਹੁਤ ਉੱਚੀ ਹੁੰਦੀ ਏ
ਸ਼ਹੀਦੀ ਦਾ ਸੰਬੰਧ ਅਣਖ, ਸੱਚ, ਅਹਿਸਾਸ,
ਜਜ਼ਬਾਤ, ਕੁਰਬਾਨੀ ਦੇ ਜਜ਼ਬੇ, ਨੈਤਿਕਤਾ, ਸੂਰਬੀਰਤਾ,
ਅਤੇ ਜੀਊਂਦੀ ਜਾਗਦੀ ਜ਼ਮੀਰ ਨਾਲ ਹੁੰਦਾ ਏ
ਸ਼ਹੀਦੀ ਕੋਈ ਸਾਧਾਰਨ ਮਨੁੱਖ ਨਹੀਂ ਪਾ ਸਕਦਾ
ਸ਼ਹੀਦ ਹੱਕ, ਸੱਚ ਤੇ ਇਨਸਾਫ ਲਈ, ਜਬਰ, ਜ਼ੁਲਮ ਦੇ ਵਿਰੁੱਧ
ਸ਼ਹਾਦਤ ਦਾ ਜਾਮ ਤਾਂ ਪੀ ਸਕਦਾ ਏ
ਪਰ ਉਹ ਅਨਿਆਂ, ਅੱਤਿਆਚਾਰ, ਪੱਖਪਾਤ
ਤੇ ਝੂਠ ਅੱਗੇ ਝੁੱਕ ਨਹੀਂ ਸਕਦਾ
ਸ਼ਹੀਦ ਆਪਣੇ ਆਪ ਨੂੰ ਕੁਰਬਾਨ ਤਾਂ
ਕਰ ਸਕਦਾ ਪਰ ਆਪਣੇ ਆਦਰਸ਼
ਤੇ ਵਿਚਾਰਧਾਰਾ ਤੋਂ ਪਿੱਛੇ ਨਹੀਂ ਹੱਟ ਸਕਦਾ
ਸ਼ਹੀਦ ਮਰਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦਾ ਏ
ਦੁਨੀਆਂ ਵਿਚ ਆਪਣਾ ਨਾਂ
ਰੌਸ਼ਨ ਤੇ ਅਮਰ ਕਰ ਜਾਂਦਾ ਏ
ਸ਼ਹੀਦ ਕੌਮ ਦਾ ਸਰਮਾਇਆ ਹੋਇਆ ਕਰਦਾ ਏ
ਕੌਮਾਂ ਸਦਾ ਜੀਊਂਦੀਆਂ ਉਹ ਰਹਿੰਦੀਆਂ ਨੇ
ਜਿਹੜੀਆਂ ਕੌਮਾਂ ਸ਼ਹੀਦਾਂ ਦਾ ਮਾਣ ਕਰਦੀਆਂ ਨੇ
ਕੌਮਾਂ ਸਦਾ ਜੀਊਂਦੀਆਂ ਸ਼ਹੀਦਾਂ ਦੀਆਂ ਕੁਰਬਾਨੀਆਂ 'ਤੇ
ਕੌਮਾਂ ਬਣਦੀਆਂ ਨਹੀਂ ਪੈਸੇ ਤੇ ਸੋਨੇ ਨਾਲ
ਕੌਮਾਂ ਬਣਦੀਆਂ ਸਦਾ ਮਹਾਨ ਬੰਦਿਆਂ
ਦੇ ਮਹਾਨ ਕੰਮਾਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਨਾਲ
ਉਹ ਕੌਮਾਂ ਪਾ ਲੈਂਦੀਆਂ ਮੰਜ਼ਿਲਾਂ ਨੂੰ
ਜਿਹੜੀਆਂ ਖਹਿ ਜਾਂਦੀਆਂ ਨਾਲ ਮੁਸੀਬਤਾਂ ਦੇ
ਕਾਨੀ ਸਦਾ ਹੀ ਲਿਖਦੀ ਰਹੀ ਖ਼ੂਨੀ ਪੱਤਰੇ
ਸਮਾਂ ਸੂਝਦੀਆਂ ਛੁਰੀਆਂ ਉਲਾਰਦਾ ਰਿਹਾ
ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਵਰਸ ਮੇਲੇ,
ਵਤਨ ਪਰ ਮਰ ਮਿਟਨੇ ਵਾਲੋਂ ਕਾ ਜਿਹੀ ਬਾਕੀ ਨਿਸ਼ਾਂ ਹੋਗਾ।

-ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-777-0955



ਪੰਜਾਬ ਮੇਲ USA

PUNJAB MAIL USA
TV Channel, Newspaper, Radio

24 Hours
7 Days




All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

+1-916-320-9444



FOR SALE & PURCHASE OF ANY KIND OF PROPERTY



RE/MAX
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444